ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 35 | 29 August 2018 to 04 September 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



03
■ ਭਾਈਚਾਰਾ
ਨਕੋਦਰ ਗੋਲੀ ਕਾਂਡ ਦਾ ਮੁੱਦਾ ਵਿਧਾਨ ਸਭਾ 'ਚ ਰੱਖਣ 'ਤੇ ਪ੍ਰਵਾਸੀ ਸਿੱਖਾਂ ਵਲੋਂ 'ਆਪ' ਵਿਧਾਇਕਾਂ ਦਾ ਧੰਨਵਾਦ



11
■ ਵਿਸ਼ੇਸ਼ ਰਿਪੋਰਟ
ਲੇਖਕ ਖਾਲਸਾ ਏਡ ਤੇ ਸਿੱਖ ਸਭਿਆਚਾਰ ਨੂੰ ਸਮਝਣ



23
■ ਸਾਡਾ ਸਮਾਜ
ਸਿੱਖੀ ਪ੍ਰਚਾਰ 'ਚੋਂ ਮਨਫ਼ੀ ਹੋ ਰਿਹਾ ਹੈ ਕਿਰਤ ਦਾ ਸਿਧਾਂਤ

### *ਜਸਟਿਸ ਰਣਜੀਤ ਸਿੰਘ ਰਿਪੋਰਟ 'ਤੇ ਪੰਜਾਬ ਅਸੰਬਲੀ 'ਚ 8 ਘੰਟੇ ਚੱਲੀ ਬਹਿਸ*

# ਬੇਅਦਬੀ ਕਾਂਡ: ਪੰਜਾਬ ਸਰਕਾਰ ਵਲੋਂ *'ਵਿਸ਼ੇਸ਼ ਜਾਂਚ ਟੀਮ'* ਬਣਾਉਣ ਦਾ ਐਲਾਨ

- **ਅਕਾਲੀ ਬਹਿਸ ਕਰਨ ਤੋਂ ਦੌੜੇ- ਸਰਕਾਰ ਸਿੱਧੀ ਕਾਰਵਾਈ ਤੋਂ ਭੱਜੀ**
- **ਕੋਟਕਪੂਰਾ ਗੋਲੀ ਕਾਂਡ ਵਿਚ ਵੱਡੇ ਬਾਦਲ ਦਾ ਨਾਂ ਬੋਲਿਆ**



**ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵਿਧਾਨ ਸਭਾ ਸੈਸ਼ਨ ਵਿਚ ਸੰਬੋਧਨ ਕਰਦੇ ਹੋਏ।**

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਉਤੇ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਆਖਰੀ ਦਿਨ ਗਹਿਗੱਚ ਬਹਿਸ ਹੋਈ। ਬਹਿਸ ਵਿਚ ਸ਼ਾਮਿਲ ਹਰੇਕ ਪਾਰਟੀ ਦੇ ਬੁਲਾਰੇ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਜ਼ਿੰਮੇਵਾਰ ਪੁਲਿਸ ਅਫਸਰਾਂ ਖਿਲਾਫ ਸਿੱਧੀ ਪੁਲਿਸ ਕਾਰਵਾਈ ਦੀ ਮੰਗ ਕੀਤੀ। ਆਖਰ ਵਿਚ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਦੀ ਮੁਕੰਮਲ ਜਾਂਚ ਵਾਸਤੇ ਕੇਸ ਸੀਬੀਆਈ ਤੋਂ ਵਾਪਸ ਲੈਣ ਦਾ ਇਤਿਹਾਸਕ ਐਲਾਨ ਕਰ ਦਿੱਤਾ। ਇਹ ਐਲਾਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਕਿਹਾ ਕਿ ਸਮੁੱਚੇ ਮਾਮਲੇ ਦੀ ਜਾਂਚ ਵਾਸਤੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਸਮਾਂਬੱਧ ਕਾਰਜ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਕਿਸੇ ਵੀ ਦੋਸ਼ੀ ਨੂੰ ਸੁੱਕਾ ਨਹੀਂ ਜਾਣ ਦਿੱਤਾ ਜਾਵੇਗਾ। ਸਦਨ ਦੇ ਮੈਂਬਰਾਂ ਦੇ ਖਦਸ਼ਿਆਂ ਨੂੰ ਦਰਕਿਨਾਰ ਕਰਦਿਆਂ ਉਨ੍ਹਾਂ ਵਾਰ-ਵਾਰ ਦੁਹਰਾਇਆ ਕਿ ਮਾਮਲਾ ਸਿਰੇ ਲਾ ਕੇ ਛੱਡਿਆ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਸਮੇਤ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਪੁਲੀਸ ਗੋਲੀ ਕਾਂਡ ਦੀ ਤਫ਼ਤੀਸ਼ ਸੂਬਾਈ ਪੁਲੀਸ ਅਧਿਕਾਰੀਆਂ 'ਤੇ ਆਧਾਰਤ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਕਰੇਗੀ।

**ਬਾਕੀ ਸਫ਼ਾ 26 'ਤੇ**

## ਤਾਂ ਕਿ ਸੰਨਦ ਰਹੇ.. .

- *"ਰਾਜਨੀਤਕ ਤੌਰ ਉਤੇ ਇਹ ਸ਼ਾਇਦ ਇਤਿਹਾਸ ਦਾ ਅਜਿਹਾ ਮੋੜ ਹੈ ਜਦੋਂ ਪੰਜਾਬ ਵਿਚੋਂ ਬਾਦਲੀ ਰਾਜਨੀਤੀ ਦਾ ਭੋਗ ਪੈਣ ਦੇ ਆਸਾਰ ਬਣ ਗਏ ਹਨ। ਭਾਵੇਂ ਅਜਿਹਾ ਹੋਣ ਵਿਚ ਕੁਝ ਸਮਾਂ ਲੱਗ ਵੀ ਜਾਵੇ ਪਰ ਬਾਦਲ ਦਲ ਪੰਥ ਦਾ ਲੰਬੜਦਾਰ ਹੋਣ ਦਾ ਦਾਅਵਾ ਬਿਲਕੁਲ ਗਵਾ ਚੁੱਕਿਆ ਹੈ। ਪੰਥ/ਪੰਜਾਬ ਦੀ ਗੱਲ ਕਰਨ ਦਾ ਵਾਹਦ ਹੱਕਦਾਰ ਅਖਵਾਉਣ ਵਾਲਾ ਦਲ 100 ਵਰ੍ਹੇ ਪੂਰੇ ਹੋਣ ਤੋਂ ਪਹਿਲਾਂ ਹੀ ਰਸਾਤਲ ਨੂੰ ਛੂਹ ਚੁੱਕਿਆ ਹੈ। "*
- *"ਆਰਨੋਲਡ ਟਾਇਨਬੀ ਅਤੇ ਟੈਗੋਰ ਦੇ ਹਵਾਲਿਆਂ ਨਾਲ ਸ਼ੁਰੂ ਹੋਇਆ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਭਾਸ਼ਣ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀਆਂ ਦੇ ਪ੍ਰਤੱਖ/ਅਪ੍ਰਤੱਖ ਦੋਸ਼ੀਆਂ ਦੇ ਕੀੜੇ ਪੈ ਕੇ ਲੰਮੀ ਉਮਰ ਤਕ ਤੜਫਦੇ ਰਹਿਣ ਦੀ ਅਰਦਾਸ ਕਰਦਾ ਖਤਮ ਹੋਇਆ। "*
- *"ਪ੍ਰਕਾਸ਼ ਸਿੰਘ ਬਾਦਲ ਫਖਰ-ਏ-ਕੌਮ ਨਹੀਂ, ਗਦਾਰ-ਏ-ਕੌਮ ਹੈ। ਬਾਦਲ ਨੇ ਆਪਣੇ ਪਰਿਵਾਰ ਤੋਂ ਪੰਥ ਨੂੰ ਵਾਰ ਦਿੱਤਾ : ਸੁਖਜਿੰਦਰ ਸਿੰਘ ਰੰਧਾਵਾ"*
- *"ਪੰਜਾਬ ਦੀਆਂ ਬੇਅਦਬੀਆਂ ਨੂੰ ਸੈਕਸ਼ਪੀਅਰ ਦੇ ਦੁਖਾਂਤਕ ਨਾਟਕ ਨਾਲ ਮੇਲ ਕੇ ਪੇਸ਼ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਗਦਾਰੀ ਦੇ ਪ੍ਰਤੀਕ ਬਣ ਗਏ ਬਰੂਟਸ ਨਾਲ ਬਾਦਲ ਦੀ ਤੁਲਨਾ ਕੀਤੀ"*
- *"ਬਲਜੀਤ ਸਿੰਘ ਦਾਦੂਵਾਲ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਵਾਲੇ ਮੁੱਖ ਮੰਤਰੀ-ਦਾਦੂਵਾਲ ਮੀਟਿੰਗ ਦੇ ਨਾਂ 'ਤੇ ਵਿਰੋਧ ਕਰਕੇ ਸਿਰਸੇ ਵਾਲੇ ਰਾਮ ਰਹੀਮ ਦੀ ਮਦਦ ਕਰ ਰਹੇ ਹਨ : ਫੂਲਕਾ"*

## ਈਡਨਬਰਗ ਦੇ ਗੁਰਦੁਆਰਾ ਸਾਹਿਬ ਵਿਚ ਪੈਟਰੋਲ ਬੰਬ ਸੁੱਟਿਆ

**ਈਡਨਬਰਗ/ਬਿਊਰੋ ਨਿਊਜ਼ :** ਈਡਨਬਰਗ ਸਥਿਤ ਗੁਰਦੁਆਰੇ ਉੱਤੇ ਪੈਟਰੋਲ ਬੰਬ ਨਾਲ ਹਮਲਾ ਹੋਣ ਦੀ ਖਬਰ ਮਿਲੀ ਹੈ। ਸੰਗਤ ਨੂੰ ਇਹ ਜਾਣਕਾਰੀ ਸ਼ੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਹਮਲੇ 'ਚ ਗੁਰਦੁਆਰਾ ਸਾਹਿਬ ਦਾ ਮੁੱਖ ਦੁਆਰ ਸੜ ਗਿਆ ਤੇ ਦੀਵਾਨ ਹਾਲ ਤਕ ਅੱਗ ਦੀਆਂ ਲਪਟਾਂ ਫੈਲ ਗਈਆਂ। ਇਸ ਘਟਨਾ ਕਾਰਨ ਸਿੱਖ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਤੜਕੇ ਪੰਜ ਵਜੇ ਦੇ ਕਰੀਬ ਵਾਪਰੀ ਘਟਨਾ ਤੋਂ ਬਾਅਦ ਗੁਰਦੁਆਰਾ ਗੁਰੂ ਨਾਨਕ ਸਾਹਿਬ ਵਿਚ ਹੰਗਾਮੀ ਸਥਿਤੀ ਨਾਲ ਨਜਿੱਠਣ ਵਾਲੀ ਟੀਮ ਅੱਗ ਉੱਤੇ ਕਾਬੂ ਪਾਉਣ ਲਈ ਪੁੱਜ ਗਈ। ਇਸ ਘਟਨਾ ਵਿਚ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਨੂੰ ਅੱਗ ਲੱਗ ਗਈ ਸੀ। ਅੱਗ ਦੀਆਂ ਲਪਟਾਂ ਉੱਤੇ ਕਾਬੂ ਪਾਉਣ ਲਈ ਅੱਗ ਬਝਾਊ ਦਸਤੇ ਦੇ ਵੀਹ ਮੈਂਬਰ ਲੱਗੇ ਰਹੇ। ਫੇਸ ਬੁੱਕ ਪੋਸਟ ਅਨੁਸਾਰ ਮੁੱਖ ਦੁਆਰ ਉੱਤੇ ਪੈਟਰੋਲ ਬੰਬ ਨਾਲ ਹਮਲਾ ਹੋਣ

**ਬਾਕੀ ਸਫ਼ਾ 28 'ਤੇ**

# ਅਕਾਲੀ ਆਗੂ ਮਨਜੀਤ ਸਿੰਘ ਜੀਕੇ 'ਤੇ ਹਮਲੇ ਦਾ ਸੱਚ

### *ਜੀਕੇ ਦੇ ਵਿਵਾਦਤ ਬਿਆਨ ਨੇ ਹੀ ਸਿੱਖਾਂ ਨੂੰ ਉਕਸਾਇਆ : 'ਆ ਬੈਲ ਮੁਝੇ ਮਾਰ' ਵਾਲੀ ਗੱਲ ਕੀਤੀ ਤਾਂ ਕੁੱਟ ਖਾਧੀ*

**ਸੈਨਹੋਜ਼ੇ/ਹੁਸਨ ਲੜੋਆ ਬੰਗਾ :** ਅਮਰੀਕਾ ਵਿਚ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ. ਨਾਲ ਹੋਈ ਕੁੱਟਮਾਰ ਦਾ ਅਸਲ ਕਾਰਨ ਖੁਦ ਜੀਕੇ ਦੀ ਭੜਕਾਊ ਬਿਆਨਬਾਜ਼ੀ ਹੀ ਨਿਕਲ ਕੇ ਸਾਹਮਣੇ ਆ ਰਿਹਾ ਹੈ। ਨਿਊਯਾਰਕ ਵਿਚ ਸਿੱਖ ਬਰਗਾੜੀ ਕਾਂਡ ਦਾ ਰੋਸ ਜ਼ਾਹਿਰ ਕਰ ਰਹੇ ਸਨ ਕਿ ਮਨਜੀਤ ਸਿੰਘ ਜੀਕੇ ਨੇ ਦਬਕੇ ਮਾਰਨੇ ਸ਼ੁਰੂ ਕਰ ਦਿੱਤੇ। ਅਗਲੇ ਦਿਨ ਜੀਕੇ ਵੱਲੋਂ ਜੱਸ ਪੰਜਾਬੀ ਟੀਵੀ ਉਤੇ ਜਾ ਕੇ ਫੇਰ ਭੱਦੀ ਸ਼ਬਦਾਵਲੀ ਵਰਤੀ ਗਈ। ਉਹ ਰੋਸ ਪ੍ਰਗਟ ਕਰਨ ਵਾਲੇ ਸਿੱਖਾਂ ਪ੍ਰਤੀ ਕਈ ਵਾਰ 'ਗੁੰਡੇ' ਸ਼ਬਦ ਬੋਲਿਆ ਅਤੇ ਚੈਲੰਜ ਕੀਤਾ ਕਿ ਮੈਂ ਨਹੀਂ ਕਿਸੇ ਤੋਂ ਡਰਦਾ ਅਤੇ ਕਿਹਾ ਕਿ ਉਹ ਸਾਰੇ ਪ੍ਰੋਗਰਾਮ ਜਾਰੀ ਰੱਖੇਗਾ ਅਤੇ ਜੇ ਕੋਈ ਰੋਕ ਸਕਦਾ ਹੈ ਤਾਂ ਰੋਕ ਲਵੇ। ਉਸ ਤੋਂ ਬਾਅਦ ਜੀਕੇ ਨੇ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਨੀਤੀ ਦੀ ਪ੍ਰੋੜ੍ਹਤਾ ਕਰਦੇ ਹੋਏ ਖਾਲਿਸਤਾਨ ਪੱਖੀਆਂ 'ਤੇ ਤਨਜ਼ ਕੱਸਦੇ ਹੋਏ ਕਿਹਾ ਕਿ "ਤੁਸੀਂ ਬੇਅੰਤ ਸਿੰਘ ਦੇ ਭਜਾਏ ਇੱਥੇ ਆਏ ਹੋ, ਮੈਂ ਨਹੀਂ



ਡਰਦਾ ਡੁਰਦਾ ਕਿਸੇ ਤੋਂ।"
ਯੂਬਾ ਸਿਟੀ ਦੀ ਘਟਨਾ ਵਾਲੇ ਦਿਨ ਵੀ ਸਿੱਖਸ ਫਾਰ ਜਸਟਿਸ ਵੱਲੋਂ ਬਰਗਾੜੀ ਮਾਮਲੇ ਉਤੇ ਅਕਾਲੀ ਦਲ ਦੀ ਭੂਮਿਕਾ ਨੂੰ ਲੈ ਕੇ ਰੋਸ ਮੁਜ਼ਾਹਰਾ ਕਰਨ ਲਈ ਕੁਝ ਸਿੰਘ ਆਏ ਸਨ ਪਰ ਦੂਜੇ ਪਾਸੇ ਅਕਾਲੀ ਦਲ ਦੇ 20-25 ਬੰਦੇ ਲੜਾਈ ਦੀ ਪੂਰੀ ਤਿਆਰੀ ਨਾਲ ਆਏ ਸਨ। ਇਨ੍ਹਾਂ ਨੇ ਹਮਲਾਵਰਾਂ ਦੀ ਤਰ੍ਹਾਂ ਪਹਿਲਾਂ ਮੁਜ਼ਾਹਰਾਕਾਰੀਆਂ ਨਾਲ ਬਹਿਸ ਸ਼ੁਰੂ ਕੀਤੀ ਅਤੇ ਫਿਰ ਗਾਲਾਂ ਵੀ ਕੱਢੀਆਂ। ਇਹ ਸਭ ਕੁਝ ਜੀਕੇ ਦੀ ਹਾਜ਼ਰੀ ਵਿਚ ਹੋਇਆ ਪਰ ਉਹ ਵੀ ਉਨ੍ਹਾਂ ਸਾਹਮਣੇ ਹੰਕਾਰੀ ਰੂਪ ਚ ਟਹਿਲਦਾ ਫਿਰਦਾ ਰਿਹਾ, ਜਿਵੇਂ ਕਹਿ ਰਿਹਾ ਹੋਵੇ ਕਿ ਜੇ ਰੋਕ ਸਕਦੇ ਹੋ ਤਾਂ ਰੋਕ ਲਵੋ। ਨਿਰਸੰਦੇਹ ਸਾਰੀ ਸਥਿਤੀ ਨੂੰ ਉਕਸਾਉਣ ਵਿਚ ਉਸ ਦਾ ਆਪਣਾ ਅਤੇ ਉਸ ਦੇ ਕੁਝ ਸਾਥੀਆਂ ਪੂਰਾ ਹੱਥ ਹੈ।
ਜੀਕੇ ਨਾਲ ਯੂਬਾ ਸਿਟੀ ਵਿਚ ਹੋਈ ਧੱਕਾਮੁੱਕੀ ਦੀ ਘਟਨਾ ਸਮੇਂ ਹਾਜ਼ਰ ਚਸ਼ਮਦੀਦਾਂ ਨੇ ਦੱਸਿਆ ਕਿ ਜਦੋਂ ਗੱਲ ਹੱਥੋਪਾਈ ਉਤੇ ਪਹੁੰਚੀ ਤਾਂ ਜੀਕੇ ਪਿੱਛੇ ਨੂੰ ਹਟਦਾ ਸ਼ੁਰੂ ਵਿਚ ਆਪ ਹੀ ਡਿੱਗਿਆ, ਜਿਸ ਕਰਕੇ ਹੀ ਉਸ ਦੀ ਪੱਗ ਲੱਥੀ। ਡਿੱਗਣ ਤੋਂ ਬਾਅਦ ਹੀ ਸਿੱਖਸ ਫਾਰ ਜਸਟਿਸ ਵਾਲ਼ਿਆਂ ਨੇ ਇਸ ਦੇ ਘਸੁੰਨ ਅਤੇ ਠੁੱਡੇ ਮਾਰੇ।
ਯਾਦ ਰਹੇ ਕਿ ਸੰਨ 1997 ਤੋਂ ਬਾਅਦ ਅਕਾਲੀ ਦਲ ਨੇ ਆਪਣੇ ਵਿਰੋਧੀਆਂ ਨੂੰ ਜੇਲ੍ਹਾਂ 'ਚ ਸੁੱਟਣ ਦੀ ਜਾਂ ਆਮ ਲੋਕਾਂ ਨੂੰ ਕੁਟਾਪਾ ਚਾੜ੍ਹਨ ਦੀ ਨੀਤੀ ਅਪਣਾਈ ਹੋਈ ਹੈ।

**ਬਾਕੀ ਸਫ਼ਾ 26 'ਤੇ**
















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ ਨਾਲ ਵੇਖੋ ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite Historical Hollywood Movie Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

## ਏਜੀਪੀਸੀ ਵੱਲੋਂ ਅਹੁਦੇਦਾਰਾਂ ਦੀ ਟੈਲੀ ਕਾਨਫਰੰਸ ਰਾਹੀਂ ਹੰਗਾਮੀ ਮੀਟਿੰਗ

**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ:** ਏਜੀਪੀਸੀ ਨੇ ਆਪਣੇ ਅਹੁਦੇਦਾਰਾਂ ਨਾਲ ਹੰਗਾਮੀ ਟੈਲੀ ਕਾਨਫਰੰਸ ਕਰਕੇ ਪਿਛਲੇ ਦਿਨਾਂ ਵਿਚ ਅਮਰੀਕਾ ਵਿਚ ਵਾਪਰੀਆਂ ਕੁਝ ਘਟਨਾਵਾਂ ਬਾਰੇ ਵਿਚਾਰ ਚਰਚਾ ਕੀਤੀ । ਇਸ ਵਿਚਾਰ ਚਰਚਾ ਵਿਚ ਇਨਾਂ ਘਟਨਾਵਾਂ ਦੀ ਪੁਣਛਾਣ ਕਰਦਿਆਂ ਇਨਾਂ ਦੇ ਪਿਛੋਕੜ, ਕਾਰਨਾਂ ਅਤੇ ਪੈਣ ਵਾਲੇ ਦੂਰਗਸ ਸਿੱਟਿਆਂ ਬਾਰੇ ਖੁੱਲ ਕੇ ਗੱਲਬਾਤ ਕੀਤੀ ਗਈ। ਇਕ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਜੋ ਇਕ ਹਫਤੇ ਦੇ ਅੰਦਰ ਅੰਦਰ ਸਾਰੀ ਰਿਪੋਰਟ ਦੇਵੇਗੀ, ਜਿਸ 'ਤੇ ਵਿਚਾਰ ਕਰਕੇ ਉਸ ਦੇ ਸਿੱਟਿਆਂ ਬਾਰੇ ਸਿੱਖ ਸੰਗਤਾਂ ਨੂੰ ਜਾਣੂੰ ਕਰਵਾਇਆ ਜਾਵੇਗਾ।

ਇਸ ਤੋਂ ਇਲਾਵਾ ਸ਼ਿਕਾਗੋ ਵਿਚ ਕੱਟੜ ਹਿੰਦੂ ਰਾਸ਼ਟਰਵਾਦੀ ਜਥੇਬੰਦੀਆਂ ਵੱਲੋਂ ਸਤੰਬਰ ਵਿਚ ਕਰਵਾਈ ਜਾਣ ਵਾਲੀ ਤਿੰਨ ਦਿਨਾ ਕਨਫਰੰਸ ਬਾਰੇ ਵੀਚਾਰ ਚਰਚਾ ਕੀਤੀ ਗਈ। ਇਹ ਫੈਸਲਾ ਲਿਆ ਗਿਆ ਕਿ ਅਮਰੀਕਾ ਦੇ ਸਟੇਟ ਵਿਭਾਗ-ਵਿਦੇਸ਼ ਵਿਭਾਗ ਤੇ ਅਮਰੀਕਨ ਸਿੱਖ ਕਾਂਗਰਸਨਲ ਕਾਕਸ ਕਮੇਟੀ ਦੇ ਮੈਂਬਰਾਂ ਨੂੰ ਵਿਸ਼ੇਸ਼ ਕਰਕੇ ਇਸ ਹਿੰਦੂ ਕਾਨਫਰੰਸ ਬਾਰੇ ਦੱਸਿਆ ਜਾਵੇਗਾ ਤੇ ਇਨਾਂ ਕੱਟੜ ਹਿੰਦੂ ਜਥੇਬੰਦੀਆਂ ਦੇ ਮੋਹਰੀ ਆਗੂਆਂ ਮੋਹਨ ਭਾਗਵਤ ਤੇ ਯੂਪੀ. ਦੇ ਮੁੱਖ ਮੰਤਰੀ ਅਦਿਤਆ ਨਾਥ ਯੋਗੀ ਦੇ ਵੀਜ਼ੇ ਰੱਦ ਕਰਨ ਬਾਰੇ ਬੇਨਤੀ ਕੀਤੀ ਜਾਵੇਗੀ।

# ਸਾਕਾ ਨਕੋਦਰ: ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਦਾ ਮੁੱਦਾ ਵਿਧਾਨ ਸਭਾ 'ਚ ਗੂੰਜਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਤੇ ਹੋਈ ਬਹਿਸ ਦੌਰਾਨ ਪੰਜਾਬ ਵਿਚ 32 ਸਾਲ ਪਹਿਲਾ ਫਰਵਰੀ 1986 ਨੂੰ ਨਕੋਦਰ ਸ਼ਹਿਰ ਵਿਚ ਹੋਏ ਬੇਅਦਬੀ ਅਤੇ ਗੋਲੀਕਾਂਡ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਉਠਿਆ। ਇਹ ਮਾਮਲਾ ਆਮ ਪਾਰਟੀ ਦੇ ਵਿਧਾਇਕਾਂ ਹਰਵਿੰਦਰ ਸਿੰਘ ਫੂਲਕਾ ਅਤੇ ਕੰਵਰਪਾਲ ਸਿੰਘ ਸੰਧੂ ਨੇ ਉਠਾਇਆ।



ਇਨ੍ਹਾਂ ਆਗੂਆਂ ਨੇ ਵਿਧਾਨ ਸਭਾ ਸਪੀਕਰ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਨਕੋਦਰ ਵਿਚ ਗੁਰੂ ਨਾਨਕਪੁਰਾ ਦੇ ਗੁਰਦਵਾਰਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ 'ਚ 2 ਫਰਵਰੀ ਨੂੰ ਕੁਝ ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 5 ਸਰੂਪ ਅਗਨ ਭੇਟ ਕਰ ਦਿੱਤੇ ਸਨ। 4 ਫਰਵਰੀ 1986 ਨੂੰ ਇਨ੍ਹਾਂ ਸਰੂਪਾਂ ਦੀ ਸੰਭਾਲ ਕਰਨ ਲਈ ਜਾ ਰਹੀ ਸੰਗਤ ਉਤੇ ਪੁਲਿਸ ਨੇ ਬਿਨਾ ਕਿਸੇ ਭੜਕਾਹਟ ਦੇ ਗੋਲੀਬਾਰੀ ਕਰ ਦਿੱਤੀ ਸੀ, ਜਿਸ ਵਿਚ 3 ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਝਿਲਮਣ ਸਿੰਘ ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਫੌਜੀ ਮੌਕੇ ਉਤੇ ਸ਼ਹੀਦ ਹੋ ਗਏ ਸਨ। ਇਸ ਸਾਕੇ ਦੇ ਚੌਥੇ ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪਰ ਨੂੰ ਬਾਅਦ ਵਿਚ ਪੁਲਿਸ ਹਿਰਾਸਤ ਵਿਚ ਕਤਲ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਦੋ ਵਾਰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਇਸ ਮਾਮਲੇ ਉਤੇ ਉਸ ਵੇਲੇ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ, ਜੋ ਕਿ ਪੰਜਾਬ ਸਰਕਾਰ ਕੋਲ 29 ਮਾਰਚ 1987 ਤੋਂ ਪਈ ਹੈ, ਨੂੰ ਵਿਧਾਨ ਸਭਾ ਸੈਸ਼ਨ ਵਿਚ ਰੱਖਿਆ ਜਾਵੇ ।

'ਆਪ' ਦੇ ਮਾਨਯੋਗ ਵਿਧਾਇਕਾਂ ਨੇ ਸਦਨ ਨੂੰ ਇਹ ਵੀ ਦੱਸਿਆ ਕਿ ਬਰਨਾਲਾ ਦੀ ਅਕਾਲੀ ਸਰਕਾਰ ਵੇਲੇ ਵਾਪਰੇ ਨਕੋਦਰ ਸਾਕੇ ਲਈ ਤਤਕਾਲੀ ਐੱਸਐੱਸਪੀ ਇਜ਼ਹਾਰ ਆਲਮ ਅਤੇ ਏਡੀਸੀ ਦਰਬਾਰਾ ਸਿੰਘ ਗੁਰੂ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਨ। ਗੌਰਤਲਬ ਹੈ ਕਿ ਦਰਬਾਰਾ ਸਿੰਘ ਗੁਰੂ ਅਕਾਲੀ ਦਲ ਬਾਦਲ ਦੇ ਸੀਨੀਅਰ ਲੀਡਰ ਹਨ। ਵਿਧਾਇਕਾਂ ਨੇ ਪੁਰਜ਼ੋਰ ਮੰਗ ਕੀਤੀ ਕਿ ਸਾਕਾ ਨਕੋਦਰ ਬੇਅਦਬੀ ਅਤੇ ਗੋਲੀ ਕਾਂਡ ਬਾਰੇ ਜਸਟਿਸ (ਸੇਵਾ ਮੁਕਤ) ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ 'ਚ ਰੱਖੀ ਜਾਵੇ ਅਤੇ ਦੋਸ਼ੀਆਂ ਨੂੰ ਸਜਾਵਾਂ ਦੇ ਕੇ ਪੀੜਤ ਪਰਿਵਾਰਾਂ ਨੂੰ ਇਨਸਾਫ ਦਿਤਾ ਜਾਵੇ ।

## ਪ੍ਰਵਾਸੀ ਸਿੱਖਾਂ ਵਲੋਂ 'ਆਪ' ਵਿਧਾਇਕਾਂ ਦਾ ਧੰਨਵਾਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਤੇ ਹੋਈ ਬਹਿਸ ਦੌਰਾਨ ਨਕੋਦਰ ਗੋਲੀਕਾਂਡ ਦਾ ਮੁੱਦਾ ਆਮ ਪਾਰਟੀ ਦੇ ਵਿਧਾਇਕਾਂ ਹਰਵਿੰਦਰ ਸਿੰਘ ਫੂਲਕਾ ਅਤੇ ਪੱਤਰਕਾਰ ਕੰਵਰਪਾਲ ਸਿੰਘ ਸੰਧੂ ਨੇ ਉਠਾਇਆ। ਇਹ ਮੁੱਦਾ ਵਿਧਾਨ ਸਭਾ ਚ ਰੱਖਣ ਤੇ ਪ੍ਰਵਾਸੀ ਸਿੱਖਾਂ ਤੇ ਸਿੱਖ ਸੰਸਥਾਵਾਂ ਨੇ ਸਾਰੇ ਸਹਿਯੋਗੀ ਅਗੂਆਂ ਦਾ ਧੰਨਵਾਦ ਕੀਤਾ। ਵਰਨਣਯੋਗ ਹੈ ਕਿ ਇਨ੍ਹਾਂ ਆਗੂਆਂ ਨੇ ਵਿਧਾਨ ਸਭਾ ਵਿਚ ਇਹ ਮੁੱਦਾ ਉਠਾਉਂਦਿਆਂ ਉਸ ਵੇਲੇ ਦੀ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਵਲੋਂ ਥਾਪੇ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕਰਨ ਦੀ ਮੰਗ ਰੱਖੀ। ਪਰਵਾਸੀ ਸਿੱਖਾਂ ਨੇ ਆਮ ਆਦਮੀ ਪਾਰਟੀ ਦੇ ਉਪਰੋਕਤ ਦੋ ਵਿਧਾਇਕਾਂ ਦੁਆਰਾ ਸਿੱਖਾਂ ਦੇ ਹੱਕ ਵਿਚ ਮਾਰੇ ਗਏ ਹਾਅ ਦੇ ਨਾਅਰੇ ਦੀ ਤਾਰੀਫ਼ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ।

# ਸਿੱਖ ਸੰਸਥਾਵਾਂ ਵੱਲੋਂ ਕਾਂਗਰਸਮੈਨ ਜੈਰੀ ਮੈਕਨਰਨੀ ਨਾਲ ਵਿਸ਼ੇਸ਼ ਮੁਲਾਕਾਤ

- ਸ਼ਿਕਾਗੋ 'ਚ ਹੋਣ ਜਾ ਰਹੀ ਆਰਐਸਐਸ ਕਾਨਫਰੰਸ ਬਾਰੇ ਚਿੰਤਾ ਜ਼ਾਹਰ
- ਸਿੱਖ ਭਾਈਚਾਰੇ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਵੀ ਜਾਣੂ ਕਰਵਾਇਆ



**ਸਟਾਕਟਨ/ਬਲਵਿੰਦਰਪਾਲ ਸਿੰਘ ਖਾਲਸਾ :** ਸਿੱਖ ਕਾਕਸ ਦੇ ਸੀਨੀਅਰ ਮੈਂਬਰਾਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਅਮਰੀਕਾ ਵਿਚ ਵਸਦੇ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਕਾਂਗਰਸਮੈਨ ਜੈਰੀ ਮੈਕਨਰਨੀ ਨੂੰ ਜਾਣੂ ਕਰਵਾਇਆ ਹੈ। ਕਾਂਗਰਸਮੈਨ ਜੈਰੀ ਮੈਕਨਰਨੀ ਨਾਲ ਸਿੱਖ ਆਗੂਆਂ ਨੇ "ਮੀਟ ਐਂਡ ਗ੍ਰੀਟ" ਪ੍ਰੋਗਰਾਮ ਤਹਿਤ ਮੁਲਾਕਾਤ ਕੀਤੀ। ਕੈਲੀਫੋਰਨੀਆ ਰਾਜ ਦੇ ਲੈਥਰੋਪ ਸਿਟੀ ਦੇ ਮੇਅਰ ਸੁੱਖ ਧਾਲੀਵਾਲ ਨੇ ਮੀਟਿੰਗ ਆਪਣੇ ਗ੍ਰਹਿ ਵਿਖੇ ਬੁਲਾਈ ਸੀ।

ਸੁੱਖ ਧਾਲੀਵਾਲ, ਮੁਡੈਸਟੋ ਦੇ ਵਾਈਸ ਮੇਅਰ ਮਨਮੀਤ ਸਿੰਘ ਗਰੇਵਾਲ ਅਤੇ ਹਰਪਰੀਤ ਸਿਘ ਸੰਧੂ ਜੋ ਕਿ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਨ, ਨੇ ਕਾਂਗਰਸਮੈਨ ਜੈਰੀ ਮੈਕਨਰਨੀ ਦਾ ਸਿੱਖ ਮਸਲਿਆਂ ਨੂੰ ਉਚਿਤ ਤੌਰ 'ਤੇ ਸਬੰਧਿਤ ਸਰਕਾਰੀ ਅਦਾਰਿਆਂ ਕੋਲ ਚੁੱਕਣ ਅਤੇ ਉਨ੍ਹਾਂ ਦੇ ਹੱਲ ਕਰਨ ਉਤੇ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਜਦੋਂ-ਜਦੋਂ ਵੀ ਅਮਰੀਕਾ 'ਚ ਰਹਿ ਰਹੇ ਸਿੱਖ ਭਾਈਚਾਰੇ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਤਾਂ ਕਾਂਗਰਸਮੈਨ ਜੈਰੀ ਮੈਕਨਰਨੀ ਖੁੱਲ੍ਹੇ ਮਨ ਨਾਲ ਭਾਈਚਾਰੇ ਦੀ ਮਦਦ ਕਰਦੇ ਰਹੇ ਹਨ। ਗੌਰਤਲਬ ਹੈ 9/11 ਦੇ ਹਮਲੇ ਤੋਂ ਬਾਅਦ ਅਮਰੀਕਾ ਵਿਚ ਵਸਦੇ ਸਿੱਖਾਂ ਉਤੇ ਪਹਿਚਾਣ ਦੀ ਭੁੱਲ ਕਰਕੇ ਕਈ ਨਸਲਵਾਦੀ ਹਮਲੇ ਹੋਏ ਨੇ ਜਿਸ ਵਿਚ ਕੁਝ ਸਿੱਖਾਂ ਨੂੰ ਆਪਣੀ ਜਾਨ ਵੀ ਗੁਆਉਣੀ ਪਈ। ਪਿਛਲੇ ਦਿਨੀਂ ਨਿਊਜਰਸੀ 'ਚ ਹੋਏ ਨਸਲਵਾਦੀ ਹਮਲੇ ਵਿਚ ਇਕ ਸਿੱਖ ਦੀ ਜਾਨ ਚਲੀ ਗਈ ਸੀ। ਸੁੱਖ ਧਾਲੀਵਾਲ ਅਤੇ ਮਨਮੀਤ ਸਿੰਘ ਗਰੇਵਾਲ ਨੇ ਪਿਛਲੇ ਦਿਨਾਂ ਚ ਹੋਏ ਇਨ੍ਹਾਂ ਨਸਲਵਾਦੀ ਹਮਲਿਆਂ ਦੀ ਜਾਣਕਾਰੀ ਕਾਂਗਰਸਮੈਨ ਜੈਰੀ ਮੈਕਨਰਨੀ ਨਾਲ ਸਾਂਝੀ ਕੀਤੀ।

ਬਾਕੀ ਸਫ਼ਾ 28 'ਤੇ




# ਔਰੇਗਨ ਦੀ ਸ਼ੈਰੀਡਨ ਜੇਲ੍ਹ 'ਚੋਂ ਪੰਜ ਸਿੱਖ ਬੰਦੀ ਜ਼ਮਾਨਤ 'ਤੇ ਰਿਹਾਅ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅੱਠ ਸ਼ਰਨਾਰਥੀਆਂ ਨੂੰ ਅਮਰੀਕਾ ਦੇ ਔਰੇਗਨ ਸੂਬੇ ਦੀ ਜੇਲ੍ਹ 'ਚੋਂ ਇਕ ਬੌਂਡ ਦੇ ਆਧਾਰ 'ਤੇ ਰਿਹਾਅ ਕੀਤਾ ਗਿਆ ਹੈ, ਜਿਨ੍ਹਾਂ ਵਿਚ ਪੰਜ ਸਿੱਖ ਨੌਜਵਾਨ ਹਨ। ਇਹ ਸਾਰੇ ਟਰੰਪ ਪ੍ਰਸ਼ਾਸਨ ਦੀ ਸਖ਼ਤ ਆਵਾਸ ਵਿਰੋਧੀ ਨੀਤੀ ਕਾਰਨ ਪਿਛਲੇ ਤਿੰਨ ਮਹੀਨੇ ਤੋਂ ਹਿਰਾਸਤ ਵਿਚ ਸਨ।
ਔਰੇਗਨ ਵਿਚ ਮਈ ਮਹੀਨੇ 52 ਭਾਰਤੀਆਂ ਨੂੰ ਹਿਰਾਸਤ ਕੇਂਦਰ ਵਿੱਚ ਭੇਜ ਦਿੱਤਾ ਗਿਆ ਸੀ ਜਿਨ੍ਹਾਂ 'ਚੋਂ ਕਈ ਸਿੱਖ ਸਨ। ਇਹ ਲੋਕ ਅਮਰੀਕਾ ਵਿਚ ਸ਼ਰਨ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਸ਼ੈਰੀਡਨ ਹਿਰਾਸਤ ਕੇਂਦਰ ਵਿੱਚ ਕੁੱਲ 124 ਗ਼ੈਰਕਾਨੂੰਨੀ ਆਵਾਸੀਆਂ ਨੂੰ ਰੱਖਿਆ ਹੋਇਆ ਸੀ। ਰਿਹਾਅ ਕੀਤੇ ਸ਼ਰਨਾਰਥੀਆਂ ਵਿੱਚੋਂ ਪੰਜ ਭਾਰਤੀ ਨੌਜਵਾਨ ਹਨ। ਇਨ੍ਹਾਂ 'ਚੋਂ ਇਕ 24 ਸਾਲਾ ਕਰਨਦੀਪ ਸਿੰਘ ਨੇ 'ਔਰੇਗਨ ਲਾਈਵ' ਨਾਲ ਗੱਲਬਾਤ ਕਰਦਿਆਂ ਕਿਹਾ " ਸ਼ੁਰੂ ਵਿੱਚ ਤਾਂ ਮੇਰੀ ਆਸ ਹੀ ਮੁੱਕ ਗਈ ਸੀ। ਹੁਣ ਇਹ ਇਕ ਸੁਫ਼ਨੇ ਦੀ ਤਰ੍ਹਾਂ ਹੈ। ਮੈਂ ਬਹੁਤ ਖ਼ੁਸ਼ ਹਾਂ। ਤੁਸੀਂ ਸਾਰਿਆਂ ਨੇ ਸਾਡਾ ਭਰਵਾਂ ਸਾਥ ਦਿੱਤਾ ਜਿਸ ਬਦਲੇ ਤੁਹਾਡਾ ਸ਼ੁਕਰੀਆ।"
ਹਿਰਾਸਤ ਵਿੱਚ ਲਏ ਬਹੁਤੇ ਭਾਰਤੀਆਂ 'ਚੋਂ ਸਿੱਖ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੀ ਸਰਜ਼ਮੀਨ 'ਤੇ ਧਾਰਮਿਕ ਤੇ ਸਿਆਸੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ੈਰੀਡਨ ਜੇਲ੍ਹ ਵਿੱਚ ਵੀ ਉਨ੍ਹਾਂ ਕਈ ਕਿਸਮ ਦੀਆਂ ਰੋਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਨ੍ਹਾਂ ਨੂੰ ਕੁਝ ਮੂਲ ਸਿੱਖ ਰਵਾਇਤਾਂ ਦਾ ਪਾਲਣ ਕਰਨ ਤੋਂ ਰੋਕਿਆ ਜਾਂਦਾ ਸੀ।
ਕਰਨਦੀਪ ਸਿੰਘ ਨੇ ਕਿਹਾ " ਮੈਂ ਜੇਲ੍ਹ ਅਧਿਕਾਰੀਆਂ ਦਾ ਕਸੂਰ ਨਹੀਂ ਗਿਣਦਾ। ਸ਼ਾਇਦ ਉਹ ਸਿੱਖ ਰਹੁ ਰੀਤਾਂ ਬਾਰੇ ਜਾਣਦੇ ਹੀ ਨਹੀਂ। " 22 ਸਾਲਾ ਲਵਪ੍ਰੀਤ ਸਿੰਘ ਨੇ ਆਪਣੇ ਦੁਭਾਸ਼ੀਏ ਰਾਹੀਂ ਦੱਸਿਆ " ਅਸੀਂ ਵਾਕਈ ਬਹੁਤ ਨਿਰਾਸ਼ ਸਾਂ। ਸਾਨੂੰ ਆਪਣੇ ਸੈੱਲਾਂ ਵਿੱਚ ਬਾਹਰ ਆਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ ਤੇ ਅਸੀਂ ਆਪਣੇ ਪਰਿਵਾਰਕ ਜੀਆਂ ਨਾਲ ਗੱਲ ਵੀ ਨਹੀਂ ਕਰ ਸਕਦੇ ਸਾਂ। ਜੇਲ੍ਹ ਅਧਿਕਾਰੀਆਂ ਨੂੰ ਵੀ ਸਾਡੇ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਸੀ ਸਾਡੇ ਪਰਿਵਾਰ ਕਿਵੇਂ ਮਦਦ ਕਰ ਸਕਦੇ ਸਨ ਜਦੋਂ ਉਨ੍ਹਾਂ ਨੂੰ ਸਾਡੇ ਇੱਥੇ ਹੋਣ ਦੀ ਖ਼ਬਰ ਸਾਰ ਹੀ ਨਹੀਂ ਸੀ।"
ਇਨੋਵੇਸ਼ਨ ਲਾਅ ਲੈਬ ਨਾਲ ਜੁੜੇ ਬੇਜਾਰੈਨੋ ਮੁਇਰਹੈੱਡ ਨੇ ਦੱਸਿਆ ਕਿ ਸ਼ੈਰੀਡਨ ਜੇਲ੍ਹ 'ਚੋਂ ਅੱਠ ਸ਼ਰਨਾਰਥੀ ਛੱਡੇ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਸ਼ਰਨਾਰਥੀ ਰਿਹਾਅ ਹੋ ਸਕਦੇ ਹਨ।



ਅਮਰੀਕਾ ਦੀ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਲਵਪ੍ਰੀਤ ਸਿੰਘ, ਲਵਪ੍ਰੀਤ ਸਿੰਘ (2), ਕਰਨਦੀਪ ਸਿੰਘ, ਕੰਵਰਜੀਤ ਸਿੰਘ ਤੇ ਹਰਜੀਤ ਸਿੰਘ ਮੀਡੀਆ ਨਾਲ ਗੱਲਬਾਤ ਕਰਦੇ ਹੋਏ।

## ਮੇਜਰ ਗਾਖਲ ਦਾ ਹੋਵੇਗਾ ਵਿਸ਼ਵ ਕਬੱਡੀ ਕੱਪ 'ਚ 'ਗੋਲਡ ਮੈਡਲ' ਨਾਲ ਸਨਮਾਨ



**ਯੂਨੀਅਨ ਸਿਟੀ/ਬਿਊਰੋ ਨਿਊਜ਼ :** ਸਾਲ 1992-93 ਟਰਾਂਟੋ ਵਰਲਡ ਕਬੱਡੀ ਕੱਪ ਦੇ ਬੈੱਸਟ ਸਟਾਪਰ ਮੇਜਰ ਸਿੰਘ ਗਾਖਲ (ਯੂ.ਕੇ) ਦਾ 16 ਸਤੰਬਰ ਨੂੰ ਯੂਨਾਇਟਡ ਸਪੋਰਟਸ ਕਲੱਬ ਵਲੋਂ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ 'ਚ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਗਾਖਲਾਂ ਦਾ ਭਾਣਜਾ ਤੇ ਕੌਮਾਂਤਰੀ ਕਬੱਡੀ ਖਿਡਾਰੀ ਤੀਰਥ ਗਾਖਲ ਮੇਜਰ ਦੀ ਖੇਡ ਤੋਂ ਵੀ ਵਧੇਰੇ ਪ੍ਰਭਾਵਿਤ ਸੀ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮੇਜਰ ਗਾਖਲ, ਤੀਰਥ ਗਾਖਲ 'ਤੇ ਲੱਖਾ ਗਾਜ਼ੀਪੁਰੀਆ ਵਰਗੇ ਖਿਡਾਰੀ ਗਾਖਲਾਂ ਦਾ ਮਾਣ ਹਨ ਤੇ ਮੇਜਰ ਦਾ ਸਨਮਾਨ ਵੀ ਉਨ੍ਹਾਂ ਦੀ ਮਾਂ ਖੇਡ ਕਬੱਡੀ ਨਾਲ ਪਿਆਰ ਦਾ ਹੀ ਇੱਕ ਪ੍ਰਗਟਾਵਾ ਹੈ।

# ਟਰੰਪ 'ਤੇ ਮਹਾਂਦੋਸ਼ ਦੀ ਤਲਵਾਰ ਲਟਕੀ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਰਾਸ਼ਟਰਪਤੀ ਡੋਨਲਡ ਟਰੰਪ ਨੂੰ ਅਮਰੀਕੀ ਸੰਸਦ ਵਿਚ ਮਹਾਂਦੋਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਉਨ੍ਹਾਂ ਦੀ ਰਾਸ਼ਟਰਪਤੀ ਵਜੋਂ ਚੋਣ ਦੌਰਾਨ ਮੁਹਿੰਮ ਵਿਚ ਸ਼ਾਮਲ ਉਨ੍ਹਾਂ ਦੇ ਸਾਬਕਾ ਵਕੀਲ ਮਾਈਕਲ ਕੋਹੇਨ ਨੂੰ ਧੋਖਾਧੜੀ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ।
ਅਮਰੀਕੀ ਸਦਰ ਡੋਨਲਡ ਟਰੰਪ ਦੇ ਸਾਬਕਾ ਨਿੱਜੀ ਅਟਾਰਨੀ ਮਾਈਕਲ ਕੋਹੇਨ ਨੂੰ ਅੱਠ ਅਪਰਾਧਿਕ ਧਾਰਾਵਾਂ ਤਹਿਤ ਦੋਸ਼ੀ ਪਾਇਆ ਗਿਆ ਹੈ। ਕੋਹੇਨ ਨੇ ਕਬੂਲ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਨੇ ਸਾਲ 2016 ਵਿੱਚ ਚੋਣ ਮੁਹਿੰਮ ਦੌਰਾਨ ਦੋ ਮਹਿਲਾਵਾਂ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਕਿਹਾ ਸੀ ਤਾਂ ਕਿ ਉਹ ਟਰੰਪ ਨਾਲ ਆਪਣੇ ਸਬੰਧਾਂ ਬਾਰੇ ਜਨਤਕ ਤੌਰ 'ਤੇ ਮੂੰਹ ਨਾ ਖੋਲ੍ਹਣ। ਕੋਹੇਨ ਦੇ ਇਸ ਕਬੂਲਨਾਮੇ ਨਾਲ ਅਮਰੀਕਾ ਦੇ ਅਟਾਰਨੀ ਦਫ਼ਤਰ ਵੱਲੋਂ ਵਿੱਢੀ ਮਹੀਨਿਆਂਬੱਧੀ ਜਾਂਚ ਦਾ ਭੋਗ ਪੈ ਗਿਆ ਹੈ। ਕੋਹੇਨ ਨੂੰ ਇਨ੍ਹਾਂ ਦੋਸ਼ਾਂ ਤਹਿਤ 65 ਸਾਲ ਤਕ ਦੀ ਸਜ਼ਾ ਹੋ ਸਕਦੀ ਹੈ, ਜੋ 12 ਦਸੰਬਰ ਨੂੰ ਸੁਣਾਈ ਜਾਵੇਗੀ।ਕੋਹੇਨ ਦੇ ਇਸ ਬਿਆਨ ਨਾਲ ਰਾਸ਼ਟਰਪਤੀ ਟਰੰਪ ਦੀਆਂ ਮੁਸ਼ਕਲਾਂ ਵਧ ਗਈਆਂ ਹਨ ਤੇ ਅਮਰੀਕੀ ਸਦਰ ਸੰਘੀ ਅਪਰਾਧ ਤਹਿਤ ਫਸ ਸਕਦੇ ਹਨ। ਟਰੰਪ ਨੇ ਮਹਿਲਾਵਾਂ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕੀਤਾ ਸੀ।



'ਨਿਊ ਯਾਰਕ ਟਾਈਮਜ਼' ਦੀਆਂ ਰਿਪੋਰਟਾਂ ਮੁਤਾਬਕ ਕੋਹੇਨ ਨੇ ਮੈਨਹਟਨ ਦੀ ਅਮਰੀਕੀ ਜ਼ਿਲ੍ਹਾ ਕੋਰਟ ਵਿਚ ਜੱਜ ਨੂੰ ਕਿਹਾ ਕਿ ਮਹਿਲਾਵਾਂ ਨੂੰ ਅਦਾਇਗੀਆਂ ਸੰਘੀ ਦਫ਼ਤਰ ਲਈ ਉਮੀਦਵਾਰ ਦੀ ਹਦਾਇਤ ਤੇ ਸਹਿਯੋਗ ਨਾਲ ਕੀਤੀਆਂ ਗਈਆਂ ਸਨ। ਹਾਲਾਂਕਿ ਕੇਸ ਦੀ ਸੁਣਵਾਈ ਦੌਰਾਨ ਟਰੰਪ ਨੂੰ ਕਿਤੇ ਵੀ ਨਾਂ ਨਾਲ ਨਹੀਂ ਸੱਦਿਆ ਗਿਆ, ਕੋਰਟ ਦੀਆਂ ਫਾਈਲਾਂ ਵਿਚ ਉਨ੍ਹਾਂ ਦਾ ਹਵਾਲਾ ਇਕ ਨੰਬਰ ਵਜੋਂ ਦਿੱਤਾ ਗਿਆ ਹੈ, ਜੋ ਜਨਵਰੀ 2017 ਵਿਚ ਅਮਰੀਕਾ ਦਾ ਰਾਸ਼ਟਰਪਤੀ ਬਣ ਗਿਆ ਸੀ।
ਟਰੰਪ ਦੀ ਰਾਸ਼ਟਰਪਤੀ ਦੇ ਅਹੁਦੇ ਲਈ 2016 ਦੀ ਚੋਣ ਦੌਰਾਨ ਸੰਚਾਰ ਸਲਾਹਕਾਰ ਰਹੇ ਮਾਈਕਲ ਕੈਪੂਟੋ ਦੇ ਹਵਾਲੇ ਨਾਲ ਸੀਐੱਨ ਐੱਨ ਨੇ ਕਿਹਾ ਹੈ ਕਿ ਇਨ੍ਹਾਂ ਦੋਸ਼ਾਂ ਕਾਰਨਾਂ ਡੈਮੋਕਰੈਟਾਂ ਨੂੰ ਮਹਾਂਦੋਸ਼ ਚਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਵੰਬਰ ਵਿਚ ਮੱਧਕਾਲੀ ਚੋਣਾਂ ਮਹਾਂਦੋਸ਼ ਚਲਾਉਣ ਲਈ ਅਹਿਮ ਸਾਬਿਤ ਹੋ ਸਕਦੀਆਂ ਹਨ।
ਜ਼ਿਕਰਯੋਗ ਹੈ ਕਿ ਕੋਹੇਨ ਅਤੇ ਟਰੰਪ ਦੇ ਸਾਬਕਾ ਚੋਣ ਮੁਹਿੰਮ ਮੈਨੇਜਰ ਪਾਲ ਮਾਨਾਫੋਰਟ ਨੂੰ ਨਿਊਯਾਰਕ ਅਤੇ ਵਰਜੀਨੀਆ ਦੀਆਂ ਅਦਾਲਤਾਂ ਨੇ ਦੋਸ਼ੀ ਠਹਿਰਾ ਦਿੱਤਾ ਹੈ। ਉਧਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਜੇ ਉਸ ਵਿਰੁੱਧ ਮਹਾਂਦੋਸ਼ ਚਲਾਇਆ ਗਿਆ ਤਾਂ ਅਮਰੀਕੀ ਆਰਥਿਕਤਾ ਤਬਾਹ ਹੋ ਜਾਵੇਗੀ। ਹਰ ਕੋਈ ਬੇਹੱਦ ਗਰੀਬ ਹੋ ਜਾਵੇਗਾ। ਇਕ ਟੈਲੀਵਿਜ਼ਨ ਪ੍ਰੋਗਰਾਮ ਵਿਚ ਟਰੰਪ ਨੇ ਕਿਹਾ ਕਿ ਉਸ ਨੂੰ ਸਮਝ ਨਹੀਂ ਆਉਂਦੀ ਕਿ ਤੁਸੀ ਉਸ ਬੰਦੇ ਵਿਰੁੱਧ ਕਿਵੇਂ ਮਹਾਂਦੋਸ਼ ਚਲਾਉਂਗੇ ਜਿਸ ਨੇ ਮਹਾਨ ਕੰਮ ਕੀਤੇ ਹੋਣ। ਕੋਹੇਨ ਨੂੰ ਜਿਨ੍ਹਾਂ ਅਪਰਾਧਿਕ ਧਾਰਾਵਾਂ ਤਹਿਤ ਦੋਸ਼ੀ ਪਾਇਆ ਗਿਆ ਹੈ, ਉਨ੍ਹਾਂ ਵਿੱਚ ਟੈਕਸ ਦੀ ਹੇਰਾਫੇਰੀ, ਬੈਂਕ ਨੂੰ ਝੂਠਾ ਬਿਆਨ ਦੇਣਾ ਤੇ ਚੋਣ ਮੁਹਿੰਮ ਦੌਰਾਨ ਟਰੰਪ ਲਈ ਕੀਤੇ ਕੰਮ ਦੌਰਾਨ ਹੋਈਆਂ ਵਿੱਤੀ ਉਲੰਘਣਾਵਾਂ, ਜਿਸ ਵਿੱਚ ਮਹਿਲਾਵਾਂ ਦਾ ਮੂੰਹ ਬੰਦ ਕਰਨ ਲਈ ਕੀਤੀ ਅਦਾਇਗੀ, ਸ਼ਾਮਲ ਹਨ।

ਬਾਕੀ ਸਫ਼ਾ 28 'ਤੇ




## ਬੇਅਦਬੀਆਂ ਦੇ ਦੋਸ਼ੀਆਂ ਤੇ ਭਾਈਵਾਲਾਂ ਨੂੰ ਗੁਰਦੁਆਰਿਆਂ ਵਿਚ ਨਾ ਵੜਨ ਦਿੱਤਾ ਜਾਵੇ : ਸ਼੍ਰੋ.ਅ.ਦ.(ਅ)

**ਸ਼ਿਕਾਗੋ/ਮੱਖਣ ਸਿੰਘ ਕਲੇਰ :**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਨ ਵਾਲੇ ਦੋਸ਼ੀਆਂ ਅਤੇ ਉਨਾਂ ਦੇ ਭਾਈਵਾਲਾਂ ਨੂੰ ਗੁਰਦੁਆਰਿਆਂ ਵਿੱਚ ਨਾਂ ਵੜਨ ਦਿੱਤਾ ਜਾਵੇ। ਅਸੀਂ ਅਪੀਲ ਕਰਦੇ ਹਾਂ ਕਿ ਜੋ ਲੋਕ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਾਂ ਵਿੱਚ ਸ਼ਾਮਿਲ ਹਨ। ਉਹ ਪ੍ਰਬੰਧਕ ਵੀਰ ਗੁਰੂ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਇਨਾਂ ਲੋਕਾਂ ਨੂੰ ਗੁਰਦੁਆਰਿਆਂ ਵਿੱਚ ਸੱਦ ਕੇ ਮਹਿਮਾਨ ਨਿਵਾਜੀਆਂ ਨਾਂ ਕਰਨ। ਭਾਰਤੀ ਏਜੰਸੀਆਂ ਦੇ ਕੁਰਿੰਦੇ ਪ੍ਰਕਾਸ਼ ਸਿੰਘ ਬਾਦਲ ਦੇ ਦਲਾਲ ਮਨਜੀਤ ਸਿੰਘ ਜੀ ਕੇ ਨੂੰ ਅਮਰੀਕਾ ਦੀ ਫੇਰੀ ਸਮੇਂ ਨਿਊਯਾਰਕ ਵਿੱਚ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਅਮਰੀਕਾ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਤੇ ਹੋਰ ਪੰਥਕ ਜਥੇਬੰਦੀਆਂ ਦੇ ਨੁਮਾਇਦਿਆਂ ਨੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਇੱਕ ਭਰੇ ਇਕੱਠ ਵਿੱਚ ਉਜਾਗਰ ਕਰ ਦਿੱਤਾ ਸੀ। ਮਨਜੀਤ ਸਿੰਘ ਜੀ ਕੇ ਨੇ ਆਪਣੇ ਆਕਿਆਂ ਨੂੰ ਖੁਸ਼ ਕਰਨ ਲਈ ਬਾਦਲ ਦਲੀਆਂ ਤੇ ਕਾਂਗਰਸੀਆਂ ਨੂੰ ਨਾਲ ਲੈ ਕੇ ਗੁਰੂ ਨਾਨਕ ਨਾਮ ਲੇਵਾ ਅਤੇ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸਿੱਖਾਂ ਨੂੰ ਚਿੜਾਉਣ ਦਾ ਕੋਝਾ ਯਤਨ ਕੀਤਾ ਗਿਆ ਫਿਰ ਇਸ ਨੇ ਹਮਲਾਵਰਾਂ ਦੀ ਤਰਾਂ ਯੂਬਾ ਸਿਟੀ ਕੈਲੇਫੋਰਨੀਆਂ ਨੂੰ ਚੜਾਈ ਕਰ ਦਿੱਤੀ, ਨਿਊਯਾਰਕ ਵਿੱਚ ਇਸਦੀ ਬੋਲੀ ਗਈ ਭਾਸ਼ਾ ਦਾ ਯੂਬਾ ਸਿਟੀ ਵਿੱਚ ਸਿੱਖਾਂ ਨੇ ਜਵਾਬ ਦਿੱਤਾ।ਜਿਸ ਨੂੰ ਸਾਰੀ ਦੁਨੀਆਂ ਨੇ ਦੇਖਿਆ। ਕੈਲੇਫੋਰਨੀਆ ਦੇ ਸਿੱਖਾਂ ਨੇ ਉਸ ਮੁਹਾਵਰੇ ਨੂੰ ਸੱਚ ਕਰ ਦਿਖਾਇਆ ਕਿ ਲਾਤੋਂ ਕਿ ਭੂਤ ਬਾਤੋਂ ਸੇ ਨਹੀਂ ਮਾਨਤੇ।ਇਸ ਇਨਸਾਨ ਨੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਟੱਪਦਿਆਂ ਦੂਸਰੇ ਦਿਨ ਸਨਹੋਜੇ ਗੁਰਦੁਆਰਾ ਸਾਹਿਬ ਵੱਲ ਨੂੰ ਚੜਾਈ ਕਰ ਦਿੱਤੀ ।ਭਾਰਤੀ ਏਜੰਸੀਆਂ ਦੇ ਕੁਰਿੰਦਿਆਂ ਦੇ ਲੱਖਾਂ ਯਤਨਾਂ ਦੇ ਬਾਵਜੂਦ ਸਿੱਖਾਂ ਦੇ ਇਕੱਠ ਅੱਗੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ, ਪੰਥਕ ਜਥੇਬੰਦੀਆਂ ਤੇ ਸਮੂਹ ਅਜਾਦੀ ਪਸੰਦ ਸਿੱਖਾਂ ਵਲੋਂ ਉਨ੍ਹਾਂ ਸਭ ਪੰਥ ਦੋਖੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਵਿੱਚ ਸ਼ਾਮਿਲ ਤੇ ਉਸਦੇ ਭਾਈਵਾਲਾਂ ਨੂੰ ਤਾੜਨਾਂ ਕਰਦੇ ਹਾਂ ਕਿ ਜਾਂ ਤਾਂ ਆਪਣੇ ਤੇ ਲੱਗੇ ਦੋਸ਼ਾਂ ਨੂੰ ਸਵੀਕਾਰ ਕਰ ਲਉ ਤੇ ਗੁਰੂ ਪੰਥ ਦੀ ਕਚਹਿਰੀ ਵਿੱਚ ਪੇਸ਼ ਹੋ ਜਾਵੋ ਨਹੀਂ ਤੇ ਬਾਹਰਲੇ ਦੇਸ਼ਾਂ ਵਿੱਚ ਆਉਣ ਸਮੇਂ ਮਨਜੀਤ ਸਿੰਘ ਜੀ ਕੇ ਦੇ ਹਸ਼ਰ ਨੂੰ ਯਾਦ ਕਰਕੇ ਹੀ ਕਦਮ ਪੁਟਿਓ। ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ, ਅਮਨਦੀਪ ਸਿੰਘ, ਲਖਵੀਰ ਸਿੰਘ ਕੰਗ, ਤਰਸੇਮ ਸਿੰਘ, ਜੋਗਾ ਸਿੰਘ, ਰੇਸ਼ਮ ਸਿੰਘ ਵਰਜੀਨੀਆ, ਪਵਨ ਸਿੰਘ, ਅਮਰਜੀਤ ਸਿੰਘ, ਇੰਦਰਪਾਲ ਸਿੰਘ, ਰਵਿੰਦਰ ਸਿੰਘ

# ਦਲ ਖਾਲਸਾ ਆਗੂ ਭਾਈ ਸਤਨਾਮ ਸਿੰਘ ਪਾਉਂਟਾ ਤੇ ਭਾਈ ਤਜਿੰਦਰਪਾਲ ਸਿੰਘ ਦੇਸ਼ ਧ੍ਰੋਹ ਦੇ ਕੇਸ ’ਚੋਂ ਬਰੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਲ ਖਾਲਸਾ ਆਗੂ ਭਾਈ ਸਤਨਾਮ ਸਿੰਘ ਪਾਉਂਟਾ ਅਤੇ ਭਾਈ ਤਜਿੰਦਰਪਾਲ ਸਿੰਘ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਦੇਸ਼ਧ੍ਰੋਹ ਦੇ ਮੁੱਕਦਮੇ ਵਿਚੋਂ ਬਰੀ ਕਰ ਦਿੱਤਾ ਹੈ। ਦਿੱਲੀ ਹਵਾਈ ਅੱਡੇ ਤੋਂ ਸ੍ਰੀਨਗਰ ਜਾ ਰਹੇ ਹਵਾਈ ਜਹਾਜ਼ ਨੂੰ 29 ਸਤੰਬਰ 1981 ਨੂੰ ਅਗ਼ਵਾ ਕਰਕੇ ਲਾਹੌਰ ਲੈ ਜਾਣ ਦੇ ਦੋਸ਼ ਵਿਚ ਕੇਸ ਭੁਗਤ ਰਹੇ ਇਨ੍ਹਾਂ ਆਗੂਆਂ ਨੂੰ ਜੱਜ ਅਜੈ ਪਾਂਡੇ ਨੇ ਸੰਵਿਧਾਨ ਦੀ ਧਾਰਾ 20(2) ਅਤੇ ਸੀਆਰਪੀਸੀ 300 ਤਹਿਤ ਦੋਹਰੀ ਸਜ਼ਾ ਨਾ ਦੇਣ ਦਾ ਐਲਾਨ ਕੀਤਾ। ਫ਼ੈਸਲੇ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਦਾਲਤ ‘ਚ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਕਾਲਕਾ ਨੇ ਦੋਵੇਂ ਸਿੰਘਾਂ ਦੇ ਬਰੀ ਹੋਣ ‘ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ 37 ਸਾਲ ਬਾਅਦ ਦੋਵੇਂ ਸਿੰਘਾਂ ਨੂੰ ਕਾਨੂੰਨੀ ਸ਼ਿਕੰਜੇ ਤੋਂ ਆਜ਼ਾਦ ਹੋਣ ਦੀ ਖ਼ੁਸ਼ੀ ਮਿਲੀ ਹੈ।



ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਹਾਂ ਨੂੰ ਪਿਛਲੇ ਇਕ ਸਾਲ ਤੋਂ ਕਾਨੂੰਨੀ ਮਦਦ ਦਿੱਤੀ ਜਾ ਰਹੀ ਸੀ। ਬਰੀ ਹੋਣ ਉਪਰੰਤ ਦੋਵੇਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸ਼ੁਕਰਾਨਾ ਕਰਨ ਪੁੱਜੇ ਜਿਥੇ ਉਨ੍ਹਾਂ ਨੂੰ ਹੈੱਡ ਗ੍ਰੰਥੀ ਨੇ ਸਿਰੋਪੇ ਦਿੱਤੇ। ਮੱਥਾ ਟੇਕਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਸਤਨਾਮ ਸਿੰਘ ਨੇ ਝੱਲੀ ਪੀੜਾ ਦਾ ਇਜ਼ਹਾਰ ਕੀਤਾ।

ਉਨ੍ਹਾਂ ਦੱਸਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਜੇਲ੍ਹ ਤੋਂ ਰਿਹਾਈ ਕਰਾਉਣ ਵਾਸਤੇ ਦਲ ਖ਼ਾਲਸਾ ਦੇ ਪੰਜ ਨੌਜਵਾਨ 29 ਸਤੰਬਰ 1981 ਨੂੰ ਦਿੱਲੀ ਤੋਂ ਸ੍ਰੀਨਗਰ ਜਾ ਰਹੇ ਹਵਾਈ ਜਹਾਜ਼ ਨੂੰ ਅਗ਼ਵਾ ਕਰਕੇ ਪਾਕਿਸਤਾਨ ਸਥਿਤ ਲਾਹੌਰ ਲੈ ਗਏ ਸਨ। ਇਸ ਕਰਕੇ ਪਾਕਿਸਤਾਨ ‘ਚ 1986 ‘ਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਉਨ੍ਹਾਂ ਦੱਸਿਆ ਕਿ ਲਾਹੌਰ ਜੇਲ੍ਹ ਤੋਂ ਸਜ਼ਾ ਪੂਰੀ ਕਰਨ ਮਗਰੋਂ ਉਹ ਸਿਆਸੀ ਸ਼ਰਨ ਲੈਣ ਲਈ ਅਮਰੀਕਾ ਅਤੇ ਭਾਈ ਤਜਿੰਦਰਪਾਲ ਸਿੰਘ ਕੈਨੇਡਾ ਚਲੇ ਗਏ ਸਨ ਪਰ ਦੋਹਾਂ ਨੂੰ ਸਿਆਸੀ ਪਨਾਹ ਨਹੀਂ ਮਿਲੀ। ਸਗੋਂ ਅਮਰੀਕੀ ਪ੍ਰਸ਼ਾਸਨ ਨੇ ਗ਼ੈਰਕਾਨੂੰਨੀ ਆਵਾਜਾਈ ਦੇ ਦੋਸ਼ ਹੇਠ ਭਾਈ ਸਤਨਾਮ ਸਿੰਘ ਨੂੰ ਚਾਰ ਸਾਲ ਤਕ ਜੇਲ੍ਹ ‘ਚ ਰੱਖਿਆ। ਭਾਈ ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਭਾਰਤ ਭੇਜ ਦਿੱਤਾ ਗਿਆ ਜਿਥੇ ਚਾਰ ਦਿਨ ਤਿਹਾੜ ਜੇਲ੍ਹ ‘ਚ ਗੁਜ਼ਾਰਨੇ ਪਏ ਸਨ। ਉਨ੍ਹਾਂ ਕਿਹਾ ਕਿ 37 ਸਾਲ ਬਾਅਦ ਉਹ ਨਿਆਂਪਾਲਿਕਾ ਦਾ ਧੰਨਵਾਦ ਕਰਦੇ ਹਨ ਕਿਉਂਕਿ ਇਹ ਸਮੁੱਚੀ ਕੌਮ ਦਾ ਕੇਸ ਸੀ।

## ਸਿੱਖ ਬੁੱਧੀਜੀਵੀਆਂ ਨੇ ਦਿੱਲੀ ਕਮੇਟੀ ਦੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਛਾਪਣ ਦੇ ਫੈਸਲੇ ’ਤੇ ਉਂਗਲ ਚੁੱਕੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਫੋਰਮ ਚੰਡੀਗੜ੍ਹ ਦੀ ਇਕ ਮੀਟਿੰਗ ਗੁਰਤੇਜ ਸਿੰਘ (ਆਈਏਐਸ), ਪ੍ਰੋਫੈਸਰ ਗੁਰਦਰਸ਼ਨ ਸਿੰਘ ਢਿੱਲੋ, ਜਸਪਾਲ ਸਿੰਘ ਸਿੱਧੂ ਜਰਨਲਿਸਟ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਬੁਲਾਰੇ ਗੁਰਪ੍ਰੀਤ ਸਿੰਘ, ਪ੍ਰੋਫੈਸਰ ਕੁਲਬੀਰ ਸਿੰਘ, ਡਾ. ਗੁਰਮੇਜ ਸਿੰਘ, ਡਾ. ਜਗਦੀਪ ਸਿੰਘ, ਪ੍ਰੋਫੈਸਰ ਭੁਪਿੰਦਰ ਸਿੰਘ, ਪ੍ਰੋਫੈਸਰ ਕੁਲਵਿੰਦਰ ਸਿੰਘ, ਗੁਰਬਚਨ ਸਿੰਘ ਜਲੰਧਰ ਅਤੇ ਲੇਖਕ ਰਾਜਵਿੰਦਰ ਸਿੰਘ ਰਾਹੀ ਦੀ ਸ਼ਮੂਲੀਅਤ ਵਿਚ ਹੋਈ। ਇਸ ਬਾਰੇ ਜਾਣਕਾਰੀ ਦਿੰਦਿਆਂ ਖੁਸ਼ਹਾਲ ਸਿੰਘ ਨੇ ਇਕ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉੱਚ ਮਿਆਰੀ ਪੱਧਰ ‘ਤੇ ਛਾਪਣ ਦੇ ਪ੍ਰੋਜੈਕਟ ਉਤੇ ਸ਼ੱਕ ਦੀ ਉਂਗਲ ਖੜ੍ਹੀ ਕਰਦਿਆਂ ਸਿੱਖ ਬੁੱਧੀਜੀਵੀਆਂ ਨੇ ਕਿਹਾ ਹੈ ਕਿ ਕਮੇਟੀ ਪਹਿਲਾਂ ਇਸ ਗੱਲ ਦਾ ਸਿੱਖਾਂ ਨੂੰ ਵਿਸ਼ਵਾਸ਼ ਦਿਵਾਏ ਕਿ ਗੁਰੂ ਗ੍ਰੰਥ ਸਾਹਿਬ ਦੀ ਮੌਲਿਕਤਾ ਅਤੇ ਸ਼ੁੱਧਤਾ ਉਤੇ ਕੋਈ ਆਂਚ ਨਹੀਂ ਆਵੇਗੀ।

ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਸਿੱਖਾਂ ਅੰਦਰ ਸ਼ੰਕੇ ਖੜ੍ਹੇ ਹੋ ਰਹੇ ਹਨ ਕਿ ਬਾਦਲਾਂ ਦੇ ਸਿੱਧੇ ਪ੍ਰਭਾਵ ਥੱਲੇ ਕੰਮ ਕਰ ਰਹੇ ਅਕਾਲੀ ਲੀਡਰ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਹੁਦੇਦਾਰ ਸਿਆਸੀ ਗਿਣਤੀਆਂ ਮਿਣਤੀਆਂ ਅਤੇ ਹਿੰਦੂ ਰਾਸ਼ਟਰਵਾਦੀਆਂ ਦੇ ਪ੍ਰਭਾਵ ਤੋਂ ਕਿਵੇਂ ਮੁਕਤ ਹੋ ਸਕਦੇ ਹਨ ? ਹੈਰਾਨੀ ਵਾਲੀ ਗੱਲ ਹੈ ਕਿ ਦਿੱਲੀ ਕਮੇਟੀ ਵੱਡੇ ਪੱਧਰ ਉਤੇ ਇਸ਼ਤਿਹਾਰਬਾਜ਼ੀ ਕਰ ਰਹੀ ਹੈ ਕਿ ਉਹ ਮਾਡਰਨ ਛਾਪੇਖਾਨਾ, ਵਧੀਆ ਸਿਆਹੀ, ਕਾਗਜ਼ ਆਦਿ ਖਰੀਦ ਰਹੀ ਹੈ ਪਰ ਉਹ ਗੁਰਬਾਣੀ ਦੀ ਮੌਲਿਕਤਾ, ਪਵਿੱਤਰਤਾ ਕਾਇਮ ਰੱਖਣ ਬਾਰੇ ਚੁੱਪ ਵੱਟੀ ਬੈਠੀ ਹੈ। ਸਿੱਖ ਬੁੱਧੀਜੀਵੀਆਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ

ਬਾਕੀ ਸਫ਼ਾ 28 ’ਤੇ


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਭਾਰਤ ਸਰਕਾਰ ਦੀ ਵੱਟਸਐਪ ਸੰਦੇਸ਼ ਦਾ ਸਰੋਤ ਜਾਣਨ ਦੀ ਮੰਗ ਖ਼ਾਰਜ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਮੋਦੀ ਸਰਕਾਰ ਦਾ ਸੋਸ਼ਲ ਮੀਡੀਆ ਨੂੰ ਕਥਿਤ ਤੌਰ 'ਤੇ ਕਾਬੂ ਕਰਨ ਦਾ ਦਾਅ ਨਹੀਂ ਵੱਜ ਰਿਹਾ ਜਾਪਦਾ। ਵੱਟਸਐਪ ਨੇ ਕਿਸੇ ਵੀ ਸੰਦੇਸ਼ ਦੇ ਮੂਲ ਸਰੋਤ ਦਾ ਪਤਾ ਲਗਾਉਣ ਲਈ ਸਾਫ਼ਟਵੇਅਰ ਤਿਆਰ ਕਰਨ ਸਬੰਧੀ ਭਾਰਤ ਦੀ ਮੰਗ ਨੂੰ ਖ਼ਾਰਜ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਸੰਦੇਸ਼ ਭੇਜਣ ਵਾਲੇ ਦੀ ਨਿੱਜਤਾ 'ਤੇ ਮਾੜਾ ਪ੍ਰਭਾਵ ਪਵੇਗਾ ਅਤੇ ਇਸ ਤਰ੍ਹਾਂ ਕਰਨ ਨਾਲ ਇਸ ਦੀ ਦੁਰਵਰਤੋਂ ਦੀ ਹੋਰ ਸੰਭਾਵਨਾ ਪੈਦਾ ਹੋਵੇਗੀ। ਬੁਲਾਰੇ ਨੇ ਕਿਹਾ, "ਸਾਡਾ ਧਿਆਨ ਭਾਰਤ ਵਿਚ ਦੂਜਿਆਂ ਨਾਲ ਮਿਲ ਕੇ ਕੰਮ ਕਰਨਾ ਅਤੇ ਲੋਕਾਂ ਨੂੰ ਗਲਤ ਸੂਚਨਾਵਾਂ ਬਾਰੇ ਸਿੱਖਿਅਤ ਕਰਨ 'ਤੇ ਹੈ। ਇਸ ਜ਼ਰੀਏ ਅਸੀਂ ਲੋਕਾਂ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਾਂ। ਕੰਪਨੀ ਦਾ ਕਹਿਣਾ ਹੈ ਕਿ ਇਸ ਪਲੇਟਫਾਰਮ ਨੂੰ ਲੋਕ ਹਰ ਤਰ੍ਹਾਂ ਦੇ ਸੰਵੇਦਨਸ਼ੀਲ ਸੰਵਾਦ ਲਈ ਵਰਤਦੇ ਹਨ। ਸਰਕਾਰ ਦਾ ਉਦੇਸ਼ ਵੱਟਸਐਪ ਤੋਂ ਮੂਲ ਸੰਦੇਸ਼ ਦੀ ਜਾਣਕਾਰੀ ਲੈਣਾ ਸੀ ਜਿਸ ਤਹਿਤ ਗਲਤ ਅਫ਼ਵਾਹਾਂ ਫੈਲਾ ਕੇ ਲੋਕਾਂ ਨੂੰ ਭੜਕਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਪਰਾਧ ਕਰਨ ਲਈ ਉਕਸਾਇਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਇਸ ਤਹਿਤ ਫਰਜ਼ੀ ਸੂਚਨਾਵਾਂ ਤੋਂ ਦੇਸ਼ ਵਿੱਚ ਭੀੜ ਵੱਲੋਂ ਕੀਤੀ ਕੁੱਟਮਾਰ ਕਾਰਨ ਹੱਤਿਆਵਾਂ ਦੀਆਂ ਘਟਨਾਵਾਂ ਵਾਪਰੀਆਂ ਹਨ। ਵੱਟਸਐਪ ਦੇ ਮੁਖੀ ਕ੍ਰਿਸ ਡੇਨੀਅਲਜ਼ ਇਸ ਹਫਤੇ ਸੂਚਨਾ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਮਿਲੇ ਸੀ। ਪ੍ਰਸਾਦ ਨੇ ਪ੍ਰੈਸ ਨੂੰ ਕਿਹਾ ਸੀ ਕਿ ਸਰਕਾਰ ਨੇ ਵੱਟਸਐਪ ਨੂੰ ਸਥਾਨਕ ਕਾਰਪੋਰੇਟ ਇਕਾਈ ਬਣਾਉਣ ਅਤੇ ਜਾਅਲੀ ਸੰਦੇਸ਼ ਦੇ ਮੂਲ ਸਰੋਤ ਦਾ ਪਤਾ ਲਗਾਉਣ ਲਈ ਸਾਫ਼ਟਵੇਅਰ ਵਿਕਸਤ ਕਰਨ ਲਈ ਕਿਹਾ ਹੈ।

## ਡਿਪਟੀ ਡਿਸਟ੍ਰਿਕਟ ਅਟਾਰਨੀ ਵਜੋਂ ਹਰਪ੍ਰੀਤ ਸਿੰਘ ਪਹਿਲਾ ਪਗੜੀਧਾਰੀ ਸਿੱਖ ਨਿਯੁਕਤ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਕੈਲੀਫੋਰਨੀਆ ਦੇ ਸਟੇਨਿਸਲਾਸ ਕਾਊਂਟੀ ਵਿਚ ਡਿਪਟੀ ਡਿਸਟ੍ਰਿਕਟ ਅਟਾਰਨੀ ਵਜੋਂ ਨਿਯੁਕਤ ਕੀਤਾ ਗਿਆ ਹਰਪ੍ਰੀਤ ਸਿੰਘ ਕੈਲੀਫੋਰਨੀਆ ਰਾਜ ਵਿਚ ਪਹਿਲਾ ਪਗੜੀਧਾਰੀ ਸਿੱਖ ਹੋਵੇਗਾ। ਉਹ ਸਟੈਨਿਸਲਾਸ ਕਾਉਂਟੀ ਵਿੱਚ ਅਪਰਾਧਿਕ ਮਾਮਲਿਆਂ ਵਿਚ ਕੈਲੀਫੋਰਨੀਆ ਰਾਜ ਦੇ ਲੋਕਾਂ ਦੀ ਨੁਮਾਇੰਦਗੀ ਕਰਨਗੇ। ਉਨਾਂ ਕਿਹਾ ਕਿ "ਮੇਰੀ ਜ਼ਿੰਮੇਦਾਰੀ ਹੁਣ ਹੋਰ ਵੀ ਵਧ ਗਈ ਹੈ। ਇਸ ਤੋਂ ਇਲਾਵਾ ਹਰਪ੍ਰੀਤ ਸਿੰਘ ਮੌਜੂਦਾ ਸਮੇਂ ਵਿੱਚ ਵੱਖ-ਵੱਖ ਜਨਤਕ ਸੇਵਾ ਅਹੁਦਿਆਂ ਤੇ ਸੇਵਾ ਕਰ ਰਹੇ ਹਨ ਜਿਨਾਂ ਵਿਚ ਵਿਸ਼ੇਸ਼ ਕਰਕੇ, ਸਟੈਨਿਸਲਾਸ ਕਾਉਂਟੀ ਦੀ ਆਰਥਕ ਵਿਕਾਸ ਕਮੇਟੀ ਦੇ ਕਮਿਸ਼ਨਰ, ਸੀਰੀਸ ਪੁਲਿਸ ਡਿਪਾਰਟਮੈਂਟ ਦੇ ਸਮੁਦਾਇਕ ਸਲਾਹਕਾਰ, ਸੈਂਟਰਲ ਵੈਲੀ ਦੇ ਹੈਸਪੈਨਕ ਚੈਂਬਰ ਆਫ ਕਾਮਰਸ ਵਿਖੇ ਬੋਰਡ ਮੈਂਬਰ, ਸਲੀਦਾ ਚੈਂਬਰ ਆਫ਼ ਕਾਮਰਸ ਵਿਖੇ ਬੋਰਡ ਮੈਂਬਰ, ਪ੍ਰਧਾਨ, ਵੈਸਟਰਨ ਸਿੰਘ ਫਾਊਂਡੇਸ਼ਨ ਆਦਿ ਪ੍ਰਮੁੱਖ ਹਨ। ਇਸ ਤੋਂ ਇਲਾਵਾ ਉਹ ਕੈਲੀਫੋਰਨੀਆ ਵਿਚ ਸਿੱਖ ਅਮਰੀਕਨ ਜਾਗਰੂਕਤਾ ਪ੍ਰੋਗਰਾਮ ਤਹਿਤ ਸਥਾਨਕ ਲੋਕਾਂ ਨੂੰ ਸਿੱਖ ਭਾਈਚਾਰੇ ਪ੍ਰਤੀ ਨਫਰਤ ਅਪਰਾਧ ਦੇ ਖਿਲਾਫ ਲੜਨ ਦੇ ਸਿਧਾਂਤਾਂ ਬਾਰੇ ਸਿੱਖਿਆ ਦੇਣ ਲਈ ਸਮਾਗਮ ਆਯੋਜਿਤ ਕਰਦੇ ਹਨ। ਉਨਾਂ ਦਾ ਪਰਿਵਾਰ ਪਿੰਡ ਕਾਦੀਆਂ ਦੇ ਨੇੜੇ ਲੀਲ ਕਲਾਂ ਪਿੰਡ, ਜਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਹੈ। ਉਹ ਸੰਨ 2008 ਵਿੱਚ ਅਮਰੀਕਾ ਆ ਗਏ ਤੇ ਸੀਐਸਯੂ ਸਟੈਨਿਸਲਾਸ ਤੋਂ ਆਪਣੀ ਬੈਚੂਲਰ ਸਾਇੰਸ ਡਿਗਰੀ ਪੂਰੀ ਕੀਤੀ ਅਤੇ ਸੰਨ 2017 ਵਿਚ ਜੁਰਿਸ ਡਾਕਟਰ ਦੀ ਡਿਗਰੀ ਪੂਰੀ ਕੀਤੀ। ਉਹ ਸੰਨ 2009 ਤੋਂ ਮਡੈਸਟੋ ਸ਼ਹਿਰ ਚ ਰਹਿ ਰਹੇ ਹਨ। ਸਿੱਖ ਭਾਈਚਾਰਾ ਉਨਾਂ ਦੀ ਇਸ ਨਿਯੁਕਤੀ 'ਤੇ ਮਾਣ ਕਰ ਰਿਹਾ ਹੈ।

## ਲੁਧਿਆਣਾ ਤੇ ਗੁਰਦਾਸਪੁਰ ਗੋਲੀ ਕਾਂਡ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਜਾਰੀ ਕੀਤੇ ਜਾਣ ਦੀ ਮੰਗ

**ਚੰਡੀਗੜ੍ਹ/ਬਿਊਰੋ ਨਿਊਜ਼ :** "ਸਿੱਖ ਕੌਮ ਦੀ ਇਹ ਬਦਕਿਸਮਤੀ ਹੈ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਕੋਲੋਂ ਰਾਜਸੀ ਤਾਕਤ ਹਾਸਿਲ ਕੀਤੀ, ਮੁੜ ਸਿੱਖਾਂ ਨੂੰ ਹੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ।" ਇਹ ਸ਼ਬਦ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸ. ਖੁਸ਼ਹਾਲ ਸਿੰਘ, ਮੁੱਖ ਬੁਲਾਰੇ ਸ. ਗੁਰਪ੍ਰੀਤ ਸਿੰਘ ਅਤੇ ਚਿੰਤਕ ਸ. ਸੁਰਿੰਦਰ ਸਿੰਘ ਕਿਸ਼ਨਪੁਰਾ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਆਖੇ ਗਏ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਬਣੀਆਂ ਸਰਕਾਰਾਂ ਮੌਕੇ ਇਕ ਦਰਜਨ ਅਜਿਹੇ ਗੋਲੀ ਕਾਂਡ ਵਾਪਰੇ ਜਿਨ੍ਹਾਂ 'ਚ ਦਰਜਨਾਂ ਹੀ ਬੇਕਸੂਰ ਸਿੱਖਾਂ ਨੂੰ ਆਪਣੀਆਂ ਕੀਮਤੀ ਜਾਨਾਂ ਗਵਾਉਣੀਆਂ ਪਈਆਂ। ਇਨ੍ਹਾਂ ਗੋਲੀ ਕਾਂਡਾਂ 'ਚ ਅੰਮ੍ਰਿਤਸਰ, ਸੁਨਾਮ, ਲੁਧਿਆਣਾ, ਗੁਰਦਾਸਪੁਰ, ਤਰਨਤਾਰਨ, ਕੋਟਕਪੂਰਾ ਅਤੇ ਬਹਿਬਲ ਕਲਾਂ ਪ੍ਰਮੁੱਖ ਹਨ ਜਿੱਥੇ ਦਰਜਨਾਂ ਸਿੰਘ ਸ਼ਹੀਦ ਹੋਏ। ਸਿੱਖ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਲੁਧਿਆਣਾ ਗੋਲੀ ਕਾਂਡ 'ਚ ਭਾਈ ਦਰਸ਼ਨ ਸਿੰਘ ਅਤੇ ਗੁਰਦਾਸਪੁਰ ਗੋਲੀ ਕਾਂਡ 'ਚ ਸ਼ਹੀਦ ਹੋਏ ਭਾਈ ਜਸਪਾਲ ਸਿੰਘ ਸਬੰਧੀ ਬਣਾਏ ਗਏ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਤੁਰੰਤ ਜਾਰੀ ਕੀਤੀਆਂ ਜਾਣ। ਲੁਧਿਆਣਾ ਤੇ ਗੁਰਦਾਸਪੁਰ ਗੋਲੀ ਕਾਂਡ ਦੇ ਦੋਸ਼ੀਆਂ ਵਿਰੁੱਧ ਧਾਰਾ 302 ਅਧੀਨ ਮੁਕੱਦਮਾ ਦਰਜ ਕੀਤਾ ਜਾਵੇ। ਪੀੜਤ ਪਰਿਵਾਰਾਂ ਨੂੰ ਨਿਯਮਾਂ ਅਨੁਸਾਰ ਮੁਆਵਜ਼ਾ ਅਤੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ 'ਚ ਸ਼ਾਮਿਲ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਸਿੱਖਾਂ ਨੂੰ ਇਨਸਾਫ ਦਿੱਤਾ ਜਾਵੇ।

## ਅੰਮ੍ਰਿਤਸਰ ਤੋਂ ਲੰਡਨ ਲਈ ਸਿੱਧੀਆਂ ਹਵਾਈ ਉਡਾਣਾਂ ਦੀ ਹੋਵੇਗੀ ਸਾਂਝੀ ਪੈਰਵੀ

ਜਲੰਧਰ/ਬਿਊਰੋ ਨਿਊਜ਼ : ਪਵਿੱਤਰ ਸ਼ਹਿਰ ਅੰਮ੍ਰਿਤਸਰ-ਲੰਦਨ ਵਿਚਾਲੇ ਸਿੱਧੀ ਹਵਾਈ ਸੇਵਾ ਸ਼ੁਰੂ ਕਰਾਉਣ ਲਈ ਬਰਤਾਨਵੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੱਲੋਂ ਪ੍ਰਸਤਾਵਿਤ ਤਜ਼ਵੀਜ਼ 'ਤੇ ਸਹਿਮਤੀ ਪ੍ਰਗਟਾਉਂਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਢੇਸੀ ਨੂੰ ਆਉਣ ਵਾਲੇ ਦਿਨਾਂ ਵਿਚ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਇਸ ਮਾਮਲੇ ਨੂੰ ਅੱਗੇ ਵਧਾਉਣ ਦਾ ਭਰੋਸਾ ਦਿੱਤਾ ਹੈ। ਪੰਜਾਬ ਨਾਲ ਯੂਰਪ ਦਾ ਹਵਾਈ ਸੰਪਰਕ ਮੁੜ ਬਹਾਲ ਕਰਾਉਣ ਲਈ ਮਲਿਕ ਨਾਲ ਉਚੇਚੀ ਮੁਲਾਕਾਤ ਤੋਂ ਬਾਅਦ ਢੇਸੀ ਨੇ ਦੱਸਿਆ ਕਿ ਯੂਕੇ. ਦੇ ਹੀਥਰੋ ਹਵਾਈ ਅੱਡੇ ਤੋਂ ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮ ਦਾਸ ਹਵਾਈ ਅੱਡੇ ਵਿਚਕਾਰ ਸਿੱਧੀਆਂ ਉਡਾਣਾਂ ਦੁਬਾਰਾ ਚਾਲੂ ਕਰਾਉਣ ਸਬੰਧੀ ਵਿਸਥਾਰ ਵਿੱਚ ਚਰਚਾ ਹੋਈ। ਉਨ੍ਹਾਂ ਦੱਸਿਆ ਕਿ ਪਵਿੱਤਰ ਸ਼ਹਿਰ ਦੇ ਸਾਬਕਾ ਮੇਅਰ ਰਹੇ ਸ੍ਰੀ ਮਲਿਕ ਇਸ ਸ਼ਹਿਰ ਦੀ ਆਰਥਿਕਤਾ ਅਤੇ ਤੰਦਰੁਸਤੀ ਨੂੰ ਅੱਗੇ ਵਧਾਉਣ ਦੇ ਇਛੁੱਕ ਹਨ ਅਤੇ ਉਨ੍ਹਾਂ ਇਸ ਹਵਾਈ ਅੱਡੇ ਦੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਣਾਉਣ ਲਈ ਉਪਰਾਲੇ ਵੀ ਕੀਤੇ ਹਨ। ਯੂਕੇ. ਦੇ ਸੰਸਦ ਮੈਂਬਰ ਨੇ ਕਿਹਾ ਕਿ ਮਲਿਕ ਵੀ ਇਸ ਤਜ਼ਵੀਜ਼ 'ਤੇ ਸਹਿਮਤ ਹਨ ਕਿ ਇਸ ਵੇਲੇ ਹੀਥਰੋ ਹਵਾਈ ਅੱਡੇ 'ਤੋਂ ਏਅਰ ਇੰਡੀਆ ਦੀਆਂ ਦੋ ਰੋਜ਼ਾਨਾ ਉਡਾਣਾਂ ਹੀਥਰੋ-ਦਿੱਲੀ ਵਿਚਾਲੇ ਚੱਲਦੀਆਂ ਹਨ ਅਤੇ ਉਨਾਂ ਦੋ ਉਡਾਣਾਂ ਵਿੱਚੋਂ ਇੱਕ ਨੂੰ ਹੀਥਰੋ-ਅੰਮ੍ਰਿਤਸਰ-ਦਿੱਲੀ ਦੇ ਰੂਪ ਵਿਚ ਚਲਾਉਣਾ ਸ਼ੁਰੂ ਕੀਤਾ ਜਾ ਸਕਦਾ ਹੈ।



ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਸੰਸਦ ਮੈਂਬਰ ਅਤੇ ਯੂਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਜਲੰਧਰ ਵਿਖੇ ਮੀਟਿੰਗ ਕਰਦੇ ਹੋਏ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਨਵੰਬਰ ਮਹੀਨੇ ਨੂੰ ਸਿੱਖ-ਅਮਰੀਕਨ ਜਾਗਰੂਕਤਾ ਵੱਜੋਂ ਮਨਾਉਣ ਦਾ ਫੈਸਲਾ

## ਕੈਲੀਫੋਰਨੀਆ ਸਟੇਟ ਅਸੈਂਬਲੀ ਵਿਚ ਵੀ ਪੇਸ਼ ਹੋਇਆ ਹੈ ਮਤਾ





**ਸੈਕਰਾਮੈਂਟੋ/ ਹੁਸਨ ਲੜੋਆ ਬੰਗਾ :** ਅਸੈਂਬਲੀ ਰੈਜ਼ੋਲੇਸ਼ਨ (ਏਸੀਆਰ) 267 ਹੁਣ ਕੈਲੀਫੋਰਨੀਆ ਦੇ ਸੈਨੇਟ ਵਿਚ ਛੇਤੀ ਹੀ ਪਾਸ ਹੋਣ ਦੀ ਸੰਭਾਵਨਾ ਹੈ। ਇਸ ਮਤੇ 'ਚ ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਵੱਲੋਂ ਨਵੰਬਰ ਮਹੀਨੇ ਕੈਲੀਫੋਰਨੀਆ ਦੇ ਸਿੱਖ ਅਭਿਆਨ ਅਤੇ ਜਾਗਰੂਕਤਾ ਮਹੀਨਿਆਂ ਦੀ ਘੋਸ਼ਣਾ ਕੀਤੀ ਗਈ ਹੈ। ਏਸੀਆਰ 267 ਦੇ ਅਨੁਸਾਰ, ਇਹ ਮਤਾ, "ਸਿੱਖ ਵਿਰਾਸਤ ਤੇ ਕੈਲੀਫੋਰਨੀਆ ਦੇ ਸਿੱਖਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਵੇਗਾ ਅਤੇ ਸਾਰੇ ਕੈਲੀਫੋਰਨੀਆ ਨੂੰ ਅਮੀਰ ਇਤਿਹਾਸ ਅਤੇ ਸਾਂਝੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਣ, ਪਛਾਣ ਅਤੇ ਪ੍ਰਸੰਸਾ ਕਰਨ ਦਾ ਮੌਕਾ ਦੇਵੇਗਾ"। ਸਿੱਖ- ਅਮਰੀਕਨ ਸਬੰਧਾਂ ਬਾਰੇ ਕੈਲੀਫੋਰਨੀਆ ਵਿਧਾਨ ਸਭਾ ਦੀ ਵੈਬਸਾਈਟ ਅਨੁਸਾਰ, "ਇਹ ਉਪਾਅ ਸਿੱਖ-ਅਮਰੀਕਨਾਂ ਵਿਰੁੱਧ ਨਸਲੀ ਅਪਰਾਧਾਂ ਅਤੇ ਪੱਖਪਾਤ ਦੀਆਂ ਘਟਨਾਵਾਂ ਦੀ ਨਿਖੇਧੀ ਕਰੇਗਾ ਅਤੇ ਸਾਰੇ ਸਿੱਖਾਂ ਨੂੰ ਅਜ਼ਾਦੀ ਅਤੇ ਨਿਡਰਤਾ ਨਾਲ ਗੁਜ਼ਰ-ਬਸਰ ਕਰਨ ਲਈ ਉਤਸ਼ਾਹਿਤ ਕਰੇਗਾ।" ਮਤੇ ਵਿਚ ਦਰਜ ਕੀਤਾ ਗਿਆ ਹੈ ਕਿ ਸੰਨ 1899 ਵਿਚ ਸੈਨਫਰਾਂਸਿਸਕੋ ਵਿਚ ਐਂਜਲ ਟਾਪੂ ਇੰਮੀਗਰੇਸ਼ਨ ਸਟੇਸ਼ਨ ਰਾਹੀਂ ਸਿੱਖਾਂ ਨੇ ਕੈਲੀਫੋਰਨੀਆ ਵਿਚ ਪਹਿਲੀ ਵਾਰ ਕਿਵੇਂ ਦਾਖਲਾ ਕੀਤਾ ਸੀ ਅਤੇ ਉਸ ਸਮੇਂ ਤੋਂ ਕਮਿਊਨਿਟੀ ਦੇ ਇਤਿਹਾਸ ਦੀ ਪਾਲਣਾ ਕੀਤੀ ਗਈ ਹ। ਉਸ ਸਮੇਂ ਇਸ ਕੌਮ ਨੇ ਰੇਲਮਾਰਗ ਬਣਾਉਣ ਵਿਚ ਮਦਦ ਕੀਤੀ ਅਤੇ ਲੱਕੜੀ ਦੀਆਂ ਮਿੱਲਾਂ ਵਿਚ ਕੰਮ ਕੀਤਾ। ਕਾਮਯਾਬ ਕਿਸਾਨ ਅਤੇ ਸਿਆਸਤਦਾਨ ਬਣੇ ਪਰ ਉਨ੍ਹਾਂ ਨੇ ਦੇਸ਼ ਅਤੇ ਕੈਲੀਫੋਰਨੀਆ ਵਿਚ ਨਸਲੀ ਅਪਰਾਧਾਂ ਦਾ ਹਮੇਸ਼ਾ ਸਾਹਮਣਾ ਕੀਤਾ ਹੈ। ਏਸੀਆਰ 267 ਵਿਚ ਜ਼ਿਕਰ ਕੀਤੇ ਕੁਝ ਤੱਥਾਂ ਵਿਚ ਸ਼ਾਮਲ ਹਨ ਕਿ, 14 ਅਕਤੂਬਰ, 1912 ਨੂੰ ਅਮਰੀਕਾ ਵਿਚ ਸਟਾਕਟਨ ਸਿੱਖ ਟੈਂਪਲ ਦੇ ਰੂਪ ਵਿਚ ਪਹਿਲੇ ਸਿੱਖ ਭਵਨ (ਗੁਰਦੁਆਰਾ) ਦੀ ਸਥਾਪਨਾ ਜਵਾਲਾ ਸਿੰਘ ਅਤੇ ਵਿਸਾਖਾ ਸਿੰਘ ਨੇ ਕੀਤੀ ਸੀ। ਅਗਲੇ ਸਾਲ, ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ। ਅਮਰੀਕਾ ਵਿਚ ਹੁਣ 220 ਤੋਂ ਜ਼ਿਆਦਾ ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ 58 ਕੈਲੀਫੋਰਨੀਆ ਵਿਚ ਹਨ, ਜਿਨ੍ਹਾਂ ਵਿਚ ਸੈਨ ਹੋਜ਼ੇ ਦੇ ਗੁਰਦੁਆਰਾ ਸਾਹਿਬ ਅਤੇ ਉੱਤਰੀ ਅਮਰੀਕਾ ਦਾ ਸਭ ਤੋਂ ਵੱਡਾ ਗੁਰਦੁਆਰਾ ਸ਼ਾਮਲ ਹੈ। ਬਰਕਲੇ ਵਿਚ ਸਿੱਖ ਇਤਿਹਾਸ ਅਤੇ ਧਰਮ ਦੇ ਅਧਿਐਨ ਲਈ ਸਕਾਲਰਸ਼ਿਪ ਸਥਾਪਿਤ ਕੀਤੇ ਗਏ ਹਨ। ਸਟਾਕਟਨ ਸਿੱਖ ਗੁਰਦੁਆਰਾ ਦੀ ਮਾਇਕ ਸਹਾਇਤਾ ਨਾਲ ਨਵੰਬਰ 1, 1913 ਨੂੰ ਅਮਰੀਕਾ ਵਿਚ ਪਹਿਲਾ ਪੰਜਾਬੀ ਭਾਸ਼ਾ ਦਾ ਅਖ਼ਬਾਰ 'ਗਦਰ' ਕਰਤਾਰ ਸਿੰਘ ਸਰਾਭਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ, ਜੋ ਉਦੋਂ 17 ਸਾਲ ਦੀ ਉਮਰ ਦੇ ਸਨ। ਇਥੇ ਸਿੱਖ ਕਿਸਾਨ ਪੀਚ, ਸੌਗੀ, ਅੰਗੂਰ, ਬਦਾਮ, ਪਿਸਤਾ, ਓਕਰਾ, ਫਲਾਂ, ਸਬਜ਼ੀਆਂ ਅਤੇ ਨਟ ਦੀਆਂ ਵਿਸ਼ੇਸ਼ ਫਸਲਾਂ ਦੇ ਉਤਪਾਦਨ ਵੱਲ ਬਹੁਤ ਜ਼ਿਆਦਾ ਆਕਰਸ਼ਿਤ ਰਹੇ ਹਨ। ਪੰਜਾਬ ਤੋਂ ਇਕ ਸਿੱਖ ਦਲੀਪ ਸਿੰਘ ਸੌਂਦ ਨੇ ਸੰਨ 1924 ਵਿਚ ਕੈਲੀਫੋਰਨੀਆ ਯੂਨੀਵਰਸਿਟੀ ਬਰਕਲੇ ਤੋਂ ਪੀਐਚਡੀ. ਕੀਤੀ ਅਤੇ ਸੰਨ 1957 ਵਿਚ ਯੂਐਸ ਕਾਂਗਰਸ ਵਿਚ ਸਭ ਤੋਂ ਪਹਿਲਾਂ ਭਾਰਤੀ-ਅਮਰੀਕੀ ਬਣ ਗਿਆ। ਇਸ ਮਤੇ ਵਿਚ ਪਾਲੋ ਆਲਟੋ ਦੇ ਨਰਿੰਦਰ ਸਿੰਘ ਕਾਪਾਨੀ ਦਾ ਵੀ ਜਿਕਰ ਹੈ, ਜੋ ਇਕ ਵਿਗਿਆਨੀ ਅਤੇ ਖੋਜੀ ਸਨ, ਜਿਨ੍ਹਾਂ ਨੇ ਲੇਜ਼ਰਜ਼, ਬਾਇਓਮੈਡੀਕਲ ਇੰਸਟਰੂਮੈਂਟੇਸ਼ਨ, ਪ੍ਰਦੂਸ਼ਣ ਦੀ ਨਿਗਰਾਨੀ ਅਤੇ ਸੌਰ ਊਰਜਾ ਵਿਚ ਬਹੁਤ ਕੰਮ ਕੀਤਾ। ਇਸ ਵਿਗਿਆਨੀ ਨੇ 100 ਤੋਂ ਜ਼ਿਆਦਾ ਪੇਟੈਂਟ ਪ੍ਰਦਾਨ ਕੀਤੇ ਅਤੇ ਇਹਨਾਂ ਨੂੰ ਫਾਈਬਰ ਆਪਟਿਕਸ ਦਾ ਪਿਤਾਮਾ ਮੰਨਿਆ ਜਾਂਦਾ ਹੈ। ਇਸ ਤਕਨਾਲੋਜੀ ਨੇ ਹਾਈ-ਸਪੀਡ ਡਿਜ਼ੀਟਲ ਸੰਚਾਰ ਲਈ ਰਾਹ ਪੱਧਰਾ ਕੀਤਾ ਹੈ। ਹੋਰ ਵੀ ਬਹੁਤ ਸਾਰੇ ਸਿੱਖ ਸੰਗਠਨਾਂ ਦਾ ਨਾਂ ਰੈਜ਼ੋਲੂਸ਼ਨ ਵਿਚ ਰੱਖਿਆ ਗਿਆ ਹੈ ਜੋ ਇੰਟਰਫੇਥ ਮੀਟਿੰਗਾਂ ਵਿਚ ਹਿੱਸਾ ਲੈਂਦੇ ਹਨ । ਲੰਘੀ 5 ਅਗਸਤ, 2012 ਨੂੰ ਵਿਸਕਾਨਸਿਨ ਸਿੱਖ ਗੁਰਦੁਆਰਾ ਓਕ ਕਰੀਕ ਵਿਚ ਛੇ ਸਿੱਖਾਂ ਦੀਆਂ ਹੱਤਿਆਵਾਂ ਸਮੇਤ ਸਕੂਲਾਂ, ਰੁਜ਼ਗਾਰ ਦੀਆਂ ਥਾਵਾਂ 'ਚ ਭੇਦਭਾਵ ਅਤੇ ਨਫ਼ਰਤੀ ਅਪਰਾਧਾਂ ਵਰਗੇ ਹਮਲਿਆਂ ਕਾਰਨ ਸਥਾਨਕ ਸਰਕਾਰਾਂ ਨੂੰ ਸਿੱਖਾਂ ਬਾਰੇ ਸੋਚਣ ਲਈ ਮਜਬੂਰ ਹੋਣਾ ਪਿਆ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੈਲੇਫੋਰਨੀਆਨੇ ਅਜਿਹਾ ਮਤਾ ਪਾਸ ਕਰ ਦਿੱਤਾ ਹੈ। ਸੰਨ 2010 ਵਿਚ ਸਟੇਟ ਨੇ ਪਿਛਲੇ ਇਕ ਸੌ ਸਾਲ ਵਿਚ ਸਿੱਖ ਅਮਰੀਕਨਾਂ ਦੇ ਯੋਗਦਾਨ ਨੂੰ ਸਨਮਾਨਿਤ ਕੀਤਾ ਅਤੇ ਮਾਨਤਾ ਦਿੱਤੀ ਸੀ। ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਨੇ ਅਸੈਂਬਲੀ 'ਚ ਮਾਨਤਾ ਦੇਣ ਲਈ ਮਾਨਯੋਗ ਅਸੈਂਬਲੀਮੈਨ ਜੇਮਜ਼ ਗਲਾਗਹਰ ਦਾ ਧੰਨਵਾਦ ਕੀਤਾ ਹੈ। ਇਸ ਤੋਂ ਇਲਾਵਾ ਇਸ ਪ੍ਰਸਤਾਵ ਨੂੰ ਪੇਸ਼ ਕਰਨ ਅਤੇ ਸਹਿ-ਲੇਖਣ ਕਰਨ ਲਈ ਮਾਣਯੋਗ ਸੰਸਦ ਮੈਂਬਰ ਐਸ. ਕਾਲਰਾ ਅਤੇ ਜਿਮ ਕੂਪਰ ਦਾ ਧੰਨਵਾਦ ਕੀਤਾ। ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਦੇ ਬੁਲਾਰੇ ਸਰਦਾਰ ਜਸਬੀਰ ਸਿੰਘ ਕੰਗ ਨੇ ਪ੍ਰੈਸ ਰੀਲੀਜ਼ 'ਚ ਕਿਹਾ ਕਿ ਅਸੀਂ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਨਿਮਰਤਾ ਨਾਲ ਬੇਨਤੀ ਕਰਦੇ ਹਾਂ ਕਿ ਨਵੰਬਰ ਦੇ ਮਹੀਨਿਆਂ ਦੌਰਾਨ ਉਨ੍ਹਾਂ ਦੇ ਕੈਂਪਸ ਵਿਚ ਵਿਦਿਅਕ ਸਮਾਗਮਾਂ ਦੌਰਾਨ ਸਿੱਖਾਂ ਪ੍ਰਤੀ ਅਗਿਆਨਤਾ ਖਤਮ ਕਰਨ ਲਈ ਅੱਗੇ ਆਉਣ ਤਾਂ ਜੋ ਅਮਰੀਕਨਾਂ ਸਿੱਖਾਂ ਵਿਰੁੱਧ ਅਪਰਾਧ ਨਾ ਹੋ ਸਕਣ।

# ਮਿਰਚਪੁਰ ਕਾਂਡ ਵਿਚ 33 ਦੋਸ਼ੀਆਂ ਨੂੰ ਹੋਈ ਸਜ਼ਾ

## ✪ਹਾਈ ਕੋਰਟ ਨੇ ਦਲਿਤਾਂ ਦੇ ਹੱਕ 'ਚ ਸੁਣਾਇਆ ਇਤਿਹਾਸਕ ਫੈਸਲਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਹਾਈਕੋਰਟ ਨੇ ਹਿਸਾਰ ਦੇ ਪਿੰਡ ਮਿਰਚਪੁਰ ਵਿੱਚ ਦਲਿਤ ਬਜ਼ੁਰਗ ਤੇ ਉਸ ਦੀ ਦਿਵਿਆਂਗ ਬੇਟੀ ਨੂੰ ਜ਼ਿੰਦਾ ਜਲਾਉਣ ਦੇ ਮਾਮਲੇ ਵਿੱਚ ਬਰੀ ਕੀਤੇ ਗਏ 20 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਤੇ 13 ਦੋਸ਼ੀਆਂ ਦੀ ਸਜ਼ਾ ਬਰਕਰਾਰ ਰੱਖੀ। ਇਸ ਕੇਸ ਵਿੱਚ 12 ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ ਅਤੇ ਬਾਕੀ 21 ਦੀ ਸਜ਼ਾ 7 ਤੋਂ 12 ਸਾਲਾਂ ਤੱਕ ਦੀ ਬਾਮੁਸ਼ੱਕਤ ਕੈਦ ਦੇ ਰੂਪ ਵਿੱਚ ਹੈ।

ਮਿਰਚਪੁਰ ਜਾਟਾਂ ਦਾ ਪਿੰਡ ਹੈ। ਇਸ ਪਿੰਡ ਵਿੱਚ ਜਾਟਾਂ ਵੱਲੋਂ ਬਾਲਮੀਕੀਆਂ ਉੱਪਰ ਅਪਰੈਲ 2010 ਵਿੱਚ ਬਹੁਤ ਕਹਿਰ ਢਾਹਿਆ ਗਿਆ। ਉਨ੍ਹਾਂ ਦੇ ਦੰਗਈ ਹਜੂਮ ਨੇ ਬਾਲਮੀਕੀਆਂ ਦੀ ਪੂਰੀ ਪੱਤੀ ਨੂੰ ਅੱਗ ਲਾ ਦਿੱਤੀ ਸੀ। ਇਸ ਕਾਂਡ ਦੌਰਾਨ ਇੱਕ ਬਜ਼ੁਰਗ ਤੇ ਉਸ ਦੀ ਅੰਗਹੀਣ ਬੇਟੀ ਖ਼ੁਦ ਨੂੰ ਬਚਾਉਣ ਵਿੱਚ ਨਾਕਾਮ ਰਹੇ ਅਤੇ ਬੁਰੀ ਤਰ੍ਹਾਂ ਸੜ ਗਏ। ਇਸ ਘਟਨਾ ਕਾਰਨ ਦੇਸ਼ ਵਿੱਚ ਵੱਖ ਵੱਖ ਥਾਵਾਂ 'ਤੇ ਹਰਿਆਣਾ ਸਰਕਾਰ ਤੇ ਸੂਬਾਈ ਪੁਲੀਸ ਦੇ ਖ਼ਿਲਾਫ਼ ਰੋਸ ਮੁਜ਼ਾਹਰੇ ਹੋਏ। ਹਾਈ ਕੋਰਟ ਨੇ ਹੇਠਲੀ



ਅਦਾਲਤ ਵੱਲੋਂ 13 ਵਿਅਕਤੀਆਂ ਨੂੰ ਸੁਣਾਈ ਸਜ਼ਾ ਨੂੰ ਬਰਕਰਾਰ ਰੱਖਿਆ ਤੇ ਕੁੱਝ ਦੋਸ਼ੀਆਂ ਦੀ ਸਜ਼ਾ ਵਧਾ ਵੀ ਦਿੱਤੀ ਹੈ। ਲੋਕ ਰੋਹ ਦੀ ਇੱਕ ਵਜ੍ਹਾ ਇਹ ਵੀ ਸੀ ਕਿ ਸਮੁੱਚਾ ਕਾਂਡ ਜਿਸ ਮਾਮਲੇ ਨੂੰ ਲੈ ਕੇ ਵਾਪਰਿਆ, ਉਸ ਦੀ ਵਜ੍ਹਾ ਬੇਹੱਦ ਮਾਮੂਲੀ ਸੀ। ਇੱਕ ਦਲਿਤ ਦਾ ਕੁੱਤਾ ਨਸ਼ੇ ਵਿੱਚ ਧੁੱਤ ਜਾਟ ਯੁਵਕ ਨੂੰ ਦੇਖ ਕੇ ਭੌਂਕਣ ਲੱਗਿਆ। ਇਸ ਤੋਂ ਉਹ ਜਾਟ ਤਾਅ ਖਾ ਗਿਆ ਅਤੇ ਆਪਣੇ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠਾ ਕਰਕੇ ਦਲਿਤ ਬਸਤੀ 'ਤੇ ਧਾਵਾ ਬੋਲ ਦਿੱਤਾ।

ਜਸਟਿਸ ਐੱਸ ਮੁਰਲੀਧਰਨ ਅਤੇ ਆਈਐੱਸ ਮਹਿਤਾ ਦੇ ਬੈਂਚ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਦੋਸ਼ੀਆਂ ਕੋਲੋਂ ਵਸੂਲੀ ਜਾਣ ਵਾਲੀ ਰਕਮ ਪੀੜਤਾਂ ਦੇ ਮੁੜ ਵਸੇਬੇ ਉੱਤੇ ਖਰਚੀ ਜਾਣੀ ਯਕੀਨੀ ਬਣਾਈ ਜਾਵੇਗੀ। ਹਾਈ ਕੋਰਟ ਨੇ ਇਹ ਫੈਸਲਾ 13 ਦੋਸ਼ੀਆਂ ਵੱਲੋਂ ਆਪਣੀ ਸ਼ਜ਼ਾ ਨੂੰ ਚੁਣੌਤੀ ਦੇਣ ਲਈ ਦਾਇਰ ਪਟੀਸ਼ਨ ਦੇ ਸਬੰਧ ਵਿੱਚ ਸੁਣਾਇਆ ਹੈ। ਹੇਠਲੀ ਅਦਾਲਤ ਨੇ 24 ਸਤੰਬਰ 2011 ਨੂੰ 97 ਵਿੱਚੋਂ 15 ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਸੀ। ਅਕਤੂਬਰ 2012 ਵਿਚ ਅਪੀਲਾਂ ਦਾ ਨਿਬੇੜਾ ਹੋਣ ਤੱਕ ਦੋ ਦੋਸ਼ੀਆਂ ਦਾ ਦੇਹਾਂਤ ਹੋ ਗਿਆ ਸੀ। 31 ਅਕਤੂਬਰ 2011 ਨੂੰ ਅਦਾਲਤ ਨੇ ਕੁਲਵਿੰਦਰ, ਧਰਮਵੀਰ ਅਤੇ ਰਾਮਫਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਹੁਣ ਹਾਈ ਕੋਰਟ ਨੇ ਇਨ੍ਹਾਂ ਦੇ ਜੁਰਮ ਵਿੱਚ ਵਾਧਾ ਕਰਕੇ ਕਤਲ ਦੇ ਦੋਸ਼ ਹੇਠ ਸਜ਼ਾ ਸੁਣਾਈ ਹੈ। ਬਾਕੀ 9 ਦੋਸ਼ੀਆਂ ਜਿਨ੍ਹਾਂ ਨੂੰ ਹੁਣ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ , ਉਨ੍ਹਾਂ ਵਿੱਚ ਪਰਦੀਪ , ਰਾਜਪਾਲ ਤੇ ਪਰਦੀਪ , ਜੋਗਲ, ਸਤਿਆਵਾਨ, ਪਵਨ, ਸੰਜੇ, ਬਲਜੀਤ, ਕਰਮਵੀਰ, ਕਰਮਪਾਲ, ਧਰਮਵੀਰ ਅਤੇ ਬੋਬਲ ਸ਼ਾਮਲ ਹਨ। ਪਵਨ ਨੂੰ ਅਦਾਲਤ ਨੇ ਕਤਲ ਦੇ ਦੋਸ਼ ਵਿੱਚ ਸਜ਼ਾ ਸੁਣਾਈ ਹੈ ਤੇ ਬਾਕੀਆਂ ਨੂੰ ਐੱਸਸੀਐੱਸਟੀ ਵਿਰੁੱਧ ਅੱਤਿਆਚਾਰ ਕਾਨੂੰਨ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

## ਕੁਰਾਨ ਸ਼ਰੀ.ਫ ਬੇਅਦਬੀ ਕਾਂਡ ਦੇ ਮਾਮਲੇ 'ਚ ਕੇਸ ਚੱਲੇਗਾ

**ਸੰਗਰੂਰ/ਬਿਊਰੋ ਨਿਊਜ਼ :** ਮਲੇਰਕੋਟਲਾ ਪਵਿੱਤਰ ਕੁਰਾਨ ਸ਼ਰੀ.ਫ ਬੇਅਦਬੀ ਮਾਮਲੇ ਵਿੱਚ ਕਰੀਬ ਦੋ ਸਾਲ ਮਗਰੋਂ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਨੇ ਕੇਸ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਮਨਜ਼ੂਰੀ ਨਾ ਮਿਲਣ ਕਾਰਨ ਦੋਸ਼ ਆਇਦ ਨਹੀਂ ਹੋ ਸਕੇ ਸਨ। ਪਿਛਲੀ ਸੁਣਵਾਈ ਦੌਰਾਨ ਅਦਾਲਤ ਵੱਲੋਂ ਕੇਸ ਨਾਲ ਸਬੰਧਤ ਲੋੜੀਂਦੀ ਮਨਜ਼ੂਰੀ ਲਿਆਉਣ ਵਾਸਤੇ ਸਰਕਾਰੀ ਧਿਰ ਨੂੰ ਆਖ਼ਰੀ ਮੌਕਾ ਦਿੱਤਾ ਗਿਆ ਸੀ। ਇਸ ਕੇਸ ਦੀ ਸੁਣਵਾਈ ਇਥੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਦਿਨੇਸ਼ ਕੁਮਾਰ ਦੀ ਅਦਾਲਤ ਵਿੱਚ ਚੱਲ ਰਹੀ ਹੈ। ਤਾਜਾ ਪੇਸ਼ੀ ਮੌਕੇ ਦਿੱਲੀ ਤੋਂ 'ਆਪ' ਵਿਧਾਇਕ ਨਰੇਸ਼ ਯਾਦਵ ਅਦਾਲਤ ਵਿੱਚ ਹਾਜ਼ਰ ਨਹੀਂ ਹੋ ਸਕੇ ਜਦੋਂ ਕਿ ਕੇਸ ਵਿਚ ਸ਼ਾਮਲ ਤਿੰਨ ਜਣੇ ਵਿਜੇ ਕੁਮਾਰ, ਨੰਦ ਕਿਸ਼ੋਰ ਤੇ ਗੌਰਵ ਕੁਮਾਰ ਅਦਾਲਤ ਵਿਚ ਹਾਜ਼ਰ ਸਨ। ਅਦਾਲਤ ਨੇ ਕੇਸ ਦੀ ਸੁਣਵਾਈ 4 ਸਤੰਬਰ 'ਤੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ 25 ਜੂਨ 2016 ਨੂੰ ਮਾਲੇਰਕੋਟਲਾ ਵਿਚ ਪਵਿੱਤਰ ਕੁਰਾਨ ਸ਼ਰੀ.ਫ ਦੀ ਬੇਅਦਬੀ ਹੋਣ ਦੀ ਘਟਨਾ ਵਾਪਰੀ ਸੀ। ਪੁਲੀਸ ਵੱਲੋਂ ਥਾਣਾ ਸਿਟੀ-1 ਮਲੇਰਕੋਟਲਾ ਵਿਚ ਅਧੀਨ ਧਾਰਾ 295-ਏ ਆਈਪੀਸੀ ਤਹਿਤ ਅਣਪਛਾਤੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਹੋਇਆ ਸੀ। ਮਾਮਲੇ ਦੀ ਤਫਤੀਸ਼ ਦੌਰਾਨ ਵਿਜੇ ਕੁਮਾਰ, ਨੰਦ ਕਿਸ਼ੋਰ ਅਤੇ ਗੌਰਵ ਕੁਮਾਰ ਨੂੰ 27 ਜੂਨ 2016 ਨੂੰ ਗ੍ਰਿਫ਼ਤਾਰ ਕਰ ਲਿਆ ਸੀ।


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਗਿਆਨੀ ਗੁਰਮੁਖ ਸਿੰਘ ਮਾਮਲਾ

## ਮੰਤਰੀ ਰੰਧਾਵਾ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖਿਆ ਪੱਤਰ



ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਸੌਂਪ ਕੇ ਵਾਪਸ ਆਉਂਦੇ ਹੋਏ ਕਾਂਗਰਸੀ ਆਗੂ।

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇੱਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਸਿੱਖ ਸੰਗਤ ਨੂੰ ਦੱਸਣ ਕਿ ਗਿਆਨੀ ਗੁਰਮੁਖ ਸਿੰਘ ਨੂੰ ਰਾਤੋ-ਰਾਤ ਸ੍ਰੀ ਅਕਾਲ ਤਖ਼ਤ ਦਾ ਹੈੱਡ ਗ੍ਰੰਥੀ ਲਾਉਣ ਪਿਛੇ ਸ਼੍ਰੋਮਣੀ ਕਮੇਟੀ ਦੀ ਕੀ ਮਜਬੂਰੀ ਰਹੀ ਹੈ। ਇਹ ਪੱਤਰ ਉਨ੍ਹਾਂ ਆਪਣੇ ਫੇਸਬੁੱਕ ਅਕਾਊਂਟ 'ਤੇ ਵੀ ਨਸ਼ਰ ਕੀਤਾ ਹੈ।

ਸ੍ਰੀ ਰੰਧਾਵਾ ਨੇ ਇਹ ਪੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਰਾਹੀਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਭੇਜਿਆ ਹੈ। ਸ੍ਰੀ ਸੱਚਰ ਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਪੱਤਰ ਜਥੇਦਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਸੌਂਪਿਆ ਹੈ। ਕਾਂਗਰਸੀ ਵਫ਼ਦ ਨੇ ਦਾਅਵਾ ਕੀਤਾ ਕਿ ਇਸ ਪੱਤਰ ਨੂੰ ਪ੍ਰਾਪਤ ਕਰਨ ਮਗਰੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹੁੰਗਾਰਾ ਦੇਣ ਦਾ ਭਰੋਸਾ ਵੀ ਦਿੱਤਾ ਹੈ।

ਇੱਕ ਸਫੇ ਦੇ ਪੱਤਰ ਵਿੱਚ ਸ੍ਰੀ ਰੰਧਾਵਾ ਨੇ ਲਿਖਿਆ ਕਿ ਗਿਆਨੀ ਗੁਰਮੁਖ ਸਿੰਘ, ਜਿਨ੍ਹਾਂ ਨੇ ਕੁਝ ਸਮਾਂ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਖ਼ਿਲਾਫ਼ ਕਈ ਗੰਭੀਰ ਦੋਸ਼ ਲਾਏ ਸਨ ਅਤੇ ਇਨ੍ਹਾਂ ਦੋਸ਼ਾਂ ਕਾਰਨ ਤਖ਼ਤ ਦੀ ਮਹਾਨਤਾ ਤੇ ਮਰਿਆਦਾ ਨੂੰ ਠੇਸ ਪੁੱਜੀ ਸੀ, ਪਰ ਉਸੇ ਸਖ਼ਸ਼ ਨੂੰ ਰਾਤੋ ਰਾਤ ਸ੍ਰੀ ਅਕਾਲ ਤਖ਼ਤ ਦਾ ਹੈੱਡ ਗ੍ਰੰਥੀ ਕਿਉਂ ਬਣਾ ਦਿੱਤਾ ਗਿਆ ਹੈ ? ਉਨ੍ਹਾਂ ਆਖਿਆ ਕਿ ਸਿੱਖ ਸੰਗਤ ਜਾਨਣਾ ਚਾਹੁੰਦੀ ਹੈ ਕਿ ਇਸ ਕਾਰਵਾਈ ਪਿਛੇ ਕੀ ਮਜਬੂਰੀ ਸੀ ? ਕਾਂਗਰਸੀ ਆਗੂ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਉਨ੍ਹਾਂ ਬਿਆਨਾਂ ਦੀ ਵੀਡੀਓ ਰਿਕਾਰਡਿੰਗ ਵੀ ਇੱਕ ਪੈਨ ਡਰਾਈਵ ਰਾਹੀਂ ਭੇਜੀ ਹੈ, ਜਿਨ੍ਹਾਂ ਰਾਹੀਂ ਗਿਆਨੀ ਗੁਰਮੁਖ ਸਿੰਘ ਵੱਲੋਂ ਗੰਭੀਰ

ਬਾਕੀ ਸਫ਼ਾ 28 'ਤੇ

# ਬਾਦਲਾਂ ਦੇ ਰਾਜ ਵਿਚ ਦਰਜ ਝੂਠੇ ਕੇਸਾਂ ਦੀ ਨੌਵੀਂ ਜਾਂਚ ਰਿਪੋਰਟ ਮੁੱਖ ਮੰਤਰੀ ਕੋਲ ਪਹੁੰਚੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੇਵਾਮੁਕਤ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਾਦਲਾਂ ਦੇ ਰਾਜ 'ਚ ਦਰਜ ਝੂਠੇ ਕੇਸਾਂ ਦੀ 9ਵੀਂ ਅੰਤਰਿਮ ਰਿਪੋਰਟ ਸੌਂਪ ਦਿੱਤੀ ਗਈ ਹੈ। ਪਿਛਲੀ ਸਰਕਾਰ ਦੌਰਾਨ ਦਰਜ ਹੋਏ ਝੂਠੇ ਕੇਸਾਂ ਦੀ ਜਾਂਚ 'ਚ ਹੁਣ ਤਕ ਪ੍ਰਵਾਨ ਕੀਤੀਆਂ 344 ਸ਼ਿਕਾਇਤਾਂ ਵਿਚੋਂ ਸਰਕਾਰ ਨੇ 258 ਮਾਮਲਿਆਂ ਵਿਚ ਕਾਰਵਾਈ ਕੀਤੀ ਹੈ, ਜਿਸ ਨਾਲ ਇਨ੍ਹਾਂ ਮਾਮਲਿਆਂ ਵਿਚ ਫਸੇ ਬੇਕਸੂਰ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।



ਇਹ ਖੁਲਾਸਾ ਇੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 9ਵੀਂ ਅੰਤਰਿਮ ਰਿਪੋਰਟ ਸੌਂਪਣ ਦੌਰਾਨ ਜਸਟਿਸ ਗਿੱਲ ਨੇ ਕੀਤਾ। ਉਨ੍ਹਾਂ ਕਿਹਾ ਕਿ 148 ਮਾਮਲਿਆਂ ਵਿਚ ਅਦਾਲਤਾਂ 'ਚ ਐਫਆਈਆਰ. ਦਰਜ ਕੀਤੀਆਂ ਗਈਆਂ ਹਨ, ਜਦ ਕਿ 38 ਵਿਚ ਹੁਕਮਾਂ ਦੀ ਪਾਲਣਾ ਕੀਤੀ ਜਾ ਚੁੱਕੀ ਹੈ। 33 ਹੋਰ ਮਾਮਲਿਆਂ ਵਿੱਚ ਆਈਪੀਸੀ. ਦੀ ਧਾਰਾ 182 ਤਹਿਤ ਕਾਰਵਾਈ ਆਰੰਭੀ ਜਾ ਚੁੱਕੀ ਹੈ ਅਤੇ 10 ਮਾਮਲਿਆਂ ਵਿਚ ਕਸੂਰਵਾਰ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਨੋਡਲ ਅਫ਼ਸਰਾਂ ਪਾਸੋਂ ਹਾਸਲ ਹੋਈ ਸੂਚਨਾ ਮੁਤਾਬਕ ਹੁਣ ਤਕ 29 ਮਾਮਲਿਆਂ ਵਿੱਚ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਆਖਿਆ ਕਿ ਝੂਠੇ ਮਾਮਲਿਆਂ ਦੇ ਪੀੜਤਾਂ ਨੂੰ ਇਨਸਾਫ ਦਿੱਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਨੇ ਪੁਲੀਸ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਵੀ ਕਮਿਸ਼ਨ ਦੇ ਸੁਝਾਵਾਂ 'ਤੇ ਕਾਰਵਾਈ ਦੀ ਪ੍ਰਕਿਰਿਆ ਤੇਜ਼ ਕਰਨ ਦੇ ਸਖ਼ਤ ਹੁਕਮ ਦਿੱਤੇ ਹਨ। ਇਸ ਕਮਿਸ਼ਨ ਨੂੰ ਕੁੱਲ 4351 ਸ਼ਿਕਾਇਤਾਂ ਹਾਸਲ ਹੋਈਆਂ ਹਨ, ਜਿਨ੍ਹਾਂ ਵਿਚੋਂ 1539 ਸ਼ਿਕਾਇਤਾਂ ਦਾ ਨਿਪਟਾਰਾ ਕਰਨ ਤੋਂ ਇਲਾਵਾ ਬਾਕੀ 1195 ਸ਼ਿਕਾਇਤਾਂ ਨੂੰ ਖਾਰਜ ਕਰ ਦਿੱਤਾ ਗਿਆ। ਐਫ.ਆਈ.ਆਰ. ਰੱਦ ਕਰਨ ਦੇ ਮਾਮਲਿਆਂ ਵਿੱਚ ਬਠਿੰਡਾ ਜ਼ਿਲ੍ਹੇ 'ਚ ਪੁਲੀਸ ਵੱਲੋਂ 67 ਕੇਸਾਂ 'ਤੇ ਕਾਰਵਾਈ ਕੀਤੀ ਗਈ ਹੈ, ਜਿਸ ਤੋਂ ਬਾਅਦ ਮੋਗਾ ਜ਼ਿਲ੍ਹੇ ਵਿੱਚ 17, ਲੁਧਿਆਣਾ ਵਿੱਚ 1, ਤਰਨ ਤਾਰਨ ਵਿੱਚ 12 ਅਤੇ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿੱਚ 11-11 ਕੇਸਾਂ 'ਤੇ ਕਾਰਵਾਈ ਕੀਤੇ ਜਾਣ ਦੀਆਂ ਰਿਪੋਰਟਾਂ ਹਾਸਲ ਹੋਈਆਂ ਹਨ। ਕਸੂਰਵਾਰ ਪੁਲੀਸ ਮੁਲਾਜ਼ਮਾਂ ਖਿਲਾਫ ਕੀਤੀ ਗਈ ਕਾਰਵਾਈ ਦੇ ਸਭ ਤੋਂ ਵੱਧ ਮਾਮਲੇ ਲੁਧਿਆਣਾ ਵਿੱਚ ਦਰਜ ਕੀਤੇ ਗਏ ਹਨ ਜਿੱਥੇ ਚਾਰ ਮਾਮਲਿਆਂ 'ਚ ਇਹ ਕਦਮ ਚੁੱਕਿਆ ਗਿਆ ਹੈ। ਅੰਤਰਿਮ ਰਿਪੋਰਟ ਵਿੱਚ 240 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਸੱਤ ਨੂੰ ਕਮਿਸ਼ਨ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਪਹਿਲੀ ਅੰਤਰਿਮ ਰਿਪੋਰਟ ਵਿੱਚ ਕਮਿਸ਼ਨ ਪਾਸ ਆਈਆਂ 178 ਸ਼ਿਕਾਇਤਾਂ ਵਿੱਚੋਂ 122 ਨੂੰ ਪ੍ਰਵਾਨ ਕੀਤਾ ਗਿਆ ਹੈ। ਇਸੇ ਤਰ੍ਹਾਂ 19 ਸਤੰਬਰ, 2017 ਨੂੰ ਦੂਜੀ ਰਿਪੋਰਟ ਵਿੱਚੋਂ 106 ਵਿੱਚੋਂ 47, 23 ਅਕਤੂਬਰ, 2017 ਨੂੰ ਤੀਜੀ ਰਿਪੋਰਟ ਵਿੱਚੋਂ 101 'ਚੋਂ 20, 30 ਨਵੰਬਰ, 2017 ਨੂੰ ਚੌਥੀ ਅੰਤਰਿਮ ਰਿਪੋਰਟ ਵਿੱਚ 111 ਵਿੱਚੋਂ 30, 29 ਜਨਵਰੀ 2018 ਨੂੰ ਪੰਜਵੀਂ ਰਿਪੋਰਟ ਵਿੱਚ 140 ਵਿੱਚੋਂ 35 ਅਤੇ ਪੰਜਵੀਂ ਰਿਪੋਰਟ ਦੇ ਹੀ ਦੂਜੇ ਹਿੱਸੇ ਵਿੱਚ 19 'ਚੋਂ ਛੇ, 2 ਅਪਰੈਲ 2018 ਨੂੰ ਛੇਵੀਂ ਰਿਪੋਰਟ ਵਿੱਚ 240 'ਚੋਂ 47, 15 ਮਈ 2018 ਨੂੰ ਸੱਤਵੀਂ ਰਿਪੋਰਟ ਵਿੱਚ 179 ਵਿੱਚੋਂ 21 ਅਤੇ 10 ਜੁਲਾਈ 2018 ਨੂੰ ਅੱਠਵੀਂ ਰਿਪੋਰਟ ਵਿੱਚ 225 ਵਿੱਚੋਂ 9 ਨੂੰ ਕਮਿਸ਼ਨ ਵੱਲੋਂ ਪ੍ਰਵਾਨ ਕੀਤਾ ਗਿਆ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਆਗੂ ਪਵਨ ਸਿੰਘ ਖਾਲਸਾ ਨੂੰ ਸਦਮਾ

## ਚਾਚੇ ਰਣਜੀਤ ਸਿੰਘ ਔਲਖ ਦਾ ਅਕਾਲ ਚਲਾਣਾ

**ਸ਼ਿਕਾਗੋ/ਮੱਖਣ ਸਿੰਘ ਕਲੇਰ :**
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਮੀਤ ਪ੍ਰਧਾਨ ਸ. ਪਵਨ ਸਿੰਘ ਖਾਲਸਾ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ ਜਦੋਂ ਉਨਾਂ ਨੂੰ ਸਤਿਕਾਰਯੋਗ ਚਾਚਾ ਜੀ ਸ. ਰਣਜੀਤ ਸਿੰਘ ਅਚਾਨਕ ਅਕਾਲ ਕਰ ਗਏ। ਉਹ



ਪੰਜਾਬ ਦੇ ਕਪੂਰਥਲਾ ਵਿਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਸ. ਰਣਜੀਤ ਸਿੰਘ ਔਲਖ ਬੜੇ ਮਿੱਠ-ਬੋਲੜੇ ਸੁਭਾਅ ਦੇ ਮਾਲਕ ਸਨ ਅਤੇ ਪੰਥਕ ਕਾਰਜਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਸ. ਪਵਨ ਸਿੰਘ ਖਾਲਸਾ ਸਮੇਤ ਸਾਰਾ ਹੀ ਔਲਖ ਪਰਿਵਾਰ ਬੜੀ ਚੜ੍ਹਦੀਕਲਾ ਵਾਲਾ ਪੰਥ ਦਰਦੀ ਪਰਿਵਾਰ ਹੈ। ਕੁਝ ਹੀ ਸਮੇਂ ਵਿਚ ਇਸ ਪਰਿਵਾਰ ਨੂੰ ਕਈ ਮੈਂਬਰਾਂ ਦੇ ਸਦੀਵੀ ਵਿਛੋੜਿਆਂ ਦੇ ਦੁੱਖ ਝੱਲਣੇ ਪਏ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ-ਅਮਰੀਕਾ ਦੇ ਸੀਨੀਅਰ ਆਗੂਆਂ ਸੁਰਜੀਤ ਸਿੰਘ ਕੁਲਾਰ , ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਸਰਬਜੀਤ ਸਿੰਘ, ਲਖਵੀਰ ਸਿੰਘ ਕੰਗ, ਜੋਗਾ ਸਿੰਘ ਨਿਊਜਰਸੀ, ਰੇਸ਼ਮ ਸਿੰਘ ਵਰਜੀਨੀਆ, ਤਰਸੇਮ ਸਿੰਘ, ਰਣਜੀਤ ਸਿੰਘ, ਅਮਨਦੀਪ ਸਿੰਘ, ਇੰਦਰਪਾਲ ਸਿੰਘ, ਅਮਰਜੀਤ ਸਿੰਘ ਰਵਿੰਦਰ ਸਿੰਘ ਰਿੰਪੀ, ਦਵਿੰਦਰ ਸਿੰਘ ਦਿਓ, ਸੁਰਿੰਦਰ ਸਿੰਘ ਇੰਡੀਆਨਾ, ਗੁਰਜੀਤ ਸਿੰਘ ਝਾਮਪੁਰ, ਰੁਮਿੰਦਰਜੀਤ ਸਿੰਘ ਮਿੰਟੂ
ਨੇ ਕਿਹਾ ਕਿ ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸ. ਰਣਜੀਤ ਸਿੰਘ ਔਲਖ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਉਨਾਂ ਦੀ ਰੂਹ ਨੂੰ ਆਤਮਿਕ ਸ਼ਾਂਤੀ ਬਖਸ਼ਣ। ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਯੂਪੀ ਦੇ ਸ਼ਾਹਜਹਾਂਪੁਰ ਵਿਚ ਗੁਰਦੁਆਰਾ ਸਾਹਿਬ 'ਤੇ ਹਮਲੇ ਤੋਂ ਬਾਅਦ ਤਣਾਅ



**ਸ਼ਾਹਜਹਾਂਪੁਰ/ਬਿਊਰੋ ਨਿਊਜ਼ :** ਉੱਤਰ ਪ੍ਰਦੇਸ਼ ਵਿਚ ਸ਼ਾਹਜਹਾਨਪੁਰ ਜ਼ਿਲ੍ਹੇ ਦੇ ਕਸਬਾ ਬੰਡਾ 'ਚ ਸਿੱਖਾਂ 'ਤੇ ਹਮਲੇ ਹੋਣ ਦੀ ਖਬਰ ਹੈ। ਇਸ ਦੌਰਾਨ ਬਣੇ ਤਣਾਅਪੂਰਨ ਮਾਹੌਲ ਨੂੰ ਸ਼ਾਂਤ ਕਰਨ ਲਈ ਉੱਥੋਂ ਦੇ ਪ੍ਰਸ਼ਾਸਨ ਨੇ ਇਹਤਿਹਾਤੀ ਕਦਮ ਚੁੱਕੇ ਹਨ। ਯੂਪੀ ਦੇ ਸ਼ਾਹਜਹਾਨਪੁਰ ਜ਼ਿਲ੍ਹੇ ਵਿੱਚ ਪੈਂਦੇ ਕਸਬਾ ਬੰਡਾ ਵਿਚ ਇਹ ਘਟਨਾ ਸਾਹਮਣੇ ਆਉਣ ਤੋਂ ਬਾਅਦ ਮਾਹੌਲ ਨੂੰ ਸ਼ਾਂਤ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਉੱਥੋਂ ਦੇ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਕੇ ਮਾਹੌਲ ਸ਼ਾਂਤ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਬੰਡਾ ਵਿੱਚ ਗੁਰਦੁਆਰੇ ਦੇ ਬਾਹਰ ਹੋਏ ਤਕਰਾਰ ਤੋਂ ਬਾਅਦ ਕੁਝ ਸ਼ਰਾਰਤੀ ਲੋਕਾਂ ਨੇ ਸਿੱਖਾਂ 'ਤੇ ਹਮਲਾ ਕੀਤਾ। ਪੁਲੀਸ ਦੇ ਦਖ਼ਲ ਨਾਲ ਹਾਲਾਤ 'ਤੇ ਕਾਬੂ ਪਾ ਲਿਆ ਗਿਆ। ਘਟਨਾ ਸਬੰਧੀ ਪੜਤਾਲ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਇੱਕ ਟੀਮ ਵੀ ਸ਼ਾਹਜਨਾਹਪੁਰ ਭੇਜੀ ਜਾ ਰਹੀ ਹੈ। ਸਿੱਖਾਂ ਨੂੰ ਟਕਰਾਅ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ। ਉਧਰ ਸਰਕਾਰ ਦੇ ਅਧਿਕਾਰਤ ਬਿਆਨ ਮੁਤਾਬਕ ਇੱਥੇ ਇਕ ਗੁਰਦੁਆਰੇ ਦੇ ਬਾਹਰ ਦੋ ਫ਼ਿਰਕਿਆਂ ਵਿਚਾਲੇ ਝੜਪ ਹੋਣ ਮਗਰੋਂ ਪੁਲੀਸ ਨੇ ਸੈਂਕੜੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਇਨ੍ਹਾਂ ਵਿਚੋਂ ਕਰੀਬ 80 ਲੋਕਾਂ ਦੀ ਸ਼ਨਾਖ਼ਤ ਕਰ ਲਈ ਗਈ ਹੈ। ਪੁਲੀਸ ਨੇ ਇਨ੍ਹਾਂ ਖ਼ਿਲਾਫ਼ ਦੰਗਾ-ਫ਼ਸਾਦ ਕਰਨ ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਤਹਿਤ ਕੇਸ ਦਰਜ ਕੀਤਾ ਹੈ। ਵਧੀਕ ਐੱਸਪੀ (ਦਿਹਾਤੀ) ਸੁਭਾਸ਼ ਚੰਦਰ ਸ਼ਾਕਿਆ ਨੇ ਦੱਸਿਆ ਕਿ ਝੜਪ ਦੀ ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਗੁਰਦੁਆਰਾ ਸਾਹਿਬ ਦੇ ਮੁਲਾਜ਼ਮ ਨੇ ਇਕ 14 ਸਾਲਾ ਲੜਕੀ ਨੂੰ ਬਾਂਦਾ ਇਲਾਕੇ ਵਿਚ ਸਥਿਤ ਗੁਰਦੁਆਰੇ ਦੇ ਬਾਹਰ ਰੱਖੜੀ ਦਾ ਸਟਾਲ ਲਾਉਣ ਤੋਂ ਰੋਕਿਆ। ਇਸ ਤੋਂ ਬਾਅਦ ਕੁਝ ਸ਼ਰਾਰਤੀ ਅਨਸਰਾਂ ਨੇ ਗੁਰਦੁਆਰਾ ਸਾਹਿਬ ਨੂੰ ਨਿਸ਼ਾਨਾ ਬਣਾਇਆ ਤੇ ਸਾੜਫੂਕ ਕਰਨ ਦੀ ਕੋਸ਼ਿਸ਼ ਕੀਤੀ। ਸ਼ਾਹਜਹਾਂਪੁਰ ਦੇ ਐੱਸਪੀ. ਐੱਸ. ਚਿਨੱਪਾ ਨੇ ਦੱਸਿਆ ਕਿ ਇਲਾਕੇ 'ਚ ਸ਼ਾਂਤੀ ਬਣਾਏ ਰੱਖਣ ਲਈ ਇਹਤਿਆਤ ਵੱਜੋਂ ਵੱਡੀ ਗਿਣਤੀ ਵਿਚ ਪੁਲੀਸ ਕਰਮੀਆਂ ਨੂੰ ਤਾਇਨਾਤ ਕੀਤਾ ਗਿਆ ਹੈ। ਜ਼ਿਲ੍ਹਾ ਮੈਜਿਸਟਰੇਟ ਅਮਿਤ ਤ੍ਰਿਪਾਠੀ ਨੇ ਦੋਵਾਂ ਧੜਿਆਂ ਦੇ ਨੁਮਾਇੰਦਿਆਂ ਦੀ ਇਕ ਮੀਟਿੰਗ ਵੀ ਸੱਦੀ ਹੈ। ਸ੍ਰੀ ਤ੍ਰਿਪਾਠੀ ਨੇ ਕਿਹਾ ਕਿ ਘਟਨਾ ਦੀ ਵੀਡੀਓ ਫੁਟੇਜ਼ ਦੀ ਜਾਂਚ ਕਰਨ ਮਗਰੋਂ ਸ਼ਨਾਖ਼ਤ ਕੀਤੇ ਗਏ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਘਟਨਾ ਵਿਚ ਪੁਲੀਸ ਦੇ ਇਕ ਵਾਹਨ ਤੇ ਦੋ ਹੋਰ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ ਹੈ।

# ਭਾਰਤ 'ਚ ਸਰਕਾਰ ਦੀ 'ਹਾਂ ਵਿਚ ਹਾਂ' ਨਾ ਮਿਲਾਉਣ ਵਾਲੇ ਪੱਤਰਕਾਰਾਂ ਲਈ ਖਤਰਾ ਵਧਿਆ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤ ਵਿਚ ਨਿਰਪੱਖ ਤੇ ਆਜ਼ਾਦਾਨਾ ਪੱਤਰਕਾਰੀ ਕਰਨਾ ਪਹਿਲਾਂ ਵੀ ਜੋਖਮ ਦਾ ਕੰਮ ਸੀ ਪਰ ਹੁਣ ਜਦ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਉਦੋਂ ਤੋਂ ਹਾਲਾਤ ਹੋਰ ਵਿਗੜ ਗਏ ਹਨ। ਇਹ ਕਹਿਣਾ ਹੈ, ਪ੍ਰੈਸ ਦੀ ਆਜ਼ਾਦੀ ਉਤੇ ਨਜ਼ਰ ਰੱਖਣ ਵਾਲੇ ਕੌਮਾਂਤਰੀ ਅਦਾਰੇ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' (ਆਰਐੱਸਐੱਫ) ਦਾ। ਆਰਐੱਸਐੱਫ ਨੇ ਕਿਹਾ ਹੈ ਕਿ ਭਾਰਤ ਵਿਚ ਸਰਕਾਰ ਦੀ "ਹਾਂ ਵਿਚ ਹਾਂ" ਨਾ ਮਿਲਾਉਣ ਵਾਲੇ ਪੱਤਰਕਾਰਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਰੁਝਾਨ 'ਖ਼ਤਰਨਾਕ ਹੱਦ' ਤੱਕ ਵਧ ਗਿਆ ਹੈ। ਅਦਾਰੇ ਨੇ ਇਸ ਦੇ ਮੱਦੇਨਜ਼ਰ ਅਜਿਹੇ ਪੱਤਰਕਾਰਾਂ ਨੂੰ ਆਨਲਾਈਨ ਨਿਸ਼ਾਨਾ ਬਣਾਉਣ ਵਾਲੇ ਹਿੰਦੂ ਕੱਟੜਪੰਥੀਆਂ ਉਤੇ ਪਾਬੰਦੀ ਲਾਏ ਜਾਣ ਦੀ ਮੰਗ ਕੀਤੀ ਹੈ। ਆਰਐੱਸਐੱਫ ਨੇ ਕਿਹਾ ਹੈ ਕਿ ਭਾਰਤ ਵਿਚ ਆਮ ਚੋਣਾਂ ਨਜ਼ਦੀਕ ਆ ਰਹੀਆਂ ਹਨ, ਜਿਸ ਕਾਰਨ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਪੱਤਰਕਾਰ ਆਪਣੀ ਜਿਸਮਾਨੀ ਤੇ ਪੇਸ਼ੇਵਰ ਹੋਂਦ ਨੂੰ ਖ਼ਤਰੇ ਦੇ ਕਿਸੇ ਭੈਅ ਤੋਂ ਬਿਨਾਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰ ਸਕਣ। ਆਰਐੱਸਐੱਫ ਦੇ ਏਸ਼ੀਆ-ਪੈਸਿਫਿਕ ਡੈਸਕ ਦੇ ਮੁਖੀ ਡੇਨੀਅਲ ਬਾਸਟਰਡ ਨੇ ਕਿਹਾ, "ਨਹੀਂ ਤਾਂ ਭਾਰਤੀ ਜਮਹੂਰੀਅਤ ਇਕ ਭਰਮ ਤੋਂ ਬਿਨਾਂ ਹੋਰ ਕੁਝ ਨਹੀਂ ਰਹਿ ਜਾਵੇਗੀ।" ਅਦਾਰੇ ਨੇ ਕਿਹਾ ਕਿ ਭਾਰਤ ਵਿੱਚ ਪੱਤਰਕਾਰਾਂ ਨੂੰ ਆਨਲਾਈਨ ਤੰਗ-ਪ੍ਰੇਸ਼ਾਨ ਕੀਤਾ ਜਾਣਾ ਕਤਲ ਤੱਕ ਵੀ ਪੁੱਜ ਸਕਦਾ ਹੈ, ਜਿਵੇਂ ਬੀਤੇ ਸਾਲ ਇਕ ਅਖ਼ਬਾਰ ਦੀ ਸੰਪਾਦਕ ਗੌਰੀ ਲੰਕੇਸ਼ ਨੂੰ ਕਤਲ ਕਰ ਦਿੱਤਾ ਗਿਆ ਸੀ। ਅਦਾਰੇ ਨੇ ਕਿਹਾ ਕਿ ਇਸ ਵਰਤਾਰੇ ਦੇ ਪਿੱਛੇ ਹਿੰਦੂਤਵੀ ਸੱਜੇ-ਪੱਖੀ ਤਾਕਤਾਂ ਦਾ ਹੱਥ ਹੈ। ਆਰਐੱਸਐੱਫ ਨੇ ਕਿਹਾ ਕਿ ਇਸ ਆਨਲਾਈਨ ਫ਼ੌਜ ਨੇ ਬੀਤੇ ਹਫ਼ਤੇ ਟਵਿੱਟਰ ਉਤੇ ਆਪਣੇ ਆਪ ਨੂੰ ਹੈਸ਼ਟੈਗ ਆਈਏਬੀਐੱਮ ਭਾਵ 'ਇੰਡੀਆ ਅਗੇਂਸਟ ਬਾਇਸਡ ਮੀਡੀਆ' ਰਾਹੀਂ ਪੇਸ਼ ਕੀਤਾ ਹੈ। ਸ੍ਰੀ ਬਾਸਟਰਡ ਨੇ ਕਿਹਾ, "ਅਸੀਂ ਭਾਰਤ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਗਰੁੱਪ ਉਤੇ ਪਾਬੰਦੀ ਲਾਈ ਜਾਵੇ, ਜਿਹੜਾ ਖੁੱਲ੍ਹੇਆਮ ਕਤਲਾਂ ਲਈ ਉਕਸਾ ਰਿਹਾ ਹੈ।"


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕੀ ਇਸ ਵਾਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦੀ ਮੰਗ ਨੂੰ ਪੂਰਾ ਕਰਨਗੀਆਂ ਸਰਕਾਰਾਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਦਾਂ ਸਮੋਈ ਬੈਠੇ ਪਵਿੱਤਰ ਅਸਥਾਨ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਮੁੱਦਾ ਪਿਛਲੇ ਲੰਮੇ ਸਮੇ ਤੋਂ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਪਾਕਿਸਤਾਨ ਅੰਦਰ ਰਾਵੀ ਦਰਿਆ ਦੇ ਕਿਨਾਰੇ 'ਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭਾਰਤੀ ਸਿੱਖ ਸੰਗਤਾਂ ਲਾਂਘੇ ਦੀ ਮੰਗ ਕਰਦੀਆਂ ਆ ਰਹੀਆਂ ਹਨ ਪਰ ਕਈ ਵਾਰ ਇਹ ਮੁੱਦਾ ਉਠਣ ਦੇ ਬਾਅਦ ਵੀ ਸਰਕਾਰਾਂ ਇਸ ਦਾ ਕੋਈ ਸਥਾਈ ਹੱਲ ਕੱਢ ਨਹੀਂ ਸਕੀਆਂ। ਪਿਛਲੇ ਕਰੀਬ 7 ਦਹਾਕਿਆਂ ਤੋਂ ਨਾ ਤਾਂ ਦੋਵੇ ਦੇਸ਼ਾਂ ਦੀਆਂ ਸਰਕਾਰਾਂ ਇਸ ਤਿੰਨ ਕਿਲੋਮੀਟਰ ਨੂੰ ਲਾਂਘਾ ਬਣਾ ਸਕੀਆਂ ਅਤੇ ਨਾ ਹੀ ਯੂਐਨਓ. ਵੱਲੋਂ ਸਿੱਖਾਂ ਦੇ ਪੱਖ ਵਿਚ ਕੋਈ ਫੈਸਲਾ ਸੁਣਾ ਕੇ ਇਸ ਮੰਗ ਨੂੰ ਪੂਰਾ ਕੀਤਾ ਜਾ ਸਕਿਆ। ਅੱਜ ਵੀ ਭਾਰਤ ਵਿਚ ਵਸਦੀਆਂ ਸਿੱਖ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਦੂਰਬੀਨ ਦੀ ਵਰਤੋਂ ਕਰਨੀ ਪੈ ਰਹੀ ਹੈ। ਹਾਲੇ ਤੱਕ ਸਿੱਖ ਸੰਗਤ ਦੀਆਂ ਲਗਾਤਾਰ ਕੀਤੀਆਂ ਗਈਆਂ ਕੋਸ਼ਿਸ਼ਾਂ ਸਦਕਾ ਹੀ, ਇਹ ਸੰਭਵ ਹੋ ਸਕਿਆ ਹੈ ਕਿ ਸਿੱਖ ਸੰਗਤਾਂ ਡੇਰਾ ਬਾਬਾ ਨਾਨਕ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਸਰਹੱਦ ਨੇੜੇ ਲੱਗੀ ਦੂਰਬੀਨ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਪਾਉਂਦੀਆਂ ਹਨ। ਇਤਿਹਾਸਿਕ ਗੁਰਦੁਆਰਾ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਦੇ ਰੇਲਵੇ ਸਟੇਸ਼ਨ ਤੋਂ ਸਿਰਫ਼ ਚਾਰ ਕਿਲੋਮੀਟਰ ਦੀ ਦੂਰੀ 'ਤੇ ਪਾਕਿਸਤਾਨ ਵਿਚ ਸਥਿਤ ਹੈ। ਇਹ ਇਲਾਕਾ ਪਾਕਿਸਤਾਨ ਦੇ ਲਾਹੌਰ ਤੋਂ 120 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਦਾ ਵੀਜ਼ਾ ਲੈ ਕੇ ਜਾਣ ਵਾਲੀਆਂ ਸੰਗਤਾਂ ਨੂੰ ਲਾਹੌਰ ਹੁੰਦੇ ਹੋਏ ਇਹ ਫਾਸਲਾ ਤੈਅ ਕਰਕੇ ਕਰਤਾਰਪੁਰ ਸਾਹਿਬ ਪਹੁੰਚਣਾ ਪੈਂਦਾ ਹੈ। ਕਰਤਾਰਪੁਰ ਸਾਹਿਬ ਲਾਹੌਰ ਦੇ ਜ਼ਿਲ੍ਹੇ ਨਾਰੋਵਾਲ ਵਿਚ ਸਥਿਤ ਹੈ, ਜਿਸ ਦੀ ਡੇਰਾ ਬਾਬਾ ਨਾਨਕ ਦੇ ਨੇੜੇ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਸਿੱਧੀ ਦੂਰੀ ਸਿਰਫ਼ ਤਿੰਨ ਕਿਲੋਮੀਟਰ ਦੀ ਹੈ। ਸਿੱਖ ਸੰਗਤਾਂ ਵਲੋਂ ਵਾਰ-ਵਾਰ ਕੀਤੀ ਗਈ ਮੰਗ ਨੂੰ ਦੇਖਦਿਆਂ ਹੋਇਆ ਬੀਐਸਐਫ. ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਨੂੰ ਡੇਰਾ ਬਾਬਾ ਨਾਨਕ ਤੋਂ ਕਰੀਬ ਇਕ ਕਿਲੋਮੀਟਰ ਦੀ ਦੂਰੀ 'ਤੇ ਲੱਗੀ ਕੰਡਿਆਲੀ ਤਾਰ ਤੱਕ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ। ਇਸ ਦੇ ਬਾਅਦ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਦੂਰਬੀਨ ਨੂੰ ਉਚੀ ਥਾਂ 'ਤੇ ਫਿੱਟ ਕੀਤਾ ਗਿਆ। ਸੰਗਤਾਂ ਲਈ ਬਣਾਏ ਗਏ ਦਰਸ਼ਨੀ ਅਸਥਾਨ 'ਤੇ ਫਿੱਟ ਕੀਤੀ ਗਈ ਇਸ ਦੂਰਬੀਨ ਦੀ ਵਰਤੋਂ ਨਾਲ ਸਿੱਖ ਸੰਗਤਾਂ ਗੁਰਦੁਆਰਾ ਸਾਹਿਬ ਦੀ ਦੂਰ ਤੋਂ ਹੀ ਝਲਕ ਪਾ ਲੈਂਦੀਆਂ ਹਨ। ਹਰ ਰੋਜ਼ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਇਸ ਸਥਾਨ 'ਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਦੀਆਂ ਹਨ। ਫਿਲਹਾਲ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ ਜਾਣ ਦਾ ਕੋਈ ਸਿੱਧਾ ਰਸਤਾ ਮੌਜੂਦ ਨਹੀਂ ਹੈ। ਭਾਰਤ-ਪਾਕਿਸਤਾਨ ਵਿਚਾਲੇ ਹੋਈ ਜੰਗ ਦੌਰਾਨ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਜਾਣ ਲਈ ਰਾਵੀ ਦਰਿਆ 'ਤੇ ਬਣੇ ਹੋਏ ਪੁਲ ਨੂੰ ਵੀ ਤੋੜ ਦਿੱਤਾ ਗਿਆ ਸੀ, ਜਿਸ 'ਤੇ ਕਦੇ ਰੇਲ ਦੀ ਪਟੜੀ ਹੋਇਆ ਕਰਦੀ ਸੀ। ਜੇਕਰ ਸਿੱਖ ਸੰਗਤਾਂ ਦੀ ਮੰਗ 'ਤੇ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਰਾਜ਼ੀ ਹੋ ਕੇ ਤਿੰਨ ਕਿਲੋਮੀਟਰ ਦਾ ਇਹ ਲਾਂਘਾ ਬਣਾਉਣ ਲਈ ਤਿਆਰ ਹੋ ਜਾਂਦੀਆਂ ਹਨ ਤਾ ਸਿਰਫ਼ ਸਰਹੱਦ ਪਾਰ ਦੇ ਮੈਦਾਨੀ ਇਲਾਕੇ 'ਚ ਇਕ ਸੜਕ ਅਤੇ ਦਰਿਆ 'ਤੇ ਇਕ ਪੁਲ ਬਣਾਉਣਾ ਪਵੇਗਾ। ਪਾਕਿਸਤਾਨ ਦੇ ਇਲਾਕੇ ਵਿਚ ਗੁਰਦੁਆਰਾ ਸਾਹਿਬ ਤੱਕ ਪਹੁੰਚਣ ਲਈ ਪੈਂਦੇ ਮੈਦਾਨੀ ਇਲਾਕੇ ਵਿਚ ਜਾਣ ਦੀ ਫਿਲਹਾਲ ਕਿਸੇ ਨੂੰ ਇਜਾਜ਼ਤ ਨਹੀਂ ਹੈ। ਗੁਰਦੁਆਰਾ ਸਾਹਿਬ ਬਿਲਕੁਲ ਦਰਿਆ ਦੇ ਕਿਨਾਰੇ 'ਤੇ ਸ਼ੁਸੋਭਿਤ ਹਨ ਅਤੇ ਗੁਰਦੁਆਰਾ ਸਾਹਿਬ ਤੱਕ ਪਹੁੰਚਣ ਲਈ ਦਰਿਆ ਨੂੰ ਪਾਰ ਕਰਨਾ ਪੈਂਦਾ ਹੈ। ਤਿੰਨ ਕਿਲੋਮੀਟਰ ਦੇ ਇਸ ਲਾਂਘੇ ਦੀ ਮੰਗ ਨੂੰ ਅਜ਼ਾਦੀ ਦੇ ਬਾਅਦ ਕਰੀਬ 7 ਦਹਾਕਿਆਂ ਤੋਂ ਕੋਈ ਵੀ ਸਰਕਾਰ ਪੂਰਾ ਨਹੀਂ ਕਰ ਸਕੀ। ਸਿੱਖ ਸੰਗਤਾਂ ਨੇ ਕਈ ਵਾਰ ਮੌਜੂਦਾ ਸਰਕਾਰਾਂ ਤੋਂ ਲਾਂਘਾ ਬਣਾਏ ਜਾਣ ਦੀ ਮੰਗ ਕੀਤੀ ਪਰ ਸਰਕਾਰਾਂ ਨੇ ਇਸ ਦਾ ਕੋਈ ਹੱਲ ਕੱਢ ਕੇ ਨਹੀਂ ਦਿੱਤਾ। ਲਾਂਘਾ ਬਣਾਏ ਜਾਣ ਦੀ ਮੰਗ ਅੱਜ ਵੀ ਸਿੱਖ ਸੰਗਤਾਂ ਕਰ ਰਹੀਆਂ ਹਨ ਪਰ ਸਰਕਾਰਾਂ ਕਦ ਸਿੱਖ ਸੰਗਤਾਂ ਦੀ ਇਸ ਮੰਗ ਨੂੰ ਪੂਰਾ ਕਰਦੀਆਂ ਹਨ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।



## ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਇਤਿਹਾਸ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦਾ ਅੰਤਿਮ ਸਮਾਂ ਕਰਤਾਰਪੁਰ ਸਾਹਿਬ ਵਿਖੇ ਗੁਜ਼ਾਰਿਆ ਸੀ ਅਤੇ ਉਹ ਇਸੇ ਪਵਿੱਤਰ ਸਥਾਨ 'ਤੇ 22 ਸਤੰਬਰ 1539 ਈ. ਵਿਚ ਜੋਤੀ ਜੋਤ ਸਮਾਏ ਸਨ। ਆਪਣੀ ਜ਼ਿੰਦਗੀ ਦੀਆਂ ਚਾਰ ਉਦਾਸੀਆਂ ਕਰਨ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਆ ਗਏ ਸਨ। ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਨੇ ਇਸ ਸਥਾਨ 'ਤੇ 17 ਸਾਲ 5 ਮਹੀਨੇ 9 ਦਿਨ ਖੇਤੀਬਾੜੀ ਕੀਤੀ ਅਤੇ ਇਸ ਸਥਾਨ 'ਤੇ ਹੀ ਉਨ੍ਹਾਂ ਨੇ ਮਾਨਵਤਾ ਨੂੰ ਕਿਰਤ ਕਰਨ ਅਤੇ ਵੰਡ ਕੇ ਛਕਣ ਜਿਹੇ ਉਪਦੇਸ਼ ਵੀ ਦਿੱਤੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਇਸ ਪਵਿੱਤਰ ਸਥਾਨ 'ਤੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਸੀ। ਪਾਕਿਸਤਾਨ ਵਿਚ ਪੈਂਦੇ ਕਰਤਾਰਪੁਰ ਸਾਹਿਬ ਤੋਂ ਕੁਝ ਦੂਰੀ 'ਤੇ ਹੀ ਭਾਰਤੀ ਇਲਾਕੇ ਵਿਚ ਪੈਂਦੇ ਡੇਰਾ ਬਾਬਾ ਨਾਨਕ ਵਿਚ ਵੀ ਗੁਰੂ ਸਾਹਿਬਾਨ ਦੀਆਂ ਯਾਦਾਂ ਮੌਜੂਦ ਹਨ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਦੀ ਉਸਾਰੀ ਕਰਵਾਈ ਸੀ। ਸੰਨ 1995 ਵਿਚ ਪਾਕਿਸਤਾਨ ਦੀ ਸਰਕਾਰ ਵਲੋਂ ਗੁਰਦੁਆਰਾ ਸਾਹਿਬ ਦੀ ਮੁਰੰਮਤ ਦਾ ਕੰਮ ਕਰਵਾਇਆ ਗਿਆ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਨਵੀ ਦਿੱਖ ਦਿੱਤੀ ਗਈ। ਸਾਲ 2004 ਵਿਚ ਇਕ ਵਾਰ ਫਿਰ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਕੰਮ ਕਰਵਾਇਆ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਸੀਮ ਯਾਦਾਂ ਸਮੋਈ ਬੈਠੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਸਮੁੱਚੇ ਸਿੱਖ ਜਗਤ ਦੇ ਮਨ ਵਿਚ ਹੈ ਪਰ ਭਾਰਤ ਅਤੇ ਪਾਕਿਸਤਾਨ ਵਿਚ ਤਣਾਅਪੂਰਨ ਮਾਹੌਲ ਅਤੇ ਸਰਕਾਰਾਂ ਵਲੋਂ ਲਾਂਘੇ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਾ ਲੈਣਾ, ਸਿੱਖ ਸੰਗਤ ਦੀ ਇਸ ਤਾਂਘ ਨੂੰ ਪੂਰਾ ਨਹੀਂ ਕਰ ਸਕਿਆ ਹੈ।

## ਇਕ ਵਾਰ ਫਿਰ ਬੱਝੀ ਲਾਂਘੇ ਦੀ ਮੰਗ ਪੂਰੀ ਹੋਣ ਦੀ ਆਸ

ਪੰਜਾਬ ਦੇ ਸਥਾਨਕ ਸਰਕਾਰਾਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਦੀ ਫੇਰੀ ਨੇ ਇਕ ਵਾਰ ਫਿਰ ਇਸ ਲਾਂਘੇ ਨੂੰ ਖੋਲ੍ਹੇ ਜਾਣ ਦੀ ਉਮੀਦ ਜਗਾਈ ਹੈ। ਹਾਲਾਂਕਿ ਪਾਕਿਸਤਾਨ ਫੌਜ ਦੇ ਮੁਖੀ ਨਾਲ ਨਵਜੋਤ ਸਿੰਘ ਸਿੱਧੂ ਦੀ ਗਲਵੱਕੜੀ ਨੂੰ ਕੁਝ ਲੋਕਾਂ ਨੇ ਗਲਤ ਦੱਸਦੇ ਹੋਏ ਇਸ ਦੀ ਨਿਖੇਧੀ ਕੀਤੀ ਪਰ ਪਾਕਿਸਤਾਨ ਵੱਲੋਂ ਕਰਤਾਰਪੁਰ ਤੱਕ ਦੇ ਲਾਂਘੇ ਸਬੰਧੀ ਸਿੱਧੂ ਨੂੰ ਚੰਗੇ ਸੰਕੇਤ ਮਿਲੇ ਹਨ। ਨਵਜੋਤ ਸਿੰਘ ਪਾਕਿਸਤਾਨ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸੱਦੇ 'ਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਪਦ ਲਈ ਸਹੁੰ ਚੁੱਕ ਸਮਾਗਮ ਵਿੱਚ ਹਿੱਸਾ ਲੈਣ ਲਈ 17 ਅਗਸਤ ਨੂੰ ਪਾਕਿਸਤਾਨ ਗਏ ਸਨ। ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ 'ਤੇ ਕਰਤਾਰਪੁਰ ਦਾ ਰਸਤਾ ਖੋਲ੍ਹਣ ਦੇ ਸਬੰਧ ਵਿਚ ਪਾਕਿਸਤਾਨ ਸਰਕਾਰ ਵਿਚਾਰ ਕਰ ਰਹੀ ਹੈ। ਇਸ ਦੇ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਇਕ ਚਿੱਠੀ ਲਿਖ ਕੇ ਇਸ ਸਬੰਧ ਵਿਚ ਆਪਣਾ ਨਿਜੀ ਦਖਲ ਦੇਣ ਲਈ ਕਿਹਾ ਸੀ। ਪਰ ਜੇਕਰ ਪਾਕਿਸਤਾਨ ਇਸ ਮੁੱਦੇ 'ਤੇ ਗੱਲਬਾਤ ਕਰਨ ਨੂੰ ਤਿਆਰ ਹੈ ਤਾਂ ਭਾਰਤ ਸਰਕਾਰ ਨੂੰ ਸਿੱਖਾਂ ਦੀ ਇਸ ਮੰਗ ਨੂੰ ਪੂਰਾ ਕਰਵਾਉਣ ਲਈ ਆਪਣੇ ਤੌਰ 'ਤੇ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਲੱਗ ਰਿਹਾ ਹੈ ਕਿ ਦੋਵੇਂ ਸਰਕਾਰਾਂ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਸਬੰਧ ਵਿਚ ਗੰਭੀਰਤਾ ਨਾਲ ਗੱਲਬਾਤ ਕਰਨਗੀਆਂ ਤਾਂ ਇਸ ਵਾਰ ਸਿੱਖ ਸੰਗਤਾਂ ਦੀ ਲੰਮੇ ਸਮੇ ਦੀ ਤਾਂਘ ਪੂਰੀ ਹੋ ਸਕਦੀ ਹੈ। ਇਸ ਮੁੱਦੇ ਬਾਰੇ ਦਲ ਖਾਲਸਾ ਦੇ ਰਾਜਨੀਤੀ ਮੁੱਦਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਵੀ ਇਕ ਬਿਆਨ ਦਿੰਦੇ ਹੋਏ ਕਿਹਾ ਹੈ ਕਿ ਸਿੱਧੂ ਸਿੱਖ ਸੰਗਤਾਂ ਦੇ ਲੰਮੇ-ਸਮੇਂ ਦੀ ਮੰਗ ਦੇ ਸੰਦੇਸ਼ ਨੂੰ ਆਪਣੇ ਨਾਲ ਲੈ ਕੇ ਗਏ ਸਨ। ਉਨ੍ਹਾਂ ਕਿਹਾ ਕਿ ਜਦ ਸੰਨ 1998 ਵਿਚ ਲਾਂਘੇ ਦੀ ਇਹ ਮੰਗ ਉਠੀ ਸੀ, ਤਦ ਤੋਂ ਹੀ ਪਾਕਿਸਤਾਨ ਸਰਕਾਰ ਇਸ ਮੁੱਦੇ 'ਤੇ ਗੱਲ ਕਰਨ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਪਰ ਭਾਰਤ ਸਰਕਾਰ ਸਿੱਖਾਂ ਦੀ ਇਸ ਮੰਗ ਨੂੰ ਲੈ ਕੇ ਗੰਭੀਰ ਨਹੀਂ ਰਹੀ ਹੈ। ਸੰਗਤਾਂ ਲੰਮੇ ਸਮੇ ਤੋਂ ਡੇਰਾ ਬਾਬਾ ਨਾਨਕ ਪਹੁੰਚ ਕੇ ਇਹ ਅਰਦਾਸ ਕਰ ਰਹੀਆਂ ਹਨ ਕਿ ਸਿੱਖਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਨਸੀਬ ਹੋਣ।

# ਅਮਰਿੰਦਰ ਵੱਲੋਂ ਸਿੱਖ ਸੰਗਤਾਂ ਨੂੰ ਕਰਤਾਰਪੁਰ ਸਾਹਿਬ ਦਾ ਆਰਜ਼ੀ ਲਾਂਘਾ ਦਿਵਾਉਣ ਲਈ ਵਿਦੇਸ਼ ਮੰਤਰੀ ਨੂੰ ਅਪੀਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਲਿਖੇ ਪੱਤਰ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਮੌਕੇ ਸ਼ਰਧਾਲੂਆਂ ਨੂੰ ਪਾਕਿਸਤਾਨ ਸਥਿਤ ਕਰਤਾਰਪੁਰ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਦਰਸ਼ਨਾਂ ਵਾਸਤੇ ਪਾਕਿਸਤਾਨ ਸਰਕਾਰ ਕੋਲੋਂ ਲਾਂਘੇ ਦੀ ਮੰਗ ਕਰਨ ਵਾਸਤੇ ਵਿਸ਼ੇਸ਼ ਨਿੱਜੀ ਯਤਨ ਕਰਨ ਦੀ ਅਪੀਲ ਕੀਤੀ ਹੈ। ਨਿੱਜੀ ਤੌਰ 'ਤੇ ਦਖ਼ਲ ਦੇਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਬੀਬੀ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਕਿ ਉਹ ਇਹ ਮਾਮਲਾ ਆਪਣੇ ਪਾਕਿਸਤਾਨੀ ਹਮਰੁਤਬਾ ਕੋਲ ਉਠਾਉਣ ਅਤੇ ਜਨਮ ਦਿਵਸ ਸਮਾਰੋਹਾਂ ਮੌਕੇ ਕੌਮਾਂਤਰੀ ਸਰਹੱਦ ਤੋਂ ਕਰਤਾਰਪੁਰ ਗੁਰਦੁਆਰਾ ਸਾਹਿਬ ਤਕ ਗਲਿਆਰਾ ਖੁਲ੍ਹਵਾਉਣ ਤਾਂ ਜੋ ਸ਼ਰਧਾਲੂ ਕਰਤਾਰਪੁਰ ਵਿਖੇ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋ ਸਕਣ। ਕੈਪਟਨ ਨੇ ਕਿਹਾ ਕਿ ਕਰਤਾਰਪੁਰ ਰਾਵੀ ਤੋਂ ਪਰਲੇ ਪਾਸੇ ਕੌਮਾਂਤਰੀ ਸਰਹੱਦ ਤੋਂ 4 ਕਿਲੋਮੀਟਰ ਦੂਰ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਕੋਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੇ ਗੁਰੂ ਨਾਨਕ ਦੇਵ ਨੇ ਕਰਤਾਰਪੁਰ ਵਿਖੇ ਅੰਤਿਮ ਸਵਾਸ ਲਏ ਸਨ ਅਤੇ ਉਨ੍ਹਾਂ ਦਾ 550 ਵਾਂ ਜਨਮ ਦਿਹਾੜਾ ਨਵੰਬਰ 2019 ਵਿੱਚ ਮਨਾਇਆ ਜਾਣਾ ਹੈ। ਸਿੱਖ ਭਾਈਚਾਰੇ ਦੀ ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਤੱਕ ਪਹੁੰਚ ਯਕੀਨੀ ਬਣਾਏ ਜਾਣ ਦੀ ਇਤਿਹਾਸਕ ਮੰਗ ਰਹੀ ਹੈ। ਪੰਜਾਬ ਸਰਕਾਰ ਨੇ ਇਸ ਸਬੰਧ ਵਿੱਚ ਭਾਰਤ ਸਰਕਾਰ ਨੂੰ ਵਾਰ-ਵਾਰ ਬੇਨਤੀ ਕਰਕੇ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਲਈ ਆਖਿਆ ਹੈ। ਕੈਪਟਨ ਨੇ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਹਿਲੀ ਸਤੰਬਰ, 2004 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਉਤਸਵ ਮੌਕੇ ਅੰਮ੍ਰਿਤਸਰ ਵਿਖੇ ਇਸ ਸਬੰਧੀ ਐਲਾਨ ਕੀਤਾ ਸੀ। ਉਨ੍ਹਾਂ ਸਾਲ 2005 ਅਤੇ 2006 'ਚ ਸੂਬੇ ਦੇ ਦੌਰੇ ਦੌਰਾਨ ਵੀ ਇਹ ਗੱਲ ਦੁਹਰਾਈ ਸੀ ਪਰ ਕੋਸ਼ਿਸ਼ਾਂ ਦੇ ਬਾਵਜੂਦ ਇਸ ਨੂੰ ਅਮਲੀ ਰੂਪ ਨਹੀਂ ਮਿਲਿਆ। ਉਨ੍ਹਾਂ ਨੇ ਵਿਦੇਸ਼ ਮੰਤਰੀ ਨੂੰ ਇਸ ਸਬੰਧੀ ਨਿੱਜੀ ਕੋਸ਼ਿਸ਼ਾਂ ਕਰਨ ਦੀ ਅਪੀਲ ਕੀਤੀ ਹੈ।



## ਬਾਬਾ ਬਿਧੀ ਚੰਦ ਜੀ ਸੰਪ੍ਰਦਾਇ ਦੇ ਮੁਖੀ ਅਵਤਾਰ ਸਿੰਘ ਜੀ ਦੀ ਗੁਰਮਤਿ ਪ੍ਰਚਾਰ ਫੇਰੀ

**ਫੋਟੋ : ਜਥੇਦਾਰ ਅਵਤਾਰ ਸਿੰਘ ਜੀ ਸੁਰਸਿੰਘ ਵਾਲੇ।**

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਜਥੇਦਾਰ ਅਵਤਾਰ ਸਿੰਘ ਜੀ ਸੁਰਸਿੰਘ ਵਾਲੇ 29 ਅਗਸਤ ਤੋਂ 12 ਸਤੰਬਰ ਤੱਕ ਨਾਰਥ ਅਮਰੀਕਾ-ਕੈਨੇਡਾ ਗੁਰਮਤਿ ਪ੍ਰਚਾਰ ਫੇਰੀ ਤੇ ਪਹੁੰਚ ਰਹੇ ਹਨ। ਉਹ ਵੱਖ ਵੱਖ ਸ਼ਹਿਰਾਂ ਵਿਚ ਉਲੀਕੇ ਪ੍ਰੋਗਰਾਮਾਂ ਅਨੁਸਾਰ ਹਾਜ਼ਰੀ ਭਰਨਗੇ।



ਇਸ ਬਾਰੇ ਸਰਵਣ ਸਿੰਘ, ਹਰਜੀਤ ਸਿੰਘ ਅਤੇ ਜਸਦੇਵ ਸਿੰਘ ਨੇ ਦੱਸਿਆ ਕਿ ਟੋਰਾਂਟੋ ਤੋਂ ਬਾਅਦ ਪਹਿਲੀ ਸਤੰਬਰ ਨੂੰ ਉਹ ਕੇਲਡੇਨ ਵਿਚ ਪਹੁੰਚ ਕੇ ਧਰਮ ਪ੍ਰਚਾਰ ਕਰਨਗੇ। ਉਸ ਤੋਂ ਬਾਅਦ ਮੋਨੋ ਸਿਟੀ ਵਿਚ ਸ਼ਾਮ ਨੂੰ ਕੁਸ਼ਤੀਆਂ ਤੇ ਰੱਸਾਕੱਸੀ ਦੇ ਮੁਕਾਬਲੇ ਹੋਣਗੇ। ਨੌਰਥ ਅਮਰੀਕਾ ਵਿਚ ਬਾਬਾ ਅਵਤਾਰ ਸਿੰਘ ਜੀ ਦੇ ਸਵਾਗਤ ਅਤੇ ਗੁਰਮਤਿ ਪ੍ਰਚਾਰ ਲਈ ਸੁਰ ਸਿੰਘ ਨਿਵਾਸੀਆਂ, ਸਨੇਹੀਆਂ ਤੇ ਪ੍ਰੇਮੀਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

# *ਬਹਿਬਲ ਕਲਾਂ ਗੋਲੀਕਾਂਡ :* ਪੀੜਤ ਸਿੱਖ ਪਰਿਵਾਰਾਂ ਨੂੰ 2.90 ਕਰੋੜ ਰੁਪਏ ਮੁਆਵਜ਼ਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਤੋਂ ਬਾਅਦ ਬਹਿਬਲ ਕਲਾਂ ਵਿਖੇ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਈ ਦੋ ਸਿੱਖਾਂ ਦੇ ਪਰਿਵਾਰਾਂ ਨੂੰ ਅਤੇ ਜ਼ਖ਼ਮੀ ਹੋਏ ਸਿੱਖਾਂ ਨੂੰ 2.90 ਕਰੋੜ ਰੁਪਏ ਦੀ ਐਲਾਨੀ ਵਿੱਤੀ ਮਦਦ ਤਕਸੀਮ ਕੀਤੀ। ਇਹ ਮਦਦ ਦੇਣ ਬਾਰੇ ਐਲਾਨ ਮੁੱਖ ਮੰਤਰੀ ਨੇ 30 ਜੁਲਾਈ ਦੀ ਪੱਤਰਕਾਰ ਮਿਲਣੀ ਦੌਰਾਨ ਕੀਤਾ ਸੀ। ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸ਼ਹੀਦਾਂ ਦੇ ਵਾਰਸਾਂ ਨੂੰ 75 ਲੱਖ ਰੁਪਏ ਅਤੇ ਨੌਕਰੀ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਸ਼ਹੀਦਾਂ ਦੇ ਪਰਿਵਾਰਾਂ ਨੂੰ ਇਹ ਚੈੱਕ ਦੇਣ ਵੇਲੇ ਕੈਪਟਨ ਅਮਰਿੰਦਰ ਸਿੰਘ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਅਤੇ ਹਰਮਿੰਦਰ ਸਿੰਘ ਗਿੱਲ ਵੀ ਨਾਲ ਸਨ। ਮੁੱਖ ਮੰਤਰੀ ਦਫ਼ਤਰ, ਪੰਜਾਬ ਵੱਲੋਂ ਜਾਰੀ ਲਿਖਤੀ ਬਿਆਨ ਵਿੱਚ ਸਰਕਾਰੀ ਬੁਲਾਰੇ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਬਹਿਬਲ ਕਲਾਂ ਗੋਲੀਕਾਂਡ ਦੇ ਸ਼ਹੀਦ ਗੁਰਜੀਤ ਸਿੰਘ ਪਿੰਡ ਸਰਾਵਾਂ ਅਤੇ ਕ੍ਰਿਸ਼ਨ ਭਗਵਾਨ ਸਿੰਘ ਪਿੰਡ ਬਹਿਬਲ ਖੁਰਦ ਦੇ ਪਰਿਵਾਰਾਂ ਲਈ ਪਹਿਲਾਂ ਜਾਰੀ ਮਾਇਆ ਵਿਚ ਦੋਵਾਂ ਪਰਿਵਾਰਾਂ ਲਈ 90-90 ਲੱਖ ਰੁਪਏ ਦਾ ਵਾਧਾ ਕੀਤਾ ਸੀ। ਜ਼ਿਕਰਯੋਗ ਹੈ ਕਿ ਜਿਸ ਵੇਲੇ ਇਹ ਘਟਨਾ ਵਾਪਰੀ ਸੀ, ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਨੇ ਸ਼ਹੀਦ ਪਰਿਵਾਰਾਂ ਨੂੰ ਸਿਰਫ਼ 10-10 ਲੱਖ ਰੁਪਏ ਮੁਆਵਜ਼ਾ ਦਿੱਤਾ ਸੀ। ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਨਾਥਪੁਰਾ ਦੇ ਅਜੀਤ ਸਿੰਘ, ਜੋ ਉਸ ਵੇਲੇ ਗੰਭੀਰ ਜ਼ਖ਼ਮੀ ਹੋ ਗਿਆ ਸੀ, ਨੂੰ 60 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਇਸ ਦੇ ਨਾਲ ਹੀ ਉਸਦੇ ਇਲਾਜ ਉੱਤੇ ਹੋਇਆ ਮੁਕੰਮਲ ਖਰਚ ਵੀ ਅਦਾ ਕਰਨ ਦਾ ਐਲਾਨ ਕਰਦਿਆਂ ਉਸ ਦੀ ਦੇਖਭਾਲ ਲਈ 15,000 ਰੁਪਏ ਪ੍ਰਤੀ ਮਹੀਨਾ 'ਤੇ ਸਾਂਭ-ਸੰਭਾਲ ਕਰਨ ਵਾਲਾ ਵਿਅਕਤੀ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ।



ਇਸੇ ਤਰ੍ਹਾਂ ਬੇਅੰਤ ਸਿੰਘ ਪਿੰਡ ਬਹਿਬਲ ਖੁਰਦ, ਜੋ ਕਿ ਉਸ ਸਮੇਂ ਜ਼ਖ਼ਮੀ ਹੋਇਆ ਸੀ, ਨੂੰ 50 ਲੱਖ ਰੁਪਏ ਅਤੇ ਇਲਾਜ 'ਤੇ ਖਰਚ ਹੋਏ 2.60 ਲੱਖ ਰੁਪਏ ਦੀ ਅਦਾਇਗੀ ਵੀ ਸਰਕਾਰ ਕਰ ਚੁੱਕੀ ਹੈ। ਇਹ ਚੈੱਕ ਲੈਣ ਲਈ ਬੇਅੰਤ ਸਿੰਘ, ਕ੍ਰਿਸ਼ਨ ਭਗਵਾਨ ਸਿੰਘ ਦੇ ਪਰਿਵਾਰਾਂ 'ਚੋਂ ਮਹਿੰਦਰ ਸਿੰਘ ਅਤੇ ਸੁਖਰਾਜ ਕਰਨ ਸਿੰਘ, ਅਜੀਤ ਸਿੰਘ ਅਤੇ ਗੁਰਜੀਤ ਸਿੰਘ ਦੇ ਪਰਿਵਾਰ 'ਚੋਂ ਸਾਧੂ ਸਿੰਘ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਸਿੱਖ ਧਿਰਾਂ ਵੱਲੋਂ ਇਹਨਾਂ ਘਟਨਾਵਾਂ ਦੀ ਜਾਂਚ ਲਈ ਬਣਾਏ ਗਏ ਜੱਜ ਮਾਰਕੰਡੇ ਕਾਟਜੂ ਕਮਿਸ਼ਨ ਨੇ ਵੀ ਆਪਣੀ ਜਾਂਚ ਰਿਪੋਰਟ ਵਿਚ ਪੀੜਤਾਂ ਨੂੰ 1 ਕਰੋੜ ਰੁਪਇਆ ਮੁਆਵਜ਼ਾ ਅਤੇ ਦੋਸ਼ੀ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਲਈ ਕਿਹਾ ਸੀ।

# ਲੇਖਕ ਖਾਲਸਾ ਏਡ ਤੇ ਸਿੱਖ ਸਭਿਆਚਾਰ ਨੂੰ ਸਮਝਣ

**ਬਲਵਿੰਦਰਪਾਲ ਸਿੰਘ (ਪ੍ਰੋ.)**
(ਸੰਪਰਕ : 9815700916)




ਖ਼ਾਲਸਾ ਏਡ ਦੇ ਇਕ ਵਲੰਟੀਅਰ ਦੀ ਹੜ੍ਹ ਮਾਰੇ ਕੇਰਲਾ 'ਚ ਇਕ ਪੀੜਤ ਨੂੰ ਕਲਾਵੇ ਵਿਚ ਲੈਣ ਵਾਲੀ ਇਹ ਫ਼ੋਟੋ ਵਿਸ਼ਵ ਭਰ ਵਿਚ ਚਰਚਾ ਦਾ ਕੇਂਦਰ ਬਣੀ ਹੈ। ਪੀੜਤ ਦੇ ਹਵਾਲੇ ਨਾਲ ਇਕ ਅਖ਼ਬਾਰ ਨੇ ਟਿੱਪਣੀ ਕੀਤੀ, **'ਕੇਰਲਾ ਵਿਚ ਰੱਬ ਪੱਗ ਬੰਨ੍ਹ ਕੇ ਫਿਰਦਾ ਦੇਖਿਆ ਗਿਆ।'**

ਜਦੋਂ ਤੋਂ ਮਨੁੱਖ ਨੇ ਹੋਸ਼ ਸੰਭਾਲੀ ਹੈ, ਉਹ ਆਪਣੇ-ਆਪ ਨੂੰ ਅਤੇ ਸਮਾਜ ਨੂੰ ਸੁਧਾਰਨ ਲਈ ਸਦਾ ਯਤਨਸ਼ੀਲ ਰਿਹਾ ਹੈ। ਧਾਰਮਿਕ ਰਹਿਬਰ



ਕਈ ਸਦੀਆਂ ਤਾਈਂ ਇਹਨਾਂ ਯਤਨਾਂ ਵਿੱਚ ਰੁੱਝੇ ਰਹੇ। ਪਰ ਸ਼ਕਤੀਸ਼ਾਲੀ ਰਾਜੇ ਤੇ ਹਾਕਮ ਆਪਣੀਆਂ ਹਉਮੈਂ-ਗ੍ਰਸਿਤ ਲੋੜਾਂ ਅਨੁਸਾਰ ਇਹਨਾਂ ਮਨੁੱਖਤਾ ਪੱਖੀ ਵਿਚਾਰਧਾਰਾਵਾਂ ਨੂੰ ਪੁੱਠਾ ਗੇੜਾ ਦੇ ਕੇ ਪਲੀਤ ਕਰਨ ਵਿੱਚ ਰੁੱਝੇ ਰਹੇ। ਇਹ ਵਰਤਾਰਾ ਅਣਗਿਣਤ ਸਦੀਆਂ ਤਾਈਂ ਸਾਰੀ ਧਰਤੀ 'ਤੇ ਚਲਦਾ ਰਿਹਾ ਤੇ ਅੱਜ ਵੀ ਅਸੀਂ ਨਫ਼ਰਤਾਂ ਦੇ ਜਵਾਲਾਮੁਖੀ ਦਾ ਸੇਕ ਚਾਰ-ਚੁਫੇਰੇ ਹੰਢਾਅ ਰਹੇ ਹਾਂ। ਭਾਵੇਂ ਅਮਰੀਕੀ ਬੁੱਧੀਮਾਨ ਹਟਿੰਗਟਨ ਨੇ ਇਸ ਦੇ ਅਜੋਕੇ ਪ੍ਰਗਟਾਵੇ ਨੂੰ "ਸੱਭਿਆਚਾਰਾਂ ਦਾ ਭੇੜ" ਦੱਸਿਆ ਹੈ, ਪਰ ਸੱਚਾਈ ਇਹ ਹੈ ਕਿ ਪਿਛਲੀ ਸਦੀ ਦੇ ਅੱਧ ਤੋਂ ਅਮਰੀਕੀਆਂ ਵੱਲੋਂ ਵੀਤਨਾਮ ਵਿੱਚ ਸਹੇੜੀ ਲੜਾਈ ਅਤੇ ਉਸ ਵਿੱਚ ਆਪਣੀ ਨਮੋਸ਼ੀ ਭਰੀ ਹਾਰ ਪਿੱਛੋਂ ਵੀ ਆਪਣਾ ਸਾਮਰਾਜ ਫੈਲਾਉਣ ਤੇ ਦੂਜਿਆਂ ਦੇਸ਼ਾਂ ਨੂੰ ਆਪਣੇ ਅਧੀਨ ਅਤੇ ਲੁੱਟ ਕਰਨ ਲਈ ਆਪਣੀ ਸ਼ਕਤੀ, ਰਾਜਨੀਤਕ ਚਲਾਕੀਆਂ ਅਤੇ ਹੈਂਕੜ ਦੀ ਵਰਤੋਂ ਨਹੀਂ ਤਿਆਗੀ। ਅਫਗਾਨਿਸਤਾਨ ਤੇ ਅਰਬ ਦੇਸ਼ਾਂ ਵਿਚ ਇਹੋ ਕੁਝ ਵਾਪਰ ਰਿਹਾ ਹੈ। ਭਾਰਤ ਦੇ ਹਾਕਮ ਚਾਹੇ ਕਾਂਗਰਸੀ ਹੋਣ ਚਾਹੇ ਭਾਜਪਾਈ ਹੋਣ, ਇਸੇ ਅਮਰੀਕਨ ਮਾਰਗ ਦੇ ਪਾਂਧੀ ਹਨ। ਇਸ ਹਿਟਲਰੀ ਚੁਣੌਤੀ ਲਈ ਖਾਲਸਾ ਪੰਥ ਜੀਵਤ ਹੈ ਤੇ ਦੇ ਰਿਹਾ ਹੈ। ਸਭਿਅਤਾ ਦੀ ਭੇੜ ਤੇ ਨਫ਼ਰਤਾਂ ਦੇ ਯੁੱਗ ਵਿਚ ਅਸੀ ਮਨੁੱਖਤਾ ਦਾ ਏਜੰਡਾ ਪੇਸ਼ ਕਰ ਰਹੇ ਹਾਂ ਤੇ ਤੁਸੀਂ ਕੁਝ ਕੁ ਲੇਖਕ ਸੰਨੀ ਲਿਉਨ ਤੇ ਅੰਮ੍ਰਿਤਾ ਪ੍ਰੀਤਮ ਦੇ ਗੁਣ ਗਾਇਨ ਕਰ ਰਹੇ ਹੋ। ਕੀ ਤੁਹਾਨੂੰ ਮਨੁੱਖਤਾ ਦੇ ਦੂਤ ਖਾਲਸਾ ਏਡ ਤੇ ਯੂਨਾਈਟਿਡ ਸਿੱਖਸ ਤੇ ਬਦਨਾਮ ਨਗਰੀ ਦੀ ਨਾਇਕਾ ਸੰਨੀ ਵਿਚ ਫਰਕ ਨਹੀਂ ਨਜ਼ਰ ਆਉਂਦਾ? ਇਹਨੂੰ ਤਾਂ ਹਨੇਰਾ ਢੋਹਣਾ ਕਹਿੰਦੇ ਹਨ? ਤੁਸੀ ਕੁਝ ਲੇਖਕ ਖੱਬੇ ਪੱਖੀ ਹੋਣ ਦਾ ਦਾਅਵਾ ਜ਼ਰੂਰ ਕਰਦੇ ਹੋ, ਪਰ ਮਨੂਵਾਦ ਦੇ ਵਰਤਾਰੇ ਅਧੀਨ ਖਾਰੇ ਸਮੁੰਦਰ ਵਿਚ ਇਹੋ ਜਿਹੀਆਂ ਪੁਠੀਆਂ ਛਾਲਾਂ ਮਾਰ ਕੇ ਨਾਟਕ ਰੂਪੀ ਕਹਾਣੀਆਂ ਘੜਕੇ ਮਨੂਵਾਦੀ ਸਤਰੰਜ ਦੇ ਫੀਲੇ ਬਣ ਰਹੇ ਹੋ। ਸਾਨੂੰ ਕੋਈ ਇਤਰਾਜ਼ ਨਹੀ। ਜੰਮ ਜੰਮ ਕੇ ਵਰਸਾਉ ਇੰਜ ਦੇ ਸ਼ਬਦਾਂ ਦੀ ਬਰਸਾਤ, ਕਿਉਂਕਿ ਤੁਹਾਡੇ ਕੋਲ ਬਾਬਾ ਮਾਰਕਸ ਦੀ ਅਮੀਰ ਫਿਲਾਸਫੀ ਦੀ ਵਿਆਖਿਆ ਕਰਨ ਲਈ ਵੀ ਚੇਤਨਾ ਨਹੀਂ। ਸੰਨੀ ਲਿਉਨ ਤਾਂ ਅਸਲ ਵਿਚ ਅੰਮ੍ਰਿਤਾ ਪ੍ਰੀਤਮ ਨਾਲ ਰਲਦੀ ਹੈ। ਸ਼ਾਇਦ ਵਿਦਵਾਨ ਲੇਖਕ ਭੁਲੇਖੇ ਵਿਚ ਹਨ। ਆਹ ਦੇਖੋ ਜਿਹੜੇ ਸਿੰਘ ਸੂਰਮੇ ਦੀ ਮੈਂ ਫੋਟੋ ਰਿਲੀਜ਼ ਕਰ ਰਿਹਾਂ ਹਾਂ ਉਹ ਗੁਰਬਾਣੀ ਦਾ ਰੂਪ ਲੈ ਕੇ ਪ੍ਰਗਟ ਹੋਇਆ ਰੱਬ ਦਾ ਦੂਤ ਹੈ। ਉਥੋਂ ਦੇ ਨਿਤਾਣਿਆਂ ਲਈ ਖਾਲਸਾ ਜੀ ਦੇ ਰੂਪ ਵਿਚ ਉਨ੍ਹਾਂ ਦਾ ਤਾਣ, ਮਾਣ ਤੇ ਓਟ ਬਣਨ ਲਈ ਕਿੰਨੇ ਰੱਬ ਪ੍ਰਗਟ ਹੋ ਚੁਕੇ ਹਨ। ਐਵੇ ਨਹੀ ਕਿਹਾ ਕਿ ਖਾਲਸਾ ਅਕਾਲ ਪੁਰਖ ਕੀ ਫੌਜ। ਜਿਹਨਾਂ ਦਬੇ ਕੁਚਲੇ ਲੋਕਾਂ ਤੋਂ ਬਾਹਮਣਵਾਦੀਆਂ ਨੂੰ ਘਿਰਣਾ ਆਉਂਦੀ ਸੀ, ਅੱਜ ਖਾਲਸਾ ਉਹਨਾਂ ਦਾ ਢਾਡੀ, ਸੰਗੀ ਸਾਥੀ ਬਣ ਗਿਆ। ਗੁਰੂਆਂ ਦਾ ਸੱਚ ਪ੍ਰਗਟ ਹੋ ਗਿਆ ਕਿ ਖਾਲਸਾ ਪੰਥ ਦਾ ਸੰਗ ਸਾਥ ਗਰੀਬਾਂ, ਨਿਤਾਣਿਆਂ ਨਿਓਟਿਆਂ, ਦਬੇ ਕੁਚਲੇ ਲੋਕਾਂ ਨਾਲ ਹੈ। ਮਨੁੱਖਤਾ ਦਾ ਧਰਮ ਵੀ ਖਾਲਸਾ ਪੰਥ ਹੈ।

ਜਦੋਂ ਲੇਖਕ ਸੈਮੂਅਲ ਹਟਿੰਗਟਨ ਦੀ ਪੁਸਤਕ ਵਿਚਲੀ ਥਿਊਰੀ ਅਨੁਸਾਰ ਇਸਾਈਅਤ ਤੇ ਇਸਲਾਮ ਦੀ ਵਰਲਡ ਵਾਰ ਛਿੜਨ ਵਾਲੀ ਹੈ ਜਿਸ ਵਿਚ ਬਹੁਗਿਣਤੀ ਇਸਲਾਮ ਜਿਤੇਗਾ। ਇਸ ਮੁਤਾਬਿਕ ਇਸਲਾਮਕ ਸਭਿਅਤਾ ਸਭ ਤੋਂ ਵੱਧ ਕਲੇਸ਼ੀ ਹੈ, ਕਿਉਂਕਿ ਉਹ ਪੱਛਮੀ ਸਭਿਅਤਾ ਨੂੰ ਨਫ਼ਰਤ ਕਰਦੀ ਹੈ, ਇਸ ਲਈ ਟਾਕਰਾ ਉਸ ਨਾਲ ਹੀ ਹੋਏਗਾ। ਹਟਿੰਗਟਨ ਟਕਰਾਅ ਦਾ ਵੱਡਾ ਕਾਰਨ ਇਹ ਕਹਿੰਦਾ ਹੈ ਕਿ ਮੁਸਲਮਾਨਾਂ ਦੀ ਵਧ ਰਹੀ ਆਬਾਦੀ ਐਟਮ ਬੰਬ ਹੈ, ਉਹ ਛੇਤੀ ਹੀ ਇਸਾਈਆਂ ਨੂੰ ਆਬਾਦੀ ਦੇ ਲਿਹਾਜ਼ ਨਾਲ ਪਿੱਛੇ ਛਡ ਜਾਣਗੇ। ਮੇਰਾ ਮੰਨਣਾ ਹੈ ਜਦੋਂ ਤੀਸਰੇ ਸੰਭਾਵੀ ਵਿਸ਼ਵ ਯੁਧ ਦੌਰਾਨ ਕੱਟੜਤਾ ਫੈਲੇਗੀ ਤਾਂ ਰੱਬ ਦਾ ਰੂਪ ਖਾਲਸਾ ਸਰਬੱਤ ਦੇ ਭਲੇ, ਮਨੁੱਖੀ ਅਧਿਕਾਰਾਂ, ਸੇਵਾ, ਕਿਰਤ ਦੀ ਫਿਲਾਸਫੀ ਲੈ ਕੇ ਪ੍ਰਗਟ ਹੋਵੇਗਾ ਤੇ ਦੁਨੀਆਂ ਸਭ ਤੋ ਅਗਾਂਹ ਵਧੂ ਧਰਮ ਵਜੋ ਸਤਿਕਾਰਿਆ ਜਾਵੇਗਾ। ਜਾਤ ਪਾਤ ਪ੍ਰਣਾਲੀ ਹਿੰਦੂ ਧਰਮ ਦੀ ਰੂਹ ਹੈ। ਇਸ ਲਈ ਦਲਿਤਾਂ ਤੇ ਹੋਰ ਕਿਰਤੀਆਂ ਨੇ ਸਿੱਖ ਸਭਿਅਤਾ ਦੇ ਕਲਾਵੇ ਵਿਚ ਆਉਣਾ ਹੀ ਆਉਣਾ ਹੈ। ਪਰ ਖਾਲਸਾ ਪੰਥ ਨੂੰ ਆਪਣਾ ਕਿਰਦਾਰ ਗੁਰਬਾਣੀ ਦੇ ਅਸੂਲਾਂ ਮੁਤਾਬਕ ਇੰਜ ਹੀ ਬੁਲੰਦ ਰੱਖਣਾ ਪਵੇਗਾ। ਮੈਂ ਹਮੇਸ਼ਾ 'ਕਿਛੁ ਸੁਣੀਐ ਕਿਛੁ ਕਹੀਐ' ਦੇ ਗੁਰਵਾਕ ਅਨੁਸਾਰ ਗੋਸ਼ਟਿ ਕਰਨ ਦਾ ਹਾਮੀ ਰਿਹਾ ਹਾਂ ਅਤੇ ਭਵਿੱਖ ਵਿਚ ਵੀ ਰਹਾਂਗਾ। ਕੋਈ ਵੀ ਲੇਖਕ ਮੇਰੇ ਤੋਂ ਵਖਰੇ ਵਿਚਾਰਾਂ ਦਾ ਹੈ ਸੰਵਾਦ ਲਈ ਉਸਦਾ ਸਵਾਗਤ ਹੈ।

## ਸ਼ੋਸ਼ਲ ਮੀਡੀਆ ਦੀ ਸੱਥ ਵਿਚੋਂ

### ਨਿਰਸਵਾਰਥ ਸੇਵਾਦਾਰ 'ਖਾਲਸਾ ਏਡ'

ਜੇ ਸਿੱਖ ਕਿਰਦਾਰ ਪੱਖੋਂ ਉੱਚੇ ਹੋਣਗੇ ਅਤੇ ਨਿਰਸਵਾਰਥ ਹੋ ਕੇ ਸੇਵਾ ਕਰਨਗੇ ਅਤੇ ਇਸ ਦੇ ਨਾਲ ਹੀ ਗੱਦਾਰਾਂ ਚਾਪਲੂਸਾਂ ਸਵਾਰਥੀਆਂ ਤੋਂ ਸੁਚੇਤ ਹੋਣਗੇ ਤਾਂ ਹੀ ਸਿੱਖਾਂ ਦਾ ਭਵਿੱਖ ਉਜਲਾ ਹੋ ਸਕਦਾ ਹੈ। **- ਦਲਜੀਤ ਸਿੰਘ**

### ਲੋੜਵੰਦਾਂ ਦੀ ਸਾਰ ਲੈਣ ਵਾਲੀ 'ਖਾਲਸਾ ਏਡ'

ਮੇਰੇ ਖਿਆਲ ਚ ਤਾਂ ਲੋੜਵੰਦਾ ਦੀ ਸਾਰ ਲੈਣ ਵਾਲੀਆਂ ਖਾਲਸਾ ਏਡ ਅਤੇ ਯੂਨਾਈਟਡ ਸਿਖਸ ਵਰਗੀਆਂ ਸੰਸਥਾਵਾਂ ਨੂੰ ਇਹਨਾਂ ਟੁਚਿਆਂ ਤੋਂ ਕੋਈ ਸਰਟੀਫਿਕੇਟ ਲੈਣ ਦੀ ਲੋੜ ਨਹੀ। ਹਾਥੀ ਆਪਣੀ ਮਸਤ ਚਾਲੇ ਤੁਰਿਆ ਰਹਿੰਦਾ ਅਤੇ ਕੁੱਤੇ ਭੌਂਕਦੇ ਰਹਿੰਦੇ ਹਨ। **-ਮਸਤਾਨ ਸਿੰਘ ਪਬਲਾ**



### ਸੰਨੀ ਲਿਓਨੀ ਬਨਾਮ ਕਰਨਜੋਤ ਕੌਰ ਤੇ 'ਖਾਲਸਾ ਏਡ'

ਜਿਹੜੇ ਪਹਿਲਾਂ ਇਹ ਰੌਲਾ ਪਾ ਰਹੇ ਸਨ ਕਿ ਸੰਨੀ ਲਿਓਨੀ ਆਪਣੀ ਜ਼ਿੰਦਗੀ 'ਤੇ ਬਣੇ ਡਰਾਮੇ ਦਾ ਨਾਮ ਕਰਨਜੀਤ ਕੌਰ ਨਾ ਰੱਖੇ। ਹੁਣ ਜਦੋਂ ਲਿਓਨੀ ਨੇ ਇਕ ਵੱਡੀ ਰਕਮ ਕੇਰਲਾ ਦੇ ਹੜ੍ਹ ਪੀੜਤਾਂ ਲਈ ਭੇਜੀ ਹੈ, ਤਾਂ ਉਹੀ ਕਹਿੰਦੇ ਫ਼ਿਰਨਗੇ ਕਿ ਹੈ ਤਾਂ ਫ਼ਿਰ 'ਸਿੰਘਾਂ'



ਦਾ ਖ਼ੂਨ...ਹੋ ਸਕਦਾ ਕੋਈ ਭਾਵੁਕ ਸ਼ਰਧਾਲੂ ਉਸ ਨੂੰ ਹੁਣ ਕਿਸੇ ਇੰਟਰਨੈਸ਼ਨਲ ਧਾਰਮਿਕ ਸਮਾਜ ਸੇਵਕ ਜੱਥੇਬੰਦੀ ਦਾ ਬ੍ਰਾਂਡ ਐਂਬੇਸਡਰ ਬਣਾਉਣ ਦੀ ਹੀ ਤਜਵੀਜ਼ ਦੇਵੇ...। ਸ਼ੋਸ਼ਲ ਮੀਡੀਆ ਉੱਤੇ ਚਰਚਾ ਹੈ ਕਿ ਸੰਨੀ ਲਿਓਨੀ ਨੇ 5 ਕਰੋੜ ਦੀ ਸਹਾਇਤਾ ਭੇਜੀ ਹੈ ਪਰ ਇਕ ਖ਼ਬਰ ਮੁਤਾਬਿਕ ਉਸ ਦੇ ਮੈਨੇਜਰ ਨੇ ਕਿਹਾ ਹੈ ਕਿ ਉਹ ਰਕਮ ਦਾ ਪ੍ਰਚਾਰ ਨਹੀਂ ਕਰਨਾ ਚਾਹੁੰਦੇ। ਇਸ ਪੋਸਟ ਦਾ ਆਧਾਰ ਰਕਮ ਨਹੀਂ ਹੈ, ਉਸ ਦੀ ਭਾਵਨਾ ਹੈ, ਜੋ ਉਸ ਦੇ ਵਿਰਸੇ ਨੇ ਉਸ ਦੇ ਅੰਦਰ ਭਰੀ ਹੈ, ਜਦ ਕਿ ਉਸੇ ਵਿਰਸੇ ਦੇ ਆਗੂ ਉਸ ਭਾਵਨਾ ਨੂੰ ਭੁੱਲ ਚੁੱਕੇ ਹਨ। **- ਦੀਪ ਜਗਦੀਪ ਸਿੰਘ**

ਤੁਹਾਨੂੰ ਸੌਦਾ ਸਾਧ ਦਾ ਅਸ਼ੀਰਵਾਦ ਚਾਹੀਦਾ। ਹੋਰ ਬਹੁਤਾ ਵਿਚਾਰ ਕਰਨ ਦੀ ਲੋੜ ਨਹੀਂ। ਦੁਨੀਆ ਚੱਲ ਰਹੀ ਆ। ਸਿੱਖੀ ਦੀ ਚੜਦੀ ਕਲਾ ਰਹਿਣੀ ਆ। ਅਗਰ ਤੁਹਾਨੂੰ ਮੁਰਦਾ ਪੂਜਣ ਦੀ ਰੀਝ ਹੈ ਤਾਂ ਲੈਨਿਨ ਦੀ ਲੋਥ ਵੇਖ ਆਓ। ਅਗਰ ਸੰਨੀ ਲਿਓਨੀ ਏਨੀ ਮਹਾਨ ਲਗਦੀ ਹੈ ਤਾਂ ਉਸ ਦੇ ਕੀਤੇ ਕੰਮਾਂ ਬਾਰੇ ਆਪਣੇ ਘਰ ਪਰਿਵਾਰ ਦੇ ਬੱਚਿਆਂ ਨੂੰ ਜਾਣਕਾਰੀ ਦਿਓ, ਉਹ ਵੀ ਸਨੀ ਲਿਓਨੀ ਵਾਂਗ ਤਰੱਕੀ ਕਰਨਗੇ। **-ਸੁਖਨੰਦਨ ਸਿੰਘ ਗੁਰਦਾਸਪੁਰੀ**

## ਕੇਰਲਾ ਵਿਚ ਆਏ ਹੜ੍ਹਾਂ 'ਤੇ ਆਰਐਸਐਸ ਪੱਖੀਆਂ ਦੀ ਘਟੀਆ ਬਿਆਨਬਾਜ਼ੀ

# 'ਜਦੋਂ ਲੋਕ ਗਊਆਂ ਨੂੰ ਮਾਰ ਦੇਣਗੇ ਤਾਂ ਕੁਦਰਤੀ ਨਿਆਂ ਦੀ ਉਮੀਦ ਕੀਤੀ ਜਾਂਦੀ ਹੈ'

**ਨਵੀਂ ਦਿੱਲੀ/ਬਿਊਰੋ ਨਿਊਜ਼** :ਭਾਰਤ ਵਿਚ ਦੱਖਣ ਦੇ ਅਹਿਮ ਰਾਜ ਕੇਰਲਾ ਵਿਚ ਹੜ੍ਹਾਂ ਨਾਲ ਲਗਭਗ 400 ਲੋਕ ਮਾਰੇ ਗਏ ਹਨ, ਜਾਇਦਾਦ ਦੇ ਨੁਕਸਾਨ ਦੀ ਅੰਦਾਜ਼ਨ ਸੀਮਾ 20,000 ਕਰੋੜ ਤਕ ਮੰਨੀ ਜਾ ਰਹੀ ਹੈ। ਰਾਸ਼ਟਰੀ ਤਬਾਹੀ ਵਾਲੀ ਮਨੁੱਖੀ ਤਰਾਸਦੀ ਉਤੇ ਕੁਝ ਕੱਟੜ ਧਾਰਮਿਕ ਰਾਸ਼ਟਰਵਾਦੀਆਂ ਨੂੰ ਭੜਕਾਊ ਫ਼ਿਰਕਾਪ੍ਰਸਤੀ ਟਿੱਪਣੀਆਂ ਕਰਨ ਦੀ ਸੁੱਝ ਰਹੀ ਹੈ। ਸੋਸ਼ਲ ਮੀਡੀਆ ਇਸ ਫ਼ਿਰਕੂ ਤੇ ਸੰਵੇਦਨਹੀਣਤਾ ਵਾਲੀ ਸੋਚ ਦੇ ਲੋਕਾਂ ਲਈ ਆਪਣੀ ਨਫ਼ਰਤੀ ਭੜਾਸ ਕੱਢਣ ਦਾ ਜ਼ਰੀਆ ਬਣ ਰਿਹਾ ਹੈ। ਆਲਮੀ ਹਿੰਦੂ ਕਾਂਗਰਸ ਦੇ ਇਕ ਬੁਲਾਰੇ ਨੇ ਆਰਐਸਐਸ ਦੇ ਆਲੋਚਕਾਂ ਨੂੰ "ਕੀੜੇ-ਮਕੌੜੇ" ਕਿਹਾ ਹੈ ਅਤੇ ਹੜ੍ਹਾਂ ਦੀ ਮਾਰ ਹੇਠ ਆਏ ਕੇਰਲਾ ਨੂੰ ਰਾਹਤ ਪ੍ਰਦਾਨ ਕਰਨ ਉਤੇ ਵੀ ਤਨਜ਼ ਕਸੇ ਗਏ ਹਨ। ਆਰਐਸਐਸ ਦੇ ਇਕ ਟਵਿੱਟਰ ਫਾਲੋਅਰਜ਼ ਨੇ ਵਿਰੋਧੀਆਂ ਲਈ "ਕਾਕਰੋਚ" ਵਰਗੇ ਸ਼ਬਦ ਵਰਤੇ ਹਨ। ਇਥੋਂ ਤਕ ਕਿਹਾ ਗਿਆ ਕਿ ਇਸ ਸਦੀ ਵਿਚ ਹੜ੍ਹ ਬੀਫ ਖਾਣ ਦੀ ਬ੍ਰਹਮ ਸਜ਼ਾ ਹੈ। ਇਨ੍ਹਾਂ ਕੱਟੜਵਾਦੀਆਂ ਨੂੰ ਕੇਰਲਾ ਵਿਚ ਔਰਤਾਂ ਨੂੰ ਮੰਦਰਾਂ ਵਿਚ ਦਾਖ਼ਲ ਹੋਣ ਦੀ ਆਗਿਆ ਦੇਣਾ ਵੀ ਇਸ ਆਫਤ ਦਾ ਕਾਰਨ ਦਿਖ ਰਿਹਾ ਹੈ। ਮਿਸਾਲ ਵਜੋਂ, ਹਿੰਦੂ ਮਹਾਂਸਭਾ ਦੇ ਮੁਖੀ ਸਵਾਮੀ ਚੱਕਰਪੱਨੀ ਨੇ ਕਿਹਾ ਕਿ, "ਜਦੋਂ ਇਹ ਅਣਮਨੁੱਖੀ ਲੋਕ ਗਊਆਂ ਨੂੰ ਮਾਰ ਦੇਣਗੇ ਤਾਂ ਕੁਦਰਤੀ ਨਿਆਂ ਦੀ ਉਮੀਦ ਕੀਤੀ ਜਾਂਦੀ ਹੈ। ਅਦਾਲਤਾਂ ਅਤੇ ਸਾਡੀ ਕਾਨੂੰਨੀ ਪ੍ਰਣਾਲੀ ਉਨ੍ਹਾਂ ਨੂੰ ਸਜ਼ਾ ਦੇਣ ਵਿਚ ਅਸਫਲ ਰਹੀ ਹੈ ਅਤੇ ਇਸ ਕਾਰਨ ਕੁਦਰਤ ਵੱਲੋਂ ਬੀਫ ਖਾਣ ਵਾਲਿਆਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ।"

ਆਰਐਸਐਸ ਦੇ ਵਿਚਾਰਧਾਰਕ ਮੰਨੇ ਜਾਂਦੇ ਭਾਰਤੀ ਰਿਜ਼ਰਵ ਬੈਂਕ ਦੇ ਨਵੇਂ ਨਿਯੁਕਤ ਡਾਇਰੈਕਟਰ ਗੁਰੂਮੂਰਤੀ ਨੇ ਹੜ੍ਹਾਂ ਲਈ ਕੇਰਲਾ ਦੇ ਸਬਰੀਮਾਲਾ ਮੰਦਿਰ ਵਿਚ ਔਰਤਾਂ ਦੇ ਦਾਖ਼ਲੇ 'ਤੇ ਪਾਬੰਦੀ ਨੂੰ ਚੁਣੌਤੀ ਦੇਣ ਵਾਲੇ ਇਕ ਮੁਕੱਦਮੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਪਾਬੰਦੀ ਕਾਇਮ ਰੱਖੀ ਜਾਣੀ ਚਾਹੀਦੀ ਹੈ। ਸੋਸ਼ਲ ਮੀਡੀਆ 'ਚ ਇਹ ਬਹਿਸ ਬਹੁਤ ਹੀ ਨੀਵੇਂ ਪੱਧਰ 'ਤੇ ਪਹੁੰਚ ਗਈ ਹੈ। ਪੰਡਿਤ ਸੰਕਰਤ ਸਾਨੂ ਨੇ ਕਿਹਾ ਕਿ ਆਰਐਸਐਸ ਦੇ ਹੜ੍ਹ ਰਾਹਤ ਕਾਰਜਾਂ 'ਤੇ ਸ਼ੱਕ ਕਰਨ ਵਾਲੇ ਲੋਕ ਕਾਕਰੋਚਾਂ ਵਾਂਗ ਲਗਦੇ ਹਨ। ਤਾਜ਼ਾ ਵਿਵਾਦ 18 ਅਗਸਤ ਨੂੰ ਟਵਿੱਟਰ 'ਤੇ ਸ਼ੁਰੂ ਹੋਇਆ ਸੀ। ਕੁਦਰਤੀ ਆਫਤ ਕਾਰਨ ਭਾਵਨਾਤਮਕ ਤੌਰ 'ਤੇ ਦੁਖੀ ਕੇਰਲਾ ਦੇ ਡਾਕਟਰ ਰੋਸ਼ਨ ਰਾਧਾਕ੍ਰਿਸ਼ਨਨ ਨੇ ਇਕ ਟਵੀਟ ਸਾਂਝੀ ਕੀਤੀ, ਜਿਸ ਵਿਚ ਕਿਹਾ ਗਿਆ ਸੀ ਕਿ, "ਕੇਰਲਾ ਨੂੰ ਦਾਨ ਨਾ ਦਿਓ, ਸੂਬੇ ਵਿਚ ਅੱਧੇ ਤੋਂ ਵੱਧ ਮੁਸਲਮਾਨ ਅਤੇ ਈਸਾਈ ਹਨ। ਉਨ੍ਹਾਂ ਨੂੰ ਦੁੱਖ ਦੇਣਾ ਚਾਹੀਦਾ ਹੈ, ਉਹ ਈਸ਼ਵਰ ਨਾਲ ਧੋਖਾ ਕਰ ਰਹੇ ਹਨ।"

ਅੰਮ੍ਰਿਤਸਰ ਟਾਈਮਜ਼ AMRITSAR TIMES

29 ਅਗਸਤ 2018 ਤੋਂ 04 ਸਤੰਬਰ 2018

**ਮਹਿਮਾਨ ਸੰਪਾਦਕੀ**

# ਬਾਦਲ-ਕੁੱਟ ਮਿਸ਼ਨ ਬਨਾਮ ਪੰਜਾਬ ਵਿਧਾਨ ਸਭਾ

***- ਕਰਮਜੀਤ ਸਿੰਘ (99150-91063)***

ਜਗ੍ਹਾ-ਪੰਜਾਬ ਵਿਧਾਨ ਸਭਾ, ਮਿਤੀ 28 ਅਗਸਤ 2018, ਦਿਨ ਮੰਗਲਵਾਰ : ਉਹ ਸਾਰਾ ਨਜ਼ਾਰਾ ਵੇਖਣ ਵਾਲਾ ਸੀ। ਸੁਣਨ ਵੀ ਵਾਲਾ ਸੀ। ਭਾਵੇਂ ਸੱਤ ਘੰਟੇ ਚੱਲੀ ਬਹਿਸ ਨੂੰ ਲਾਈਵ ਵਿਖਾਇਆ ਜਾ ਰਿਹਾ ਸੀ ਪਰ ਜਿਹੜੇ ਲੋਕ ਅਸੈਂਬਲੀ ਦੇ ਅੰਦਰ ਬੈਠੇ ਸਨ, ਸਿਰਫ ਉਹ ਹੀ ਇਸ ਇਤਿਹਾਸਕ ਨਾਟਕ ਦਾ ਪੂਰਾ-ਪੂਰਾ ਅਨੰਦ ਮਾਣ ਸਕਦੇ ਸਨ ਕਿਉਂਕਿ ਕੈਮਰੇ ਸਾਰੇ ਪਾਸਿਆਂ ਦਾ ਦ੍ਰਿਸ਼ ਨਹੀਂ ਸਨ ਪੇਸ਼ ਕਰ ਸਕਦੇ। ਇਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ। ਉਥੇ ਬੈਠੇ ਬੰਦੇ ਵੀ ਉਹ ਨਜ਼ਾਰਾ ਤਾਂ ਹੀ ਮਾਣ ਸਕਦੇ ਸਨ ਜੇ ਉਨ੍ਹਾਂ ਕੋਲ ਇਤਿਹਾਸ ਦੀ ਮਾੜੀ ਮੋਟੀ ਸਮਝ ਹੋਵੇ, ਰਾਜਨੀਤੀ ਨੂੰ ਵੀ ਥੋੜ੍ਹਾ ਬਹੁਤਾ ਮੂੰਹ ਮਾਰਦੇ ਹੋਣ, ਬਾਦਲ ਪਰਿਵਾਰ ਨੂੰ ਵੀ ਧੁਰ ਅੰਦਰੋਂ ਬਾਹਰੋਂ ਜਾਣਦੇ ਹੋਣ ਅਤੇ ਇਸ ਹਕੀਕਤ ਦੀ ਵੀ ਥੋੜ੍ਹੀ ਬਹੁਤ ਜਾਣਕਾਰੀ ਰੱਖਦੇ ਹੋਣ ਕਿ ਇਸ ਟੱਬਰ ਦੀ ਕਹਿਣੀ ਦਾ ਕਰਨੀ ਨਾਲ ਦੂਰ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਭਾਵੇਂ ਮੀਡੀਆ ਦੀਆਂ ਦੋਵੇਂ ਪ੍ਰੈਸ ਗੈਲਰੀਆਂ ਭਰੀਆਂ ਪਈਆਂ ਸਨ ਅਤੇ ਬਹੁਤ ਸਾਰੇ ਪੱਤਰਕਾਰ ਖੜ੍ਹੇ ਖੜ੍ਹੇ ਹੀ ਵਿਧਾਇਕਾਂ ਦੀਆਂ ਤਕਰੀਰਾਂ ਸੁਣ ਰਹੇ ਸਨ ਅਤੇ ਖਬਰਾਂ ਦੇਣ ਲਈ ਆਪਣੇ ਆਪਣੇ ਮੋਬਾਈਲਾਂ 'ਤੇ ਆਪਣੇ ਆਪਣੇ ਅਖਬਾਰਾਂ ਅਤੇ ਚੈਨਲਾਂ ਨਾਲ ਲਗਾਤਾਰ ਜੁੜੇ ਹੋਏ ਸਨ। ਪਰ ਉਹ ਵੀ ਇਕ ਤਰ੍ਹਾਂ ਦੀਆਂ 'ਜਾਣਕਾਰੀਆਂ' ਹੀ ਦੇ ਰਹੇ ਸਨ। ਜਾਣਕਾਰੀਆਂ ਦੇ ਹੇਠ ਸੁੱਤੀਆਂ ਅਤੇ ਗੁੱਝੀਆਂ ਜਾਣਕਾਰੀਆਂ ਵਿਚ ਲੁਕੇ ਤੇ ਅਣਦਿਸਦੇ ਜਜ਼ਬੇ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ ਜਾਂ ਇਉਂ ਕਹਿ ਲਓ ਕਿ ਸਿੱਖ ਤੇ ਸਿੱਖੀ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਗੂੜ੍ਹੇ ਤੇ ਪਿਆਰ ਭਰੇ ਰਿਸ਼ਤਿਆਂ ਦੇ ਵੰਨ ਸੁਵੰਨੇ ਰੰਗਾਂ ਦੀ ਉਨ੍ਹਾਂ ਨੂੰ ਪੇਤਲੀ ਜਿਹੀ ਹੀ ਸਮਝ ਸੀ।

ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਮੀਡੀਆ ਵਿਚ ਸਿੱਖਾਂ ਦੀ ਦਾਸਤਾਨ ਨੂੰ ਪੇਸ਼ ਕਰਨ ਵਾਲਿਆਂ ਵਿਚ ਬਹੁਤੇ ਗੈਰ ਸਿੱਖ ਹੀ ਨਜ਼ਰ ਆਉਂਦੇ ਹਨ। ਕਿਤੇ ਕਿਤੇ ਨਜ਼ਰੀਂ ਪੈਂਦੇ ਪੱਗਾਂ ਵਾਲੇ ਪੱਤਰਕਾਰਾਂ ਨੂੰ ਵੀ ਆਪਣੇ ਆਪਣੇ ਅਖਬਾਰਾਂ ਤੇ ਚੈਨਲਾਂ ਦੇ ਮੁਕੱਰਰ ਕੀਤੇ ਏਜੰਡਿਆਂ ਨੇ ਇਕ ਤਰ੍ਹਾਂ ਨਾਲ ਨਜ਼ਰਬੰਦ ਹੀ ਕੀਤਾ ਹੁੰਦਾ ਹੈ। ਉਨ੍ਹਾਂ ਦੇ ਸ਼ਬਦਾਂ, ਵਾਕਾਂ ਅਤੇ ਵਿਚਾਰਾਂ ਵਿਚ ਅਜ਼ਾਦ ਫਿਜ਼ਾ ਦੀ ਖ਼ੁਸ਼ਬੋ ਬਹੁਤ ਘੱਟ ਹੀ ਮਿਲਦੀ ਹੈ। ਇਹ ਵੀ ਹੈਰਾਨੀ ਵਾਲੀ ਗੱਲ ਸੀ ਕਿ 'ਆਪ' ਦੇ ਅਮਨ ਅਰੋੜਾ ਤੋਂ ਬਿਨਾਂ ਕਿਸੇ ਵੀ ਕਾਂਗਰਸੀ ਹਿੰਦੂ ਨੇ ਬਹਿਸ ਵਿਚ ਹਿੱਸਾ ਨਹੀਂ ਲਿਆ।

ਮੰਗਲਵਾਰ ਵਾਲੇ ਦਿਨ ਵਿਧਾਨ ਸਭਾ ਵਿਚ ਬਾਦਲ ਪਰਿਵਾਰ ਪੂਰੀ ਤਰ੍ਹਾਂ ਘਿਰਿਆ ਹੋਇਆ ਸੀ ਅਤੇ ਉਸ ਦੇ ਨਾਲ ਹੀ ਇਸ ਟੱਬਰ ਨਾਲ ਜੁੜੀਆਂ ਰਾਜਨੀਤਕ ਪੂਛਾਂ, ਖ਼ੁਸ਼ਾਮਦ ਅਫਸਰਸ਼ਾਹੀ, ਗੁਲਾਮ ਕੀਤੀ ਗਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਇਸ ਦਾ ਪ੍ਰਧਾਨ ਤਖਤਾਂ ਦੇ ਜਥੇਦਾਰ ਅਤੇ ਵਿਸ਼ੇਸ਼ ਕਰਕੇ ਅਕਾਲ ਤਖਤ ਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਚਾਪਲੂਸ ਤੇ ਡਰਪੋਕ ਪੁਲਿਸ ਅਫਸਰ ਅਤੇ ਹਰ ਪੱਖੋਂ ਹੇਠਾਂ ਤੱਕ ਕਾਣੀ ਕੀਤੀ ਅਕਾਲੀ ਲੀਡਰਸ਼ਿਪ ਨੂੰ ਵੀ ਮੁਕੰਮਲ ਘੇਰਾ ਪਿਆ ਹੋਇਆ ਸੀ। ਹਾਲਾਂਕਿ ਸਪੀਕਰ ਨੇ ਅਕਾਲੀ ਦਲ ਦੇ ਵਿਧਾਇਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਬੋਲਣ ਦਾ ਪੂਰਾ ਸਮਾਂ ਦਿੱਤਾ ਜਾਵੇਗਾ ਪਰ ਉਨ੍ਹਾਂ ਦੀ ਗਿਣਤੀ ਮੁਤਾਬਕ ਹੀ ਸਮਾਂ ਦਸਤੂਰ ਮੁਤਾਬਕ ਮਿਥਿਆ ਜਾਵੇਗਾ। ਪਰ ਉਹ ਵੱਧ ਸਮੇਂ ਦੀ ਮੰਗ ਕਰਦੇ ਰਹੇ। ਅਸਲ ਵਿਚ ਉਹ ਵਾਕਆਊਟ ਹੀ ਕਰਨਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਉਤੇ ਤਿੱਖੇ ਵਾਰ ਹੋਣਗੇ। ਇਸ ਲਈ ਉਹ ਇਕ ਤਰ੍ਹਾਂ ਮੂੰਹ ਵਿਖਾਉਣ ਜੋਗੇ ਨਹੀਂ ਰਹਿ ਗਏ ਸਨ। ਸਪੀਕਰ ਨੇ ਵਾਰ ਵਾਰ ਕਿਹਾ ਕਿ ਬਹਿਸ ਭਾਵੇਂ ਰਾਤ ਦੇ 12 ਵਜੇ ਤੱਕ ਚੱਲਦੀ ਰਹੇ, ਕਿਉਂਕਿ ਇਹ ਸੰਜੀਦਾ ਬਹਿਸ ਹੈ, ਇਤਿਹਾਸਕ ਦਿਨ ਹੈ, ਇਸ ਲਈ ਹਰ ਇਕ ਨੂੰ ਬੋਲਣ ਦਾ ਸਮਾਂ ਦਿੱਤਾ ਜਾਵੇਗਾ ਅਤੇ ਘੱਟੋ ਘੱਟ 15 ਮਿੰਟ ਦਾ ਸਮਾਂ ਤਾਂ ਜ਼ਰੂਰ ਹੀ ਹੋਏਗਾ। ਪਰ ਅਕਾਲੀ ਵਿਧਾਇਕ ਕੁਝ ਵੀ ਨਹੀਂ ਸੁਣਨਾ ਚਾਹੁੰਦੇ ਸਨ। ਇਉਂ ਲੱਗਦਾ ਸੀ ਕਿ ਉਹ ਬੈਠਣਾ ਹੀ ਨਹੀਂ ਚਾਹੁੰਦੇ ਸਨ। ਜਦੋਂ ਉਹ ਵਾਕਆਊਟ ਕਰ ਰਹੇ ਸਨ ਤਾਂ ਹੁਕਮਰਾਨ ਬੈਂਚਾਂ ਤੋਂ ਸ਼ੇਮ ਸ਼ੇਮ, ਭੱਜ ਗਏ ਓਏ ਭੱਜ ਗਏ, ਦੀਆਂ ਆਵਾਜ਼ਾਂ ਤੇ ਤਾਹਨਿਆਂ ਦੇ ਸ਼ੋਰ ਵਿਚ ਬੜੇ ਬੇਆਬਰੂ ਹੋ ਕੇ ਵਾਕਆਊਟ ਕਰ ਰਹੇ ਸਨ।

ਹਮਲਾ ਕਰਨ ਵਾਲੇ ਵਿਧਾਇਕ ਆਪਣੇ ਤੀਰਾਂ ਦੀ ਵਾਛੜ ਖਾਲੀ ਸੀਟਾਂ ਵੱਲ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਉਹ ਉਨ੍ਹਾਂ ਨੂੰ ਉਥੇ ਹੀ ਬੈਠੇ ਹੋਏ ਨਜ਼ਰ ਆ ਰਹੇ ਸਨ। ਉਂਜ ਸੱਚ ਤਾਂ ਇਹੋ ਸੀ ਕਿ ਭਾਵੇਂ ਉਨ੍ਹਾਂ ਦੇ ਸਰੀਰ ਵਿਧਾਨ ਸਭਾ ਤੋਂ ਬਾਹਰ ਚਲੇ ਗਏ ਸਨ ਪਰ ਉਨ੍ਹਾਂ ਦੀਆਂ ਰੂਹਾਂ ਕਿਤੇ ਅੰਦਰ ਹੀ ਮੌਜੂਦ ਸਨ ਅਤੇ ਇਨ੍ਹਾਂ ਜ਼ਖਮੀ ਰੂਹਾਂ ਉਤੇ ਗੁੱਸੇ ਤੇ ਰੋਹ ਦੀਆਂ ਮਿਜ਼ਾਈਲਾਂ ਦੁਪਹਿਰ 1 ਵਜੇ ਤੋਂ ਸ਼ੁਰੂ ਹੋ ਕੇ ਰਾਤ 8 ਵਜੇ ਤੱਕ ਚੱਲਦੀਆਂ ਰਹੀਆਂ। ਬਹੁਤੀ ਵਾਰ ਤੋਪਾਂ ਦਾ ਮੀਂਹ ਕਾਂਗਰਸੀ ਵਿਧਾਇਕਾਂ ਵੱਲੋਂ ਆ ਰਿਹਾ ਸੀ ਪਰ ਆਪ ਤੇ ਲੋਕ ਇਨਸਾਫ ਪਾਰਟੀ ਦੀਆਂ ਤੋਪਾਂ ਵੀ ਕੋਈ ਘੱਟ ਸ਼ਕਤੀਸ਼ਾਲੀ ਨਹੀਂ ਸਨ ਅਤੇ ਬਹੁਤ ਦੂਰ ਤੱਕ ਮਾਰ ਕਰਦੀਆਂ ਸਨ।

ਵੇਖਣ ਵਾਲੀ ਗੱਲ ਇਹ ਸੀ ਕਿ ਸ਼ਬਦਾਂ ਦੀਆਂ ਤੋਪਾਂ ਦੇ ਖਜ਼ਾਨੇ ਵਿਚੋਂ ਚੁਣ ਚੁਣ ਕੇ ਸ਼ਬਦਾਂ ਦੀ ਵਰਤੋਂ ਹੋ ਰਹੀ ਸੀ। ਸ਼ਾਇਦ ਹੀ ਕੋਈ ਇਹੋ ਜਿਹਾ ਸ਼ਬਦ ਜਾਂ ਵਾਕ ਰਹਿ ਗਿਆ ਹੋਵੇਗਾ ਜੋ ਉਸ ਦਿਨ ਬਾਦਲ ਟੱਬਰ ਦੀ ਦੁਰਗਤੀ ਲਈ ਵਰਤਿਆ ਨਾ ਗਿਆ ਹੋਵੇ।

**ਲਓ ਕੁਝ ਸ਼ਬਦ ਸੁਣੋ, ਸੋਚੋ ਤੇ ਫੈਸਲਾ ਕਰੋ :** ਇਹ ਮੱਸਾ ਰੰਘੜ ਹੈ... ਇਹ ਅੱਜ ਦੇ ਮਹੰਤ ਨਰੈਣੂ ਹਨ... ਜ਼ਕਰੀਆ ਖਾਂ ਦੇ ਸਾਥੀ ਹਨ... ਅੱਜ ਦੇ ਸੂਬਾ ਸਰਹੰਦ ਹਨ ਜਿਸਨੇ ਦੋ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣੇ ਜਾਣ ਦਾ ਫੈਸਲਾ ਸੁਣਾਇਆ ਸੀ... ਓਏ ਬਾਦਲਾ! ਤੇਰੇ ਜ਼ੁਲਮ ਮੁਗਲਾਂ ਨਾਲੋਂ ਵੀ ਮਾਤ ਪਾ ਗਏ... ਇਹ ਮਸੰਦ ਹਨ ਤੇ ਕੜਾਹੇ ਵਿਚ ਪਾ ਕੇ ਸਾੜਨੇ ਚਾਹੀਦੇ ਹਨ... ਪੰਥ ਦੇ ਦੋਖੀ ਹਨ ਇਹ... ਗੋਲਕ ਚੋਰ ਹਨ... ਇਨ੍ਹਾਂ ਨੇ ਪੰਜਾਬ ਨੂੰ ਲੁੱਟ ਕੇ ਖਾ ਲਿਆ.... ਬਾਦਲ ਮਸਖਰਾ ਬਜ਼ੁਰਗ ਹੈ.... ਸਿੱਖੀ ਦੇ ਭੇਸ ਵਿਚ ਬਘਿਆੜ ਹਨ... ਸਿੱਖੀ ਦੀ ਵਿਚਾਰਧਾਰਾ ਨੂੰ ਖਤਮ ਕਰਨ ਵਾਲੇ ਹਨ.... ਇਹ ਪਿਉ-ਪੁੱਤ ਜਰਵਾਣੇ ਸਿੱਧ ਹੋਏ ਹਨ... ਇਨ੍ਹਾਂ ਨੇ ਪੰਥ ਨੂੰ ਵੇਚਿਆ.. ਇਹ ਗੱਦਾਰ-ਏ-ਕੌਮ ਹੈ.. ਇਸ ਦੇ ਗਲ ਵਿਚ ਫ਼ਖਰ-ਏ-ਕੌਮ ਤੇ ਪੰਥ ਰਤਨ ਦੀ ਫੱਟੀ ਲਾਹੀ ਜਾਵੇ.. ਸੰਕਟ ਦੀ ਘੜੀ ਵਿਚ ਖਾੜਕੂ ਲਹਿਰ ਦੌਰਾਨ ਬਾਦਲ ਦਾ ਪੁੱਤ ਅਮਰੀਕਾ ਦੌੜ ਗਿਆ... ਇਹ ਆਪਣੇ ਪਰਿਵਾਰ ਦੇ ਰਾਖੇ ਹਨ ਨਾ ਕਿ ਪੰਥ ਦੇ ਰਾਖੇ.... ਰਾਮ ਰਹੀਮ ਕਹਿੰਦਾ ਹੁੰਦਾ ਸੀ ਕਿ ਮੇਰੀ ਸਲਤਨਤ ਬਹੁਤ ਵੱਡੀ ਹੈ.... ਕਿਥੇ ਹੈ ਹੁਣ ਉਹ ਸਲਤਨਤ... ਅੱਜ ਉਹ ਖੰਡ ਖੰਡ ਹੋਈ ਪਈ ਹੈ... ਓਧਰ ਵੱਲ ਕੋਈ ਮੂੰਹ ਨਹੀਂ ਕਰਦਾ... ਇਨ੍ਹਾਂ ਦਾ ਹਾਲ ਵੀ ਇਹੋ ਹੋਏਗਾ... ਦੇਖਿਆ ਨਹੀਂ 13 ਵਿਧਾਇਕਾਂ ਉਤੇ ਆਣ ਡਿੱਗੇ ਹਨ.. ਆਉਣ ਵਾਲੇ ਕੱਲ੍ਹ ਨੂੰ 13 ਵੀ ਨਹੀਂ ਰਹਿਣੇ..।

ਸਪੀਕਰ ਵੱਲੋਂ ਵੀ ਕੋਈ ਰੋਕ ਟੋਕ ਨਹੀਂ ਸੀ ਤੇ ਵਿਧਾਇਕਾਂ ਦੀ ਤਕਰੀਰਾਂ ਇੰਨ ਬਿੰਨ ਹੀ ਰਿਕਾਰਡ ਹੋ ਰਹੀਆਂ ਸਨ। ਜੇ ਇਹ ਸਾਰੀਆਂ ਕਿਤਾਬਚੇ ਦੇ ਰੂਪ ਵਿਚ ਛਪ ਗਈਆਂ ਤਾਂ ਇਹ ਬਾਦਲਾਂ ਨੂੰ ਸੱਚਮੁੱਚ ਹੀ ਸ਼ਰਮਸਾਰ ਕਰਨਗੀਆਂ ਅਤੇ ਹੋ ਸਕਦੈ ਉਨ੍ਹਾਂ ਦਾ ਰਾਜਨੀਤਕ ਵਜੂਦ ਹੀ ਖਤਮ ਹੋ ਜਾਵੇ।

## ਤੱਥਾਂ ਤੇ ਗਵਾਹੀਆਂ ਦੇ ਨਾਲ ਪੰਥ ਦੇ ਦਰਦ ਦੀ ਬਾਤ ਵੀ ਪਾ ਗਿਆ

# ਜਸਟਿਸ ਰਣਜੀਤ ਸਿੰਘ



**ਸਿੱਖਾਂ ਵਾਸਤੇ "ਗੁਰੂ ਤੋਂ ਪਰ੍ਹੇ ਸਭ ਉਜਾੜ" ਵਾਲੀ ਕਹਾਵਤ ਸਦੀਵੀ ਸੱਚ ਹੈ। ਕੌਮ ਦੇ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਹੈ , ਕੌਮ ਨੂੰ ਡਾਂਗਾਂ -ਗੋਲੀਆਂ ਮਾਰੀਆਂ ਗਈਆਂ ਤੇ ਪਿੱਠ ਵਿਚ ਛੁਰਾ ਮਾਰਿਆ ਗਿਆ ਹੈ । ਜੋ ਸਖਸ਼ ਪੰਥ ਦੇ ਨਾਮ ਉਤੇ ਸਿਆਸਤ ਕਰਕੇ ਪੰਜ ਵਾਰ ਮੁੱਖ ਮੰਤਰੀ ਦੀ ਉਚ ਰੁਤਬੇ ਵਾਲੀ ਕੁਰਸੀ ਤਕ ਪਹੁੰਚਿਆ ਹੋਵੇ ਤਾਂ ਉਸ ਕੋਲੋਂ ਅਜਿਹੀ ਉਮੀਦ ਤਾਂ ਸੁਪਨੇ ਵਿਚ ਵੀ ਸੋਚੀ ਨਹੀਂ ਜਾ ਸਕਦੀ।**

**ਮਨਜੀਤ ਸਿੰਘ ਟਿਵਾਣਾ**
(99158-94002)

ਹਾਲ ਵਿਚ ਹੀ ਅਮਰਿੰਦਰ ਸਰਕਾਰ ਦੇ ਹੱਥਾਂ ਵਿਚ ਪਹੁੰਚੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਜਿਥੇ ਠੋਸ ਗਵਾਹੀਆਂ ਅਤੇ ਤੱਥਾਂ ਦੇ ਆਧਾਰ ਉਤੇ ਪੰਜਾਬ ਵਿਚ ਬਾਦਲ ਰਾਜ ਦੌਰਾਨ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਕਾਫੀ ਸਾਰਾ ਭੇਦ ਖੋਲ੍ਹਿਆ ਹੈ, ਨਾਲ ਹੀ ਬਤੌਰ ਇਕ ਸਿੱਖ ਜਸਟਿਸ ਰਣਜੀਤ ਸਿੰਘ ਦੀ ਕਲਮ ਨੇ ਖ਼ੂਨ ਦੇ ਅੱਥਰੂ ਵੀ ਰੋਏ ਹਨ। ਜੇਕਰ ਸਾਰੀ ਰਿਪੋਰਟ ਨੂੰ ਖੁੱਲ੍ਹੇ ਹਿਰਦੇ ਨਾਲ ਪੜ੍ਹਦਿਆਂ "ਸਤਰਾਂ ਦੇ ਵਿਚਕਾਰ ਲਿਖਿਆ" (Between the Lines) ਮਹਿਸੂਸ ਕਰਨ ਦੀ ਵਿਹਲ ਕੱਢ ਸਕੋ ਤਾਂ ਤੁਸੀਂ ਦੇਖੋਗੇ ਕਿ ਇਹ ਰਿਪੋਰਟ ਕਾਨੂੰਨੀ ਨੁਕਤਾ-ਨਜ਼ਰ ਦੇ ਪੱਖ ਤੋਂ ਤੱਥਾਂ, ਅੰਕੜਿਆਂ, ਸੰਵਿਧਾਨਕ ਧਾਰਾਵਾਂ ਤੇ ਗਵਾਹੀਆਂ ਦਾ ਸੁਮੇਲ ਹੋਣ ਦੇ ਨਾਲ-ਨਾਲ ਸਿੱਖਾਂ ਦੇ ਅੰਤਰ-ਮਨ ਵਿਚਲੇ ਰੋਸ ਦੀ ਬਾਤ ਵੀ ਪਾ ਰਹੀ ਹੈ। ਆਮ ਸਿੱਖਾਂ ਦੀ ਕਚਹਿਰੀ ਵਿਚ ਕਦੋਂ ਦੇ ਦੋਸ਼ੀ ਕਰਾਰ ਦਿੱਤੇ ਗਏ ਬਹਿਰੂਪੀਏ ਸਿਆਸਤਦਾਨਾਂ, ਅਖੌਤੀ ਡੇਰੇਦਾਰਾਂ ਬਾਰੇ ਟਿੱਪਣੀਆਂ ਕਰਦਿਆਂ ਜਸਟਿਸ ਰਣਜੀਤ ਸਿੰਘ ਪੰਜਾਬ ਦੀ ਆਵਾਜ਼ ਹੀ ਤਾਂ ਬਣ ਗਿਆ ਪ੍ਰਤੀਤ ਹੁੰਦਾ ਹੈ।

ਸਿਆਣਿਆਂ ਦਾ ਕਥਨ ਹੈ ਕਿ ਝੂਠੇ ਅਤੇ ਬੇਸ਼ਰਮ ਨੂੰ ਭਾਵੇਂ ਲੱਖ ਮਿਹਣੇ ਮਾਰ ਲਵੋ, ਉਸ ਦੀ ਸਿਹਤ ਉਤੇ ਕੋਈ ਅਸਰ ਨਹੀਂ ਹੁੰਦਾ। ਬਾਦਲਾਂ ਦੀ ਬਿੱਲੀ ਤਾਂ ਕਦੋਂ ਦੀ ਥੈਲੇ ਵਿਚੋਂ ਬਾਹਰ ਆ ਚੁੱਕੀ ਹੈ। ਬਾਦਲਾਂ ਦੀਆਂ ਗ਼ੁਲਾਮ ਬਣ ਚੁੱਕੀਆਂ ਸਿੱਖਾਂ ਦੀਆਂ ਸਰਵਉੱਚ ਧਾਰਮਿਕ ਸੰਸਥਾਵਾਂ ਦੀ ਹਾਲਤ ਵੀ ਨਿਤਾਣੀ ਬਣ ਚੁੱਕੀ ਹੈ। ਇਕ ਪਾਸੇ ਮੀਡੀਆ ਉਤੇ ਬੇਹੱਦ ਸ਼ਰਮਨਾਕ ਖ਼ਬਰਾਂ ਆ ਰਹੀਆਂ ਹਨ ਕਿ ਸਿੱਖਾਂ ਦੇ ਆਦਿ-ਜੁਗਾਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਸਿਰਸੇਵਾਲੇ ਸਾਧ ਦੇ ਚੇਲੇ ਇਸ ਕਰਕੇ ਅੰਜ਼ਾਮ ਦੇ ਸਕੇ ਹਨ ਕਿ ਡੇਰਾ ਮੁਖੀ ਨੂੰ ਮਨ-ਆਈਆਂ ਕਰਨ ਦੀ ਬਾਦਲਾਂ ਵੱਲੋਂ ਅੰਦਰਖਾਤੇ ਪੂਰੀ ਸ਼ਹਿ ਮਿਲ ਰਹੀ ਸੀ ਤੇ ਪੰਜਾਬ ਦੀ ਪੁਲਿਸ ਉਨ੍ਹਾਂ ਦੀ ਹਵਾ ਵੱਲ ਵੀ ਨਾ ਝਾਕ ਸਕੀ। ਸ਼੍ਰੋਮਣੀ ਕਮੇਟੀ ਦੀ ਕਿਸੇ ਬੈਠਕ ਵਿਚ ਇਸ ਸ਼ਰਮਨਾਕ ਕਾਰੇ ਉਤੇ ਕਿਸੇ ਨੇ ਨਾ ਤਾਂ ਇਕ ਸ਼ਬਦ ਮੂੰਹੋਂ ਕੱਢਿਆ ਅਤੇ ਨਾ ਹੀ ਇਸ ਸਬੰਧੀ ਕੋਈ ਵਿਚਾਰ ਕੀਤੀ। ਖ਼ਬਰ ਇਹ ਵੀ ਪ੍ਰਕਾਸ਼ਿਤ ਹੁੰਦੀ ਹੈ ਕਿ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਵਿਚ ਬਾਦਲਾਂ ਦੇ ਖਾਸਮਖਾਸ ਰਹੇ ਡੀਜੀਪੀ ਰਹੇ ਸੁਮੇਧ ਸੈਣੀ ਦਾ ਨਾਮ ਸਾਹਮਣੇ ਆ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਅਨੁਸਾਰ ਕਾਰਜਕਰਨੀ ਦੀਆਂ ਬੈਠਕਾਂ ਦਾ ਏਜੰਡਾ ਪਹਿਲਾਂ ਤੈਅ ਹੁੰਦਾ ਹੈ। ਇਸ ਕਰਕੇ ਇਹ ਵਿਚਾਰ ਤਾਂ ਏਜੰਡੇ ਵਿਚ ਹੀ ਨਹੀਂ ਆਉਂਦਾ। ਇਸ ਮਾਮਲੇ ਵਿਚ ਜਿਹੜੀ ਖੇਹ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸ਼੍ਰੋਮਣੀ ਕਮੇਟੀ ਵਲੋਂ ਨਿਯੁਕਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹੁਣ ਤਕ ਉਡਾਈ ਹੈ, ਉਸ ਤੋਂ ਪੰਥਕ ਸਿਧਾਂਤਾਂ, ਪ੍ਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਰਾਖੀ ਦੀ ਤਾਂ ਉਮੀਦ ਹੀ ਨਹੀਂ ਕੀਤੀ ਜਾ ਸਕਦੀ।

*"ਕਮਿਸ਼ਨ ਮੂਹਰੇ ਪੇਸ਼ ਹੋਏ ਬਹੁਤ ਸਾਰੇ ਗਵਾਹਾਂ ਨੇ ਇਸ ਗੱਲ ਦਾ ਦੁੱਖ ਜ਼ਾਹਰ ਕੀਤਾ ਹੈ ਕਿ ਜਦੋਂ ਸਰਸੇ ਵਾਲੇ ਦੇ ਭਗਤ ਸਰਸੇ ਵਾਲੇ ਦੀ ਫਿਲਮ ਨੂੰ ਰਿਲੀਜ਼ ਕਰਵਾਉਣ ਲਈ ਪੰਜਾਬ ਵਿਚ ਧਰਨੇ ਲਾ ਕੇ ਬੈਠੇ ਰਹੇ ਅਤੇ ਸੜਕਾਂ ਤੇ ਰੇਲਾਂ ਰੁਕ ਗਈਆਂ ਤਾਂ ਪੁਲਸ ਨੇ ਕੁਝ ਵੀ ਨਹੀਂ ਕਿਹਾ। ਪਰ ਜਦੋਂ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਿਚ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਇਕ ਦਿਨ ਦਾ ਧਰਨਾ ਦਿੱਤਾ ਤਾਂ ਸ਼ਾਂਤਮਈ ਧਰਨੇ ਉੱਤੇ ਬੈਠੇ ਸਿੱਖਾਂ ਦੇ ਗੋਲੀਆਂ ਮਾਰੀਆਂ ਗਈਆਂ।"*

*"12 ਅਕਤੂਬਰ ਨੂੰ ਲੁਧਿਆਣੇ ਵਿਚ ਸਰਬੱਤ ਖ਼ਾਲਸਾ ਦੇ ਸਬੰਧ ਵਿਚ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਹਟਾਉਣ ਵਾਸਤੇ ਮੀਟਿੰਗ ਬੁਲਾਈ ਗਈ। ਇਸੇ ਦਿਨ ਕਿਸੇ ਨੇ ਬਰਗਾੜੀ ਵਿਚ ਗੁਰੂ ਸਾਹਿਬ ਦੇ ਅੰਗ ਖਿਲਾਰ ਦਿੱਤੇ। ਕੀ ਇਹ ਇਤਫਾਕ ਸੀ ? ਇੱਕ ਵਾਰ ਮੁੜ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਵਿਰੁੱਧ ਹੋ ਰਹੇ ਸਰਬੱਤ ਖ਼ਾਲਸਾ ਵਾਸਤੇ ਸੱਦੀ ਗਈ ਮੀਟਿੰਗ ਵਾਲੇ ਦਿਨ ਮੁੜ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰੇ ਗਏ। ੧੬ ਅਕਤੂਬਰ ਨੂੰ ਅਕਾਲ ਤਖਤ ਨੇ ਡੇਰਾ ਮੁਖੀ ਨੂੰ ਦਿੱਤੀ ਮੁਆਫੀ ਵਾਪਸ ਲਈ ਅਤੇ ੧੯ ਅਕਤੂਬਰ ਨੂੰ ਫਿਰ ਕਿਸੇ ਨੇ ਗੁਰੂ ਸਾਹਿਬ ਦੇ ਅੰਗ ਪਿੰਡ ਗੁਰੂਸਰ ਵਿਚ ਖਿਲਾਰ ਦਿੱਤੇ। ਸਰਬੱਤ ਖ਼ਾਲਸਾ ਤੋਂ ਪਹਿਲਾਂ ੪ ਨਵੰਬਰ ਨੂੰ ਫੇਰ ਮੱਲ ਕੇ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਖਿਲਾਰੇ ਗਏ। ਜੇਕਰ ਇਹ ਵੀ ਇਤਫਾਕ ਸੀ ਤਾਂ ਫਿਰ ਇਹ ਇਤਫਾਕਾਂ ਦੀ ਹੱਦ ਹੀ ਸੀ।"*

*ਜਦੋਂ ਸਾਰਾ ਪੰਜਾਬ ਸਰਕਾਰੀ ਸ਼ਹਿ ਉਤੇ ਭੂਤਰੇ ਸਿਰਸੇਵਾਲੇ ਸਾਧ ਦੀਆਂ ਆਪ-ਹੁਦਰੀਆਂ ਦਾ ਸ਼ਿਕਾਰ ਬਣਿਆਂ ਬੇਵੱਸ ਹੋ ਕੇ ਵੇਖ ਰਿਹਾ ਸੀ ਤਾਂ ਇਨ੍ਹਾਂ ਪਲਾਂ ਨੂੰ ਫੜਨ ਦਾ ਜ਼ਿੰਮਾ ਵੀ ਜਸਟਿਸ ਨੇ ਪੂਰੀ ਰੂਹਦਾਰੀ ਨਾਲ ਨਿਭਾਇਆ ਹੈ। ਉਹ ਲਿਖਦੇ ਹਨ, ਕਿ "ਲਗਭਗ ਸਾਰੇ ਪੁਲਸ ਅਫਸਰਾਂ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਕੀ ਕਦੇ ਉਨ੍ਹਾਂ ਨੇ ਬੇਅਦਬੀ ਮਾਮਲੇ ਵਿਚ ਡੇਰਾ ਪ੍ਰੇਮੀਆਂ ਦੀ ਜਾਂਚ ਗੰਭੀਰਤਾ ਨਾਲ ਕੀਤੀ ਤਾਂ ਸਭ ਦਾ ਲਗਭਗ ਇਕੋ ਜਿਹਾ ਜਵਾਬ ਸੀ ਕਿ 'ਨਹੀਂ'। ਇਸ ਤੋਂ ਇਹ ਲਗਦਾ ਹੈ ਕਿ ਡੇਰਾ ਸਿਰਸਾ ਦਾ ਸਾਮਰਾਜ ਵੱਡਾ ਸੀ ਅਤੇ ਪੰਜਾਬ ਸਰਕਾਰ ਇਸ ਦੇ ਪ੍ਰਭਾਵ ਵਿਚ ਸੀ। ਇਹ ਸਾਰੇ ਹਾਲਾਤ ਉਦੋਂ ਬਦਲੇ ਜਦੋਂ ਡੇਰਾ ਮੁਖੀ ਨੂੰ ਬਲਾਤਕਾਰ ਦੇ ਦੋਸ਼ਾਂ ਵਿਚ ਉਮਰ ਕੈਦ ਦੀ ਸਜ਼ਾ ਹੋ ਗਈ। "*

ਉਧਰ ਸਾਡੇ ਇਨ੍ਹਾਂ ਕਥਿਤ ਪੰਥਕ ਆਗੂਆਂ ਦੀ ਤੁਲਨਾ ਵਿਚ ਦੇਖੋ ਕਿ ਕਿਵੇਂ ਜਸਟਿਸ ਰਣਜੀਤ ਸਿੰਘ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਵਾਲੀਆਂ ਸਿੱਖ ਸੰਗਤਾਂ ਉਤੇ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਗੋਲੀਆਂ ਚਲਾਉਣ ਅਤੇ ਗੁਰੂ ਗ੍ਰੰਥ ਦੀ ਬੇਅਦਬੀ ਦੇ ਦੋਸ਼ੀਆਂ ਦੇ ਸਰਕਾਰੀ ਸ਼ਹਿ ਉਤੇ ਸਿੱਖਾਂ ਦੀ "ਹਿੱਕ 'ਤੇ ਮੂੰਗ ਦਲਣ" ਦੀਆਂ ਘਟਨਾਵਾਂ ਬਾਰੇ ਕੌਮ ਦਾ ਦਰਦ ਮੌਕੇ ਦੇ ਗਵਾਹਾਂ ਦੀ ਜ਼ਬਾਨੀ ਕਲਮਬੱਧ ਕਰਦਾ ਗਿਆ ਹੈ।

"25 ਸਤੰਬਰ 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਗੁਰਦੁਆਰੇ ਕੋਲ ਪਰਚੇ ਲੱਗੇ ਮਿਲੇ ਜਿਨ੍ਹਾਂ ਉਤੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਬਹੁਤ ਹੀ ਭੱਦੀ ਸ਼ਬਦਾਵਲੀ ਲਿਖੀ ਗਈ ਸੀ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਫਿਲਮ "ਮੈਸੇਂਜਰ ਆਫ ਗੌਡ" ਦੇ ਪੰਜਾਬ ਵਿਚ ਰਿਲੀਜ਼ ਨਾ ਹੋਣ ਦੇਣ ਪ੍ਰਤੀ ਗੁੱਸਾ ਜ਼ਾਹਰ ਕੀਤਾ ਗਿਆ ਸੀ। ਇਨ੍ਹਾਂ ਵਿਚ ਇਹ ਧਮਕੀ ਵੀ ਦਿੱਤੀ ਗਈ ਸੀ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਨੂੰ ਸੜਕਾਂ ਉਤੇ ਖਿਲਾਰ ਦਿੱਤਾ ਜਾਵੇਗਾ। ਕਮਿਸ਼ਨ ਮੂਹਰੇ ਪੇਸ਼ ਹੋਏ ਬਹੁਤ ਸਾਰੇ ਗਵਾਹਾਂ ਨੇ ਇਸ ਗੱਲ ਦਾ ਦੁੱਖ ਜ਼ਾਹਰ ਕੀਤਾ ਹੈ ਕਿ ਜਦੋਂ ਸਰਸੇ ਵਾਲੇ ਦੇ ਭਗਤ ਸਰਸੇ ਵਾਲੇ ਦੀ ਫਿਲਮ ਨੂੰ ਰਿਲੀਜ਼ ਕਰਵਾਉਣ ਲਈ ਪੰਜਾਬ ਵਿਚ ਧਰਨੇ ਲਾ ਕੇ ਬੈਠੇ ਰਹੇ ਅਤੇ ਸੜਕਾਂ ਤੇ ਰੇਲਾਂ ਰੁਕ ਗਈਆਂ ਤਾਂ ਪੁਲਸ ਨੇ ਕੁਝ ਵੀ ਨਹੀਂ ਕਿਹਾ। ਪਰ ਜਦੋਂ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਿਚ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਇਕ ਦਿਨ ਦਾ ਧਰਨਾ ਦਿੱਤਾ ਤਾਂ ਸ਼ਾਂਤਮਈ ਧਰਨੇ ਉੱਤੇ ਬੈਠੇ ਸਿੱਖਾਂ ਦੇ ਗੋਲੀਆਂ ਮਾਰੀਆਂ ਗਈਆਂ।"

ਜਦੋਂ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਲਗਾਤਾਰ ਘਟਨਾਵਾਂ ਹੋ ਰਹੀਆਂ ਸਨ, ਤਾਂ ਸਾਰਾ ਪੰਜਾਬ ਕੂਕ ਰਿਹਾ ਸੀ। ਸਰਕਾਰ ਨੂੰ ਇਹ ਕੂਕ ਸੁਣਾਈ ਨਾ ਦਿੱਤੀ ਪਰ ਜਸਟਿਸ ਦੀ ਰਿਪੋਰਟ ਪੰਜਾਬ ਦੇ ਅੰਦਰੋਂ ਨਿਕਲੀ ਇਸ ਹੂਕ ਦਾ ਸੱਚ ਪੰਨਾ ਨੰਬਰ 112 'ਤੇ ਬਿਆਨ ਕਰਦੀ ਹੈ, " ਪਿੰਡ ਬੁਰਜ ਜਵਾਹਰ ਸਿੰਘਵਾਲਾ ਵਿਖੇ ਲੱਗੇ ਪਰਚਿਆਂ ਦੀ ਭਾਸ਼ਾ ਤੋਂ ਸਾਫ਼ ਸੀ ਕਿ ਇਸ ਸਾਰੇ ਕਾਂਡ ਵਿਚ ਡੇਰਾ ਪ੍ਰੇਮੀਆਂ ਦਾ ਹੱਥ ਹੋ ਸਕਦਾ ਹੈ ਪਰ ਪੁਲਿਸ ਨੇ ਇਸ ਵੱਲ ਆਪਣੀ ਜਾਂਚ ਤੋਰੀ ਹੀ ਨਹੀਂ। ਪੁਲਸ ਕੋਲ ਕੋਈ ਕਾਰਨ ਨਹੀਂ ਸੀ ਕਿ ਉਹ ਡੇਰਾ ਪ੍ਰੇਮੀਆਂ ਉਤੇ ਸ਼ੱਕ ਨਾ ਕਰਦੀ ਪਰ ਫਿਰ ਵੀ ਪੁਲਿਸ ਨੇ ਕਦੇ ਵੀ ਪ੍ਰੇਮੀਆਂ ਦਾ ਇਸ ਘਟਨਾ ਪਿੱਛੇ ਹੱਥ ਹੋਣ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ।"

ਅੱਗੇ ਚੱਲ ਕੇ ਆਪਣੀ ਰਿਪੋਰਟ ਵਿਚ ਜਸਟਿਸ ਸਾਫ਼ ਲਿਖਦਾ ਹੈ ਕਿ, "ਜਦ ਕਿ ਬਾਅਦ ਵਿਚ

**ਬਾਕੀ ਸਫ਼ਾ 25 'ਤੇ**

# ਅਖੌਤੀ ਦੇਸ਼ ਭਗਤ ਭਗਵਿਆਂ ਦੇ ਨਿਸ਼ਾਨੇ 'ਤੇ ਆਇਆ ਨਵਜੋਤ ਸਿੱਧੂ

## ਭਗਵੀਂ ਸਿਆਸਤ 'ਚ ਭੂਚਾਲ ਆ ਗਿਆ ਕਿ ਆਖਿਰ ਇਕ ਸਰਦਾਰ ਨੂੰ ਪਾਕਿਸਤਾਨ ਨਾਲ ਗੱਲਬਾਤ ਕਰਨ ਦਾ ਕੀ ਹੱਕ ਹੈ?

**ਬਲਵਿੰਦਰਪਾਲ ਸਿੰਘ (ਪ੍ਰੋ.)**



ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਦੇ ਨਾਲ ਲਗਦੀ ਭਾਰਤੀ ਸਰਹੱਦ ਤੋਂ ਪਾਕਿਸਤਾਨ ਵਿੱਚ ਕਰੀਬ 4 ਕਿਲੋਮੀਟਰ ਅੰਦਰ ਪੈਂਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਲੈ ਕੇ ਲਾਂਘਾ ਖੋਲ੍ਹਣ ਦੀ ਮੰਗ ਖਾਲਸਾ ਪੰਥ ਵਲੋਂ ਕਾਫੀ ਚਿਰਾਂ ਤੋਂ ਉਠਾਈ ਜਾ ਰਹੀ ਹੈ। ਪ੍ਰਵਾਸੀ ਖਾਲਸਾ ਜੀ ਇਸ ਬਾਰੇ ਪੂਰੀ ਤਰ੍ਹਾਂ ਸਰਗਰਮ ਹਨ। ਗੁਰਪੁਰਵਾਸੀ ਟਕਸਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਜੀ ਖੁੱਲ੍ਹੇ ਲਾਂਘੇ ਬਾਰੇ ਲਗਾਤਾਰ ਆਵਾਜ਼ ਬੁਲੰਦ ਕਰਦੇ ਰਹੇ ਤੇ ਆਪਣੇ ਮੋਰਚੇ 'ਤੇ ਡਟੇ ਰਹੇ। ਹੁਣ ਚੰਗੀ ਗੱਲ ਇਹ ਹੋਈ ਕਿ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵੀ ਇਹ ਮਾਮਲਾ ਭਖਾ ਦਿੱਤਾ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਨਾਲ ਇਹ ਮੁੱਦਾ ਜਿੱਥੇ ਵੱਡੀ ਪੱਧਰ 'ਤੇ ਭਖਿਆ ਹੈ ਤੇ ਕੌਮਾਂਤਰੀ ਪੱਧਰ ਦਾ ਬਣ ਗਿਆ ਹੈ, ਉੱਥੇ ਭਗਵੇਂ ਰਾਸ਼ਟਰਵਾਦੀਆਂ ਤੇ ਅਖੌਤੀ ਦੇਸ਼ ਭਗਤਾਂ ਦੇ ਨਿਸ਼ਾਨੇ 'ਤੇ ਸਿੱਧੂ ਆ ਗਏ ਹਨ। ਇਹ ਕਰਾਮਾਤਾਂ ਸੁੱਤੇ ਸਿਧ ਨਹੀਂ ਵਾਪਰਦੀਆਂ। ਇਸ ਪਿੱਛੇ ਵੱਡੀਆਂ ਤਾਕਤਾਂ ਬੈਠੀਆਂ ਹੁੰਦੀਆਂ ਹਨ, ਦਿਮਾਗ ਉਨ੍ਹਾਂ ਦੇ ਚਲ ਰਹੇ ਹੁੰਦੇ ਹਨ ਕਿ ਸਿੱਖ ਕੌਮ ਨੂੰ ਜ਼ਲੀਲ ਕਿਵੇਂ ਕਰਨਾ ਹੈ? ਸਿੱਧੂ 'ਤੇ ਰਾਸ਼ਟਰਵਾਦੀਆਂ ਦਾ ਨਫ਼ਰਤ ਭਰਪੂਰ ਹਮਲਾ ਭਗਵੇਂ ਦਿਮਾਗਾਂ ਵਿਚੋਂ ਹੀ ਨਿਕਲਿਆ ਹੈ। ਹੁਣ ਦੇਸ ਰਾਅ ਏਜੰਸੀਆਂ ਜਾਂ ਬਿਉਰੋਕ੍ਰੇਸੀ ਨਹੀਂ ਚਲਾਉਂਦੀਆਂ, ਇਹ ਭਗਵੇਂ ਰਾਸ਼ਟਰਵਾਦੀ ਤੇ ਆਰ ਐਸ ਐਸ ਵਾਲੇ ਹੀ ਚਲਾਉਂਦੇ ਹਨ। ਸਾਰੀਆਂ ਰਾਜਨੀਤਕ ਨੀਤੀਆਂ ਨਾਗਪੁਰੋਂ ਹੀ ਬਣ ਕੇ ਹੀ ਆਉਂਦੀਆਂ ਹਨ। ਦੇਸ ਵਿਚ ਕੀ ਚਲ ਰਿਹਾ ਹੈ, ਭੀੜਾਂ ਦੀ ਹਿੰਸਾ ਕਿਉਂ ਹੋ ਰਹੀ ਹੈ, ਇਹ ਸਭ ਭਗਵੀਂ ਸਿਆਸਤ ਦੀ ਉਪਜ ਹੈ। ਯਾਦ ਰਹੇ ਕਿ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਖਾਸ ਮਿੱਤਰ ਹਨ ਤੇ ਇਕੱਠੇ ਕ੍ਰਿਕਟ ਖੇਡੇ ਹਨ, ਉਹ ਇਮਰਾਨ ਖਾਨ ਦੇ ਬੁਲਾਵੇ 'ਤੇ ਸਹੁੰ-ਚੁੱਕ ਸਮਾਗਮ ਵਿੱਚ ਹਿੱਸਾ ਲੈਣ ਪਾਕਿਸਤਾਨ ਗਏ ਸਨ। ਸਹੁੰ-ਚੁੱਕ ਸਮਾਗਮ ਵੇਲੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਸਿੱਧੂ ਦੀ ਜੱਫੀ ਪਾਉਣ ਵਾਲੀ ਤਸਵੀਰ ਭਾਰਤੀ ਤੇ ਪਾਕਿਸਤਾਨੀ ਮੀਡੀਆ 'ਤੇ ਦੇਖੀ ਗਈ ਤਾਂ ਭਗਵੀਂ ਸਿਆਸਤ ਵਿਚ ਭੂਚਾਲ ਆ ਗਿਆ ਕਿ ਆਖਿਰ ਇਕ ਸਰਦਾਰ ਨੂੰ ਪਾਕਿਸਤਾਨ ਨਾਲ ਗੱਲਬਾਤ ਕਰਨ ਦਾ ਕੀ ਹੱਕ ਹੈ?

ਪੰਥਕ ਜਥੇਬੰਦੀਆਂ ਤੇ ਬਹੁਗਿਣਤੀ ਪੰਜਾਬੀ ਸ਼ੋਸ਼ਲ ਮੀਡੀਏ 'ਤੇ ਇਨ੍ਹਾਂ ਫਿਰਕੂ ਸਿਆਸਤਦਾਨਾਂ, ਅਖੌਤੀ ਰਾਸ਼ਟਰਵਾਦੀਆਂ ਵਿਰੁਧ ਡਟ ਗਏ ਹਨ ਕਿ ਭਾਰਤ-ਪਾਕਿ ਏਕਤਾ ਹੋਣੀ ਚਾਹੀਦੀ ਹੈ, ਬਾਰਡਰ ਖੁੱਲਣੇ ਚਾਹੀਦੇ ਹਨ, ਦੋਹਾਂ ਦੇਸਾਂ ਦਾ ਵਪਾਰ ਹੋਣਾ ਚਾਹੀਦਾ ਹੈ। ਕਰਤਾਰਪੁਰ ਲਈ ਖੁੱਲ੍ਹਾ ਲਾਂਘਾ ਮਿਲਣਾ ਚਾਹੀਦਾ ਹੈ। ਸਿੱਧੂ ਦਾ ਬਿਆਨ ਵੀ ਉਸਾਰੂ ਹੈ, ਉਸ ਨੇ ਭਗਵੇਂ ਰਾਸ਼ਟਰਵਾਦੀਆਂ ਦਾ ਜੁਆਬ ਦੇਂਦਿਆਂ ਕਿਹਾ ਕਿ ਜੇਕਰ ਇਹ ਨਾ ਮੁੜੇ ਤਾਂ ਫਿਰ ਇਨ੍ਹਾਂ ਦੇ ਪੋਤੜੇ ਫੋਲੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ "ਜਦੋਂ ਜਨਰਲ ਬਾਜਵਾ ਨੇ ਕਰਤਾਰਪੁਰ ਤੋਂ ਡੇਰਾ ਬਾਬਾ ਨਾਨਕ ਦਾ ਲਾਂਘਾ ਖੋਲ੍ਹਣ ਦੀ ਗੱਲ ਕੀਤੀ ਤਾਂ ਮੈਂ ਇਸ ਗੱਲ ਉੱਤੇ ਭਾਵੁਕ ਹੋ ਗਿਆ ਅਤੇ ਧੰਨਵਾਦ ਕਰਨ ਲਈ ਉਨ੍ਹਾਂ ਨੂੰ ਜੱਫੀ ਪਾ ਲਈ। ਇਕ ਸਿੱਖ ਦੇ ਲਈ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਦੀ ਕੀ ਕੀਮਤ ਹੁੰਦੀ ਹੈ, ਇਸ ਨੂੰ ਦੂਸਰੇ ਨਹੀਂ ਜਾਣ ਸਕਦੇ। ਅਸੀਂ ਰੋਜ਼ ਅਰਦਾਸ ਕਰਦੇ ਹਾਂ ਕਿ ਹੇ ਵਾਹਿਗੁਰੂ ਸਾਨੂੰ ਵਿਛੜੇ ਹੋਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨਾਂ ਦੇ ਦੀਦਾਰ ਬਖ਼ਸ਼ੋ।

ਵੱਡੀ ਗੱਲ ਇਹ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੀ ਸਿੱਧੂ ਦੀ ਪਿੱਠ 'ਤੇ ਆ ਗਏ ਹਨ। ਉਨ੍ਹਾਂ ਨੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਪਾਕਿਸਤਾਨੀ ਫ਼ੌਜ ਦੇ ਮੁਖੀ ਨਾਲ ਪਾਈ ਜੱਫੀ ਕਾਰਨ ਉੱਠੇ ਵਿਵਾਦ ਦੌਰਾਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਸਿੱਧੂ 'ਸ਼ਾਂਤੀ ਦਾ ਦੂਤ' ਕਰਾਰ ਦਿੰਦਿਆਂ ਸਿੱਧੂ ਵੱਲੋਂ ਉਨ੍ਹਾਂ ਦੇ ਸਹੁੰ ਚੁਕਾਈ ਸਮਾਰੋਹ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਪਾਕਿਸਤਾਨ ਦੀ ਜਨਤਾ ਨੇ ਨਵਜੋਤ ਸਿੰਘ ਸਿੱਧੂ ਨੂੰ ਬਹੁਤ ਨਿੱਘ ਤੇ ਪਿਆਰ ਦਿੱਤਾ ਹੈ। ਭਾਰਤ ਵਿਚ ਜਿਹੜੇ ਲੋਕ ਉਨ੍ਹਾਂ ਨੂੰ ਹੁਣ ਨਿਸ਼ਾਨਾ ਬਣਾ ਰਹੇ ਹਨ, ਉਨ੍ਹਾਂ ਨੂੰ ਸ਼ਾਂਤੀ ਕਾਇਮ ਰੱਖਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਬਿਨਾ ਸ਼ਾਂਤੀ ਦੇ ਸਾਡੇ ਲੋਕ ਤਰੱਕੀ ਨਹੀਂ ਕਰ ਸਕਦੇ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੀ ਸਿੱਖਾਂ ਵਿੱਚ ਬਹੁਤ ਮਹਾਨਤਾ ਹੈ। ਪਾਕਿਸਤਾਨ ਵਿੱਚ ਸਥਿਤ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਭਾਰਤੀ ਸਰਹੱਦ 'ਤੇ ਬੀਐਸਐਫ ਵਲੋਂ ਬਣਾਏ ਗਏ ਦਰਸ਼ਨ ਅਸਥਾਨ 'ਤੇ ਵੱਡੀ ਗਿਣਤੀ ਵਿਚ ਦੂਰ ਦੁਰਾਡੇ ਤੋਂ ਸੰਗਤਾਂ ਇੱਥੇ ਦਰਸ਼ਨ ਕਰਨ ਲਈ ਪਹੁੰਚਦੀਆਂ ਹਨ। ਇਸ ਅਸਥਾਨ ਦਾ ਸੰਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਹੈ। ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ। ਇਥੇ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੀਵਨ ਦੇ 17 ਸਾਲ 5 ਮਹੀਨੇ ਅਤੇ 9 ਦਿਨ ਬਿਤਾਏ ਹਨ ਅਤੇ ਗੁਰੂ ਸਾਹਿਬ ਦਾ ਪੂਰਾ ਪਰਿਵਾਰ ਵੀ ਕਰਤਾਰਪੁਰ ਸਾਹਿਬ ਆ ਕੇ ਵਸ ਗਿਆ ਸੀ। ਗੁਰੂ ਸਾਹਿਬ ਦੇ ਮਾਤਾ-ਪਿਤਾ ਦਾ ਦੇਹਾਂਤ ਵੀ ਇਥੇ ਹੋਇਆ ਸੀ। ਇਥੇ ਖੇਤੀ ਕਰ ਗੁਰੂ ਨਾਨਕ ਦੇਵ ਜੀ ਨੇ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦਾ ਸਿਧਾਂਤ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ 'ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖ਼ਿਰ ਵਿਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ 'ਤੇ ਹੀ ਜੋਤੀ ਜੋਤਿ ਸਮਾਏ ਸਨ।

ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲ੍ਹਣ ਦੀ ਮੰਗ ਨੂੰ ਲੈ ਕੇ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਇਥੇ ਗਾਹੇ ਬਗਾਹੇ ਵੱਡੀ ਗਿਣਤੀ ਵਿਚ ਸੰਗਤਾਂ ਨਾਲ ਸਰਹੱਦ 'ਤੇ ਬਣੇ ਕਰਤਾਰਪੁਰ ਸਾਹਿਬ ਦਰਸ਼ਨ ਅਸਥਾਨ 'ਤੇ ਪਹੁੰਚ ਕੇ ਅਰਦਾਸ ਕੀਤੀ ਜਾਂਦੀ ਹੈ। ਅਕਾਲੀ ਦਲ ਦੇ ਆਗੂ ਗੁਰਪੁਰਵਾਸੀ ਕੁਲਦੀਪ ਸਿੰਘ ਵਡਾਲਾ ਵੱਲੋਂ 2001 ਵਿਚ 'ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ' ਦੀ ਸ਼ੁਰੂਆਤ ਕੀਤੀ ਗਈ ਅਤੇ 13 ਅਪ੍ਰੈਲ 2001 ਦੀ ਵਿਸਾਖੀ ਤੋਂ ਅਰਦਾਸ ਕਰਨ ਦੀ ਸ਼ੁਰੂਆਤ ਕੀਤੀ ਗਈ। ਲਾਂਘਾ ਖੋਲ੍ਹਣ ਬਾਰੇ ਮੁਹਿੰਮ ਚਲਾਉਣ ਲਈ ਪਿਛਲੇ 17 ਸਾਲਾਂ ਤੋਂ ਲਗਾਤਾਰ ਹਰੇਕ ਮਹੀਨੇ ਅਰਦਾਸ ਕੀਤੀ ਜਾ ਰਹੀ ਹੈ। ਜਥੇਦਾਰ ਕੁਲਦੀਪ ਸਿੰਘ ਵਡਾਲਾ ਤੋਂ ਬਾਅਦ ਵੀ ਇਹ

ਬਾਕੀ ਸਫ਼ਾ 28 'ਤੇ

### ਕਰਤਾਰਪੁਰ ਲਾਂਘਾ ਖੁੱਲ੍ਹਵਾਉਣ ਲਈ ਬਾਰਡਰ 'ਤੇ ਨਵਜੋਤ ਸਿੱਧੂ ਨੇ ਕੀਤੀ ਅਰਦਾਸ

ਗੁਰਦਾਸਪੁਰ : ਹੁਣ ਖ਼ਬਰ ਕਰਤਾਰਪੁਰ ਸਾਹਿਬ ਲਾਂਘਾ ਨਾਲ ਜੁੜੀ ਹੋਈ ਹੈ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਪਾਕਿਸਤਾਨੀ ਫੇਰੀ ਮੌਕੇ ਉੱਠੇ ਵਿਵਾਦ ਨੂੰ ਮਿਸ਼ਨਰੀ ਰੁਖ਼ ਦੇਣਾ ਸ਼ੁਰੂ ਕਰ ਦਿੱਤਾ ਹੈ। ਸਿੱਧੂ ਨੇ ਕਰਤਾਰਪੁਰ ਸਾਹਿਬ ਲਾਂਘਾ ਖੱਲ੍ਹਵਾਉਣ ਲਈ ਚਾਰਾਜੋਈ ਸ਼ੁਰੂ ਆਰੰਭ ਦਿੱਤੀ ਹੈ। ਸ਼ਨੀਵਾਰ ਨੂੰ ਗੁਰਦਾਸਪੁਰ ਦੇ ਜ਼ਿਲ੍ਹੇ ਦੇ ਸਭ ਤੋਂ ਅਖੀਰਲੇ ਪਿੰਡ ਡੇਰਾ ਬਾਬਾ ਨਾਨਕ ਪਹੁੰਚ ਕੇ ਸਿੱਧੂ ਨੇ ਕਰਤਾਰਪੁਰ ਦਾ ਲਾਂਘਾ ਖੋਲ੍ਹਣ ਲਈ ਅਰਦਾਸ ਕੀਤੀ। ਪਾਕਿਸਤਾਨ ਵਿੱਚ ਸਿੱਧੂ ਦੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਵਾਉਣ ਦੀ ਜੋ ਉਮੀਦ ਜਾਗੀ ਸੀ ਉਸ ਉਮੀਦ ਨੂੰ ਭਾਰਤ ਵਿੱਚ ਵੀ ਸਰਹੱਦ ਤੋਂ ਪੂਰਾ ਹੁੰਦੇ ਵੇਖ ਰਹੇ ਹਨ। ਤਸਵੀਰਾਂ ਗੁਰਦਾਸਪੁਰ ਦੇ ਕਸਬਾ ਡੇਰਾ ਬਾਬਾ ਨਾਨਕ ਦੀਆਂ ਨੇ, ਜਿਥੇ ਸਿੱਧੂ ਨੇ ਦੂਰਬੀਨ ਜ਼ਰੀਏ ਪਾਕਿਸਤਾਨ ਵਿੱਚ ਮੌਜੂਦ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਤੇ ਨਾਲ ਹੀ ਕਰਤਾਰਪੁਰ ਲਾਂਘੇ ਦੇ ਖੁੱਲ੍ਹਣ ਦੀ ਅਰਦਾਸ ਕੀਤੀ। ਇਸ ਮੌਕੇ ਸਿੱਧੂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਪਵਿੱਤਰ ਸਥਾਨ ਲਈ ਅਰਦਾਸ ਕਰਨੀ ਚਾਹੀਦੀ ਹੈ ਤਾਂ ਜੋ ਸਿੱਖ ਕੌਮ ਆਪਣੇ ਪਵਿੱਤਰ ਸਥਾਨ ਕਾਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰ ਸਕੇ। ਸਿੱਧੂ ਨੇ ਕਿਹਾ ਕਿ ਉਹ ਪੂਰੀ ਕੋਸ਼ਿਸ਼ ਕਰਨਗੇ ਕਿ ਇਹ ਮੰਗ ਪੂਰੀ ਹੋਵੇ। ਉੱਧਰ ਲਾਂਘੇ ਨੂੰ ਲੈ ਕੇ ਪੰਜਾਬ ਵਿੱਚ ਜਾਰੀ ਸਿਆਸਤ ਤੇ ਸਿੱਧੂ ਨੇ ਕਿਹਾ ਕਿ ਹਰ ਕਿਸੇ ਨੂੰ ਸਿਆਸਤ ਤੋਂ ਉੱਪਰ ਉਠ ਕੇ ਵਿਸ਼ੇਸ਼ ਕੌਰੀਡੋਰ ਲਈ ਅਰਦਾਸ ਕਰਨੀ ਚਾਹੀਦੀ ਹੈ। ਤਾਂ ਜੋ ਸਾਲਾਂ ਤੋਂ ਅਰਦਾਸ ਕਰ ਰਹੀ ਸਿੱਖ ਸੰਗਤ ਦੀ ਮਨੋਕਾਮਨਾ ਪੂਰੀ ਹੋ ਸਕੇ।

# ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸੁਮੇਧ ਸੈਣੀ ਦੇ ਜ਼ੁਲਮਾਂ ਚਿੱਠਾ ਵਿਧਾਨ ਸਭਾ ਵਿੱਚ ਖੋਲ੍ਹਿਆ







**ਚੰਡੀਗੜ੍ਹ/ਬਿਊਰੋ ਨਿਊਜ਼** :ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਲੇਖੇ ਉੱਤੇ ਪੰਜਾਬ ਵਿਧਾਨ ਸਭਾ ਵਿੱਚ ਹੋਈ ਬਹਿਸ ਦੌਰਾਨ ਪੰਜਾਬ ਕਾਂਗਰਸ ਦੇ ਵਿਧਾਇਕ ਤੇ ਵਜ਼ੀਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦੇ ਜ਼ੁਲਮਾਂ ਦਾ ਚਿੱਠਾ ਖੋਲ੍ਹ ਕੇ ਵਿਧਾਨ ਸਭਾ ਵਿਚ ਰੱਖਿਆ ਤੇ ਪੰਜਾਬ ਦੇ ਇਸ ਬਦਨਾਮ ਪੁਲਿਸ ਅਫਸਰ ਨੂੰ ਸਾਫ ਸ਼ਬਦਾਂ ਵਿਚ ਕਾਤਲ ਕਰਾਰ ਦਿੰਦਿਆਂ ਉਸ ਦੀ ਗ੍ਰਿਫਤਾਰੀ ਲਈ ਠੋਸ ਕਦਮ ਚੁੱਕਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੰਗਾਰਿਆ।

ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਆਪਣੇ ਭਾਸ਼ਣ ਦੌਰਾਨ ਕੁਲਵੰਤ ਸਿੰਘ ਵਕੀਲ, ਉਹਨਾਂ ਦੀ ਪਤਨੀ ਅਤੇ ਦੁੱਧ ਚੁੰਗਦੀ ਬੱਚੀ ਨੂੰ ਮਾਰ ਮੁਕਾਉਣ ਅਤੇ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਵਾਰ ਦੇ ਬਜ਼ੁਰਗਾਂ ਤੋਂ ਬੱਚਿਆਂ ਤੱਕ ਨੂੰ ਕੋਹ-ਕੋਹ ਕੇ ਮਾਰਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੁਗਲਾਂ ਨੇ ਵੀ ਸਿੱਖਾਂ ਉੱਤੇ ਜ਼ੁਲਮ ਕੀਤੇ ਸਨ ਅਤੇ ਤਸੀਹਿਆਂ ਦੇ ਬਹੁਤ ਭਿਆਨਕ ਤਰੀਕੇ ਅਪਣਾਏ ਸਨ ਪਰ ਉਹਨਾਂ ਵੀ ਸਿੱਖਾਂ ਨੂੰ ਜ਼ਿਉਂਦੇ ਨਹੀਂ ਸੀ ਸਾੜਿਆ ਜੋ ਕਿ ਸੁਮੇਧ ਸੈਣੀ ਦੀਆਂ ਧਾੜਾਂ ਅਤੇ ਉਸਦੇ ਖਾਸਮ-ਖਾਸ ਨਕਲੀ ਨਿਹੰਗ ਪੂਹਲੇ ਨੇ ਕੀਤਾ।

**ਸੁਮੇਧ ਸੈਣੀ ਦੀ ਹਿਮਾਇਤ ਕਰਨ ਵਾਲੇ ਖਬਰਦਾਰ ਰਹਿਣ:** ਵਿਧਾਨ ਸਭਾ ਵਿੱਚ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਇਹ ਵੀ ਖੁਲਾਸਾ ਕੀਤਾ ਕਿ ਉਸਨੂੰ ਕਈ ਲੋਕ ਇਹ ਸਲਾਹਾਂ ਦੇ ਰਹੇ ਸਨ ਕਿ ਉਹ ਸੁਮੇਧ ਸੈਣੀ ਦਾ ਜ਼ਿਕਰ ਵਿਧਾਨ ਸਭਾ ਵਿੱਚ ਨਾ ਕਰੇ ਕਿਉਂਕਿ 'ਸੁਮੇਧ ਸੈਣੀ ਬਹੁਤ ਖਤਰਨਾਕ ਹੈ'। ਉਹਨਾਂ ਕਿਹਾ ਕਿ ਅਫਸਰਸ਼ਾਹੀ ਅਤੇ ਪੰਜਾਬ ਪੁਲਿਸ ਵਿਚਲੇ ਸੁਮੇਧ ਸੈਣੀ ਦਾ ਪੱਖ ਪੂਰਨ ਵਾਲੇ ਅਫਸਰ ਖਬਰਦਾਰ ਰਹਿਣ।

**ਜਿਹਨੇ ਡੀ.ਜੀ.ਪੀ. ਰਹਿਣਾ ਜਾਂ ਬਣਨਾ ਹੈ ਉਹੀ ਸੁਮੇਧ ਸੈਣੀ ਨੂੰ ਗ੍ਰਿਫਤਾਰ ਕਰੇਗਾ :** ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕਈ ਇਹ ਸਵਾਲ ਕਰ ਰਹੇ ਹਨ ਕਿ ਸੈਣੀ ਨੂੰ ਫੜੇਗਾ ਕੌਣ? ਉਸਨੇ ਕਿਹਾ ਕਿ ਜਿਹੜੇ ਅਫਸਰ ਅਜਿਹੀ ਗੱਲਾਂ ਕਰ ਰਹੇ ਹਨ ਉਹ ਕਾਇਰ ਹਨ। ਸੈਣੀ ਦੀ ਗ੍ਰਿਫਤਾਰੀ ਵਾਲੇ ਸਵਾਲ ਦਾ ਆਪੇ ਜਵਾਬ ਦੇਂਦਿਆਂ ਮੰਤਰੀ ਬਾਜਵਾ ਨੇ ਕਿਹਾ ਕਿ ਜਿਸ ਨੇ ਵੀ ਪੁਲਿਸ ਮੁਖੀ ਰਹਿਣਾ ਹੈ ਜਾਂ ਬਣਨਾ ਹੈ ਉਸੇ ਨੂੰ ਹੀ ਸੁਮੇਧ ਸੈਣੀ ਨੂੰ ਫੜਨਾ ਪਵੇਗਾ।

**ਭਾਰਤੀ ਅਦਾਲਤਾਂ ਨੇ ਵੀ ਸੁਮੇਧ ਸੈਣੀ ਨੂੰ ਬਚਾਇਆ, ਬੀਬੀ ਅਮਰ ਕੌਰ ਇਨਸਾਫ ਨੂੰ ਤਰਸਦੀ ਜਹਾਨੋਂ ਚਲੀ ਗਈ:** ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਆਪਣੇ ਭਾਸ਼ਣ ਦੌਰਾਨ ਸੈਣੀ ਮੋਟਰਜ਼ ਲੁਧਿਆਣਾ ਵਾਲਿਆਂ ਦੇ ਪਰਵਾਰ ਦੇ ਦੋ ਜੀਆਂ ਤੇ ਉਹਨਾਂ ਦੇ ਡਰਾਈਵਰ ਦੇ ਕਤਲ ਦੇ ਮਾਮਲੇ ਦਾ ਵਿਸਤਾਰ ਵਿੱਚ ਜ਼ਿਕਰ ਕਰਦਿਆਂ ਕਿਹਾ ਕਿ ਭਾਰਤੀ ਅਦਾਲਤਾਂ ਵੀ ਸੁਮੇਧ ਸੈਣੀ ਜਿਹੇ ਕਾਤਲ ਨੂੰ ਸਜ਼ਾ ਦੇਣ ਵਿੱਚ ਨਾਕਾਮ ਰਹੀਆਂ ਹਨ। ਉਹਨਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਵਕੀਲ ਐਚ. ਐਸ. ਫੂਲਕਾ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਫੂਲਕਾ ਜੀ ਅਸੀਂ ਵੇਖਦੇ ਹਾਂ ਕਿ ਜੱਜਾਂ (ਨਿਆਂ ਦੀ ਮੂਰਤ) ਦੀਆਂ ਅੱਖਾਂ ਉੱਤੇ ਪੱਟੀ ਹੁੰਦੀ ਹੈ ਕਿ ਉਹ ਇਨਸਾਫ ਕਰਨ ਤੇ ਇਹ ਨਾ ਵੇਖਣ ਕਿ ਕਟਿਹਰੇ ਵਿੱਚ ਕੌਣ ਹੈ ਪਰ ਸੁਮੇਧ ਸੈਣੀ ਦੇ ਮਾਮਲੇ ਵਿੱਚ ਜੱਜਾਂ ਨੇ ਇਹ ਪੱਟੀ ਹਟਾ ਕੇ ਸੁਮੇਧ ਸੈਣੀ ਨੂੰ ਬਚਾਇਆ ਹੈ। ਮੰਤਰੀ ਬਾਜਵਾ ਨੇ ਕਿਹਾ ਕਿ ਭਾਰਤੀ ਅਦਾਲਤਾਂ, ਹੇਠਲੀ ਤੋਂ ਉੱਪਰਲੀ ਤੱਕ, ਸੁਮੇਧ ਸੈਣੀ ਨੂੰ ਬਚਾਉਂਦੀਆਂ ਰਹੀਆਂ ਹਨ।

ਉਹਨਾਂ ਕਿਹਾ ਕਿ ਸੈਣੀ ਮੋਟਰਜ਼ ਵਾਲੇ ਮਾਮਲੇ ਵਿੱਚ ਬੀਬੀ ਅਮਰ ਕੌਰ ਸੌ ਸਾਲ ਤੋਂ ਵੱਧ ਉਮਰ ਤੱਕ ਜਿੰਦਾ ਰਹੀ ਤੇ ਉਸ ਦੀ ਇਕੋ ਖਾਹਿਸ਼ ਸੀ ਕਿ ਉਹ ਸੁਮੇਧ ਸੈਣੀ ਵੱਲੋਂ ਕਤਲ ਕੀਤੇ ਗਏ ਉਸਦੇ ਪਰਵਾਰ ਦੇ ਜੀਆਂ ਨੂੰ ਇਨਸਾਫ ਮਿਲੇ ਅਤੇ ਸੁਮੇਧ ਸੈਣੀ ਨੂੰ ਸਜ਼ਾ ਹੋਵੇ ਪਰ ਅਜਿਹਾ ਨਹੀਂ ਹੋ ਸਕਿਆ।

ਭਾਰਤੀ ਅਦਾਲਤਾਂ ਦੇ ਰਵੱਈਏ ਉੱਤੇ ਸਵਾਲ ਚੁੱਕਦਿਆਂ ਮੰਤਰੀ ਬਾਜਵਾ ਨੇ ਕਿਹਾ ਕਿ ਇਕ ਪੇਸ਼ੀ ਦੌਰਾਨ ਬੀਬੀ ਅਮਰ ਕੌਰ ਦੀ ਬਿਰਧ ਹਾਲਤ ਕਰਕੇ ਕਿਸੇ ਨੂੰ ਉਸ ਦੀ ਅਵਾਜ਼ ਸੁਣਦੀ ਨਹੀਂ ਸੀ ਤਾਂ ਜੱਜ ਨੇ ਉਸ ਦੇ ਬੁੱਲ੍ਹਾਂ ਨਾਲ ਕੰਨ ਲਾ ਕੇ ਗੱਲ ਸੁਣੀ। ਬੀਬੀ ਨੇ ਜੱਜ ਨੂੰ ਕਿਹਾ ਕਿ ਹਰ ਰੋਜ਼ ਸੁਣਵਾਈ ਕਰੇ ਪਰ ਸ਼ਾਇਦ ਉਹ ਜੱਜ ਬੋਲਾ ਸੀ। ਅਖੀਰ ਇਨਸਾਫ ਵਾਲਾ ਦਿਨ ਵੇਖਣ ਤੋਂ ਪਹਿਲਾਂ ਹੀ ਬੀਬੀ ਅਮਰ ਕੌਰ ਚੱਲ ਵੱਸੀ।

ਮੰਤਰੀ ਬਾਜਵਾ ਨੇ ਆਪਣੇ ਭਾਸ਼ਣ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਸੁਮੇਧ ਸੈਣੀ ਨੂੰ ਗ੍ਰਿਫਤਾਰ ਕਰਨ ਦੀ ਵੰਗਾਰ ਪਾਈ ਤੇ ਕਿਹਾ ਕਿ ਸੁਮੇਧ ਸੈਣੀ ਨੂੰ ਇਕ ਵਾਰ ਜ਼ਰੂਰ ਹਵਾਲਾਤ ਵਿੱਚ ਡੱਕਿਆ ਜਾਵੇ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

## 21 ਤੋਂ 23 ਸਤੰਬਰ 2018 ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਫਰੀਦਕੋਟ ਅਤੇ ਆਸ ਪਾਸ ਦੇ ਇਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ
**ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ**
ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ
**ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ,**
**ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177**
ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 21 ਸਤੰਬਰ 2018 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ** : 23 ਸਤੰਬਰ 2018 ਦਿਨ ਐਤਵਾਰ, ਸਵੇਰੇ 10.00 ਵਜੇ
ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਦੱਸਿਆ ਜਾਵੇਗਾ।

*ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ** : ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702
ਤਰਸੇਮ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਫਰੀਦਕੋਟ 510-303-8789 ਅਤੇ ਕਮਲ ਸਿੱਧੂ ਦੌਧਰ 510-717-9555

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net


**Chicago's Pizza**
With a twist

**FOR SALE**

- Great business opportunity available in the Livermore area.
- Many varieties of Indian fusion pizza as well as pasta, wings, salads, etc.
- Business has been profitable for the sellers.
- Situated in a great location, off of 580.



ਲਿਵਰਮੋਰ ਸ਼ਹਿਰ ਵਿੱਚ
ਸ਼ਿਕਾਗੋ ਪੀਜ਼ਾ ਸਟੋਰ
ਵਿਕਾਊ ਹੈ।

Bhupinder Singh Dev
realtor92@yahoo.com
BRE# 01130627
510-459-7537
RE/MAX Active Realty



ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ. ਭੁਪਿੰਦਰ ਸਿੰਘ: 510-459-7537



**ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1**







ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
**Punjab Trading Inc**
4710 B ST NW #103 Auburn, WA 98001
**Phone:206-778-1823**
shahbrands@gmail.com

# Sikh Gurdwara of Los Angeles [ Lankershim ]

## Celebrating Pratham Parkash Utsav of Shri Guru Granth Sahib Ji

On Labor Day Weekend [Sunday, Sept 2, 2018]



**Program 10:00 AM To 2:30 PM**

Asa Ki Vaar, Katha Kirtan By Various Ragis of Local Gurdwara's

Following Ragi Jathas will perform
- Bhai Raghubir Singh Ji (Walnut Gurdwara)
- Bhai Varinder Singh Ji (KCF Gurudwara)
- Bhai Gagandeep Singh Ji (Nanak Sadan Gurdwara)
- Bhai Kirtan Singh Ji (Guru Ramdass Ashram)
- Baba Surjit Singh Ji ( Lankershim Gurudwara )
- Sant Avtar Singh Ji ( Badhni Kalan Wale )

Chhole Bhature Sewa By Sikh Welfare Organization

Friday Langer Sewa By Harjinder S Dhaliwal

Guru Ka Langar Seva By: Gurdas Singh Kehal & Family

We are celebrating 12th Anniversary of Pratham Parkash Utsav along with Labor Day

You are requested to join us with your family and friends and recieve Guru's blessings

Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com

| | | | |
|---|---|---|---|
| Muktiar S Kamboj | (626)893-5959 | Kuldeep S Brar | (818) -645-3098 |
| Manjit S Pandher | (818)-398-9262 | Ravi Grewal | (310) 748-1348 |
| Karamjit S Rathor | (818)-625-6370 | Harmandar Grewal | (818) 606-7894 |
| Harjit S Saini | (323)-321-1679 | Gurudwara Sahib Ji | (818)-765-9399 |




SAVE UPTO 24¢ PER GALLON ON DIESEL






**FUEL CARD**

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

**FACTORING**

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers · TA TravelCenters of America · Love's Travel Stops & Country Stores

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet over 100 gallons**

open 6am to midnight

Phone: 765-478-6300


UNITED SPORTS CLUB CALIFORNIA, AMERICA
14TH WORLD KABADDI CUP
16 SEPTEMBER 2018, SUNDAY
(09:00am - 06pm)
(James Logan High School 1800 H Street,
Union City, California 94587)
Chief Guest
Sant Sewa Singh Ji
Khadoor Sahib Wale
Amolak Singh Gakhal
Chief Patron, United Sports Club
Makhan Singh Bains Chairman
Iqbal Singh Gakhal Vice Chairman
Balvir Singh Bhatia President
Palwinder Singh Gakhal Director
Jugraj Singh Sahota Vice President
S. Ashok Bhaura Gen. Sec & Media Incharge
Pinki Atwal Director
Sadhu Singh Khlaur Advisor
Narinder Singh Sahota Treasurer
Makhan Singh Dhaliwal Director
ਤੀਰਥ ਗਾਖਲ
ਰੰਗ ਕਬੱਡੀ ਦੇ
Dalwinder Padda Director
Natha Singh Gakhal Advisor
Debi Sohal Sidhwan Dona Director
Inderjit Thind
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwinder Singh Gakhal Director
Harjinder Ladhar Director
Arundeep Singh
UNITED SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
Opening
Surjit Singh Tutt
Mike Boparai
Jaspreet Singh Attorney
Major Singh Bains
Sponsor of 1st Prize
DIAMOND TRANSPORTATION
Gulwinder Gakhal, Neki Atwal & Pinki Atwal of Diamond Trucking
Sponsor of 2nd Prize
Jugraj Singh Sahota & Narinder Singh Sahota of Sahota Family
(Dedicated to Sweet Memory of Late. Kashmir Singh Sahota)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
Guest Of Honor
Jagir Singh Sabzi Mandi
Mani Grewal
Tarlochan S Lasher (Team Owner)
Shaba Thiara (Team Owner)
Baljit S sandhu (Team Owner)
Vicky Sammipuria (Team Owner)
Tari (Team Owner)
Pamna Deol (Team Owner)
Honor With Gold Medals
Major Gakhal
Kindu Ramidi
Lakha Gazipuria
Sewa Singh Randhawa (Team Owner)
Kulwant Singh Nijjar
Kulwant Singh Khaira
Randhir Singh Nijjar
Balwinder S Virk
Rana Dhillon
Sewa S Sidhu
Amarjit Samra
Sarabjit Deol
Dr. Baljinder Singh Grewal
All Kabaddi Lovers openly Inivited
StarKabaddi Players who will participate in World Kabaddi Cup
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
Tournament is going to be organize with support of sponsors and supporters
With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar
Kabaddi Clubs will participate
1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)
Under-25 Teams
1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA
Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com
COMENTATORS
* Asha Sharma *Iqbal Galib
* Makhan Ali *Surjit Kakrari
Spectators have to reach at James Logan High School, International Law of Kabaddi will apply., United Sports Club has reserve the right for last decisions


jus punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.
Khalsa Insurance Agency is among TOP 50 agencies

Anthem
2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the
Lowest Health Insurance
Premiums available
Some Households
qualify for
FREE HEALTHCARE
408-272-2500

OBAMACARE
COVERED CALIFORNIA
IS THE
AFFORDABLE CARE ACT
IS THE
California Health Benefit Exchange
Your destination for affordable health care

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

## ਇਹਨਾਂ ਖੇਤਾਂ ਵਿੱਚ ਡੁੱਲੀ ਹੈ ਰੱਤ ਸਾਡੀ

# ਅਣਗੌਲੇ ਮਹਾਂਨਾਇਕਾਂ ਦੀ ਦਾਸਤਾਂ

ਮੁੱਦਕੀ ਅਤੇ ਫਿਰੋਜਸ਼ਾਹ ਆਦਿ ਕੁਝ ਥਾਵਾਂ ਤੇ ਅੰਗਰੇਜ਼ ਹਕੂਮਤ ਵੱਲੋਂ ਸੰਨ 1870 ਵਿੱਚ ਆਪਣੇ ਸਿਪਾਹੀਆਂ ਦੀ ਯਾਦ ਵਿੱਚ ਲਾਟਾਂ ਉਸਾਰੀਆਂ ਗਈਆਂ ਹਨ। ਮੁੱਦਕੀ ਨੇੜੇ ਅੰਗਰੇਜ਼ ਸਿਪਾਹੀਆਂ ਦੀ ਯਾਦਗਾਰ ਤੇ ਸਾਡੀ ਭਾਰਤ ਸਰਕਾਰ ਵੱਲੋਂ ਇੱਕ ਚੌਕੀਦਾਰ ਵੀ ਨਿਯੁਕਤ ਕੀਤਾ ਹੋਇਆ ਹੈ। ਉਸ ਦੇ ਦੱਸਣ ਮੁਤਾਬਕ ਅੱਜ ਵੀ ਅੰਗਰੇਜ਼ ਆਪਣੇ ਵੱਡੇ ਵਡੇਰਿਆਂ ਦੀਆਂ ਇਹਨਾਂ ਯਾਦਗਾਰਾਂ ਨੂੰ ਸਿਜਦਾ ਕਰਨ ਪੁਜਦੇ ਹਨ। ਦੂਜੇ ਪਾਸੇ ਉਹਨਾਂ ਗੁੰਮਨਾਮ ਪੰਜਾਬੀ ਯੋਧਿਆਂ, ਜਿਹਨਾਂ ਨੇ ਦੇਸ਼ ਕੌਮ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ, ਦੀ ਕੋਈ ਢੁੱਕਵੀਂ ਯਾਦਗਾਰ ਨਹੀਂ ਹੈ।

**"ਇਹਨਾਂ ਖੇਤਾਂ ਵਿੱਚ ਡੁੱਲ੍ਹੀ ਹੈ ਰੱਤ ਸਾਡੀ, ਇੱਥੇ ਕਿਵੇਂ ਨਾ ਸਾਵੀਆਂ ਹੋਣ ਫਸਲਾਂ।"**

ਅਫਸੋਸ ਇਹ ਹੈ ਕਿ ਇੱਥੇ ਸ਼ਹੀਦ ਹੋਣ ਵਾਲੇ ਸੂਰਬੀਰਾਂ ਚੋਂ ਕਿਸੇ ਇੱਕ ਦਾ ਵੀ ਨਾਮ ਸਥਾਨਕ ਲੋਕ ਨਹੀਂ ਜਾਣਦੇ।



**ਗੁਰਚਰਨ ਸਿੰਘ ਨੂਰਪੁਰ**
ਮੋ: 98550-51099

ਸਿਖਰ ਦੀ ਸਰਦੀ ਤੇ ਸ਼ਾਮ ਦਾ ਸਮਾਂ ਸੀ, ਸੰਨ 1845 ਦੇ ਦਸੰਬਰ ਮਹੀਨੇ ਦੀ 18 ਤਰੀਕ, ਜਦੋਂ ਅੰਗਰੇਜ਼ੀ ਸਰਕਾਰ ਅਤੇ ਪੰਜਾਬ ਦੀਆਂ ਫੌਜਾਂ ਦਰਮਿਆਨ ਪਿੰਡ ਮੁੱਦਕੀ ਜਿਲਾ ਫਿਰੋਜ਼ਪੁਰ ਦੇ ਸਥਾਨ 'ਤੇ ਜਾਨ-ਹੂਲਵਾਂ ਯੁੱਧ ਹੋਇਆ। ਇੱਕ ਪਾਸੇ ਅੰਗਰੇਜ਼ ਹਕੂਮਤ ਜਿਸ ਦੇ ਰਾਜ ਵਿੱਚ ਕਦੇ ਸੂਰਜ ਅਸਤ ਨਹੀਂ ਸੀ ਹੁੰਦਾ, ਦੁਨੀਆ ਦੀ ਸਭ ਤੋਂ ਤਾਕਤਵਾਰ ਫੌਜ। ਦੂਜੇ ਪਾਸੇ ਜਮਰੌਦ (ਅਫਗਾਨਿਸਤਾਨ) ਤੱਕ ਝੰਡਾ



ਲਾਲ ਸਿੰਘ

ਝਲਾਉਣ ਵਾਲੀ ਸਿੱਖ ਫੌਜ। ਇਹ ਉਹ ਜੰਗ ਸੀ ਜਿਸ ਵਿੱਚ ਹਿੰਦੁਸਤਾਨ ਦਾ ਗਵਰਨਰ ਜਨਰਲ ਲਾਰਡ ਹਾਰਡਿੰਗ ਬੜੀ ਦਿਲਚਸਪੀ ਨਾਲ ਆਪਣੇ ਹੀ ਫੌਜੀ ਜਰਨੈਲ ਹਿਊ ਗੱਫ ਦੇ ਅਧੀਨ ਹੋ ਕੇ ਸਿੱਖ ਫੌਜ ਦੇ ਵਿਰੁੱਧ ਲੜਿਆ। ਉਹ ਜੰਗ ਜਿਸ ਨੂੰ ਕਵੀ ਸ਼ਾਹ ਮੁਹੰਮਦ ਨੇ ਹਿੰਦਸਤਾਨ ਅਤੇ ਪੰਜਾਬ ਦਰਮਿਆਨ ਲੜੀ ਜਾਣ ਵਾਲੀ ਜੰਗ ਕਿਹਾ।

ਅੰਗਰੇਜ਼ ਹਕੂਮਤ ਨੇ ਹਿੰਦੁਸਤਾਨ ਦੀਆਂ ਵੱਡੀਆਂ-ਵੱਡੀਆਂ ਰਿਆਸਤਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਪਰ ਮਹਾਰਾਜਾ ਰਣਜੀਤ ਸਿੰਘ ਵੱਲ ਅੱਖ ਚੁੱਕ ਕੇ ਵੇਖਣ ਦਾ ਉਹਨਾਂ ਦਾ ਅਜੇ ਹੀਆ ਨਹੀਂ ਸੀ ਪੈਂਦਾ। ਜੂਨ 1839 ਵਿੱਚ ਰਣਜੀਤ ਸਿੰਘ ਦੀ ਮੌਤ ਹੋਈ। ਲਾਹੌਰ ਸਰਕਾਰ ਦੀ ਸਥਿਤੀ ਡਾਵਾਂਡੋਲ ਹੋ ਗਈ। ਅੰਗਰੇਜ਼ਾਂ ਨੇ ਮੌਕੇ ਦਾ ਫਾਇਦਾ ਉਠਾ ਕੇ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਕਰਨ ਲਈ ਜੁਗਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਐਲਨਬਰਾ ਨੂੰ ਤਬਦੀਲ ਕਰਕੇ ਉਹਦੀ ਥਾਂ ਲਾਰਡ ਹਾਰਡਿੰਗ ਦੀ ਨਿਯੁਕਤੀ ਕੀਤੀ ਗਈ। ਲਾਰਡ ਹਾਰਡਿੰਗ ਜੰਗੀ ਮੁਹਿੰਮਾਂ ਲਈ ਮਾਹਿਰ ਮੰਨਿਆ ਜਾਂਦਾ ਸੀ। ਲਾਹੌਰ ਹਕੂਮਤ ਦੀ ਘੇਰਾਬੰਦੀ ਕਰਨ ਲਈ ਲੁਧਿਆਣਾ, ਅੰਬਾਲਾ ਅਤੇ ਫਿਰੋਜ਼ਪੁਰ ਵਿੱਚ ਅੰਗਰੇਜ਼ੀ ਫੌਜ ਦੀਆਂ ਵੱਡੀਆਂ ਬਟਾਲੀਅਨਾਂ ਉਤਾਰੀਆਂ ਗਈਆਂ। ਪੰਜਾਬ ਦੀ ਫੌਜ ਦਾ ਟਾਕਰਾ ਕਰਨ ਲਈ ਬੰਬਈ ਤੋਂ ਵਿਸ਼ੇਸ਼ ਤੋਪਾਂ ਵੱਡੀ ਗਿਣਤੀ ਵਿੱਚ ਮੰਗਵਾਈਆਂ ਗਈਆਂ। ਫੌਜ ਨੂੰ ਸਤਲੁਜ ਦਰਿਆ ਪਾਰ ਕਰਾਉਣ ਲਈ ਬੰਬਈ ਵਿੱਚ ਹੀ ਮਜ਼ਬੂਤ ਬੇੜੇ ਬੇੜੀਆਂ ਬਣਵਾਏ ਗਏ। ਅੰਗਰੇਜ਼ ਹਕੂਮਤ ਨੇ ਆਪਣੇ ਵਿਸ਼ੇਸ਼ ਜਾਸੂਸ ਭੇਜ ਕੇ ਪੰਜਾਬ ਦੀ ਫੌਜ ਦੇ ਸੈਨਾ ਪਤੀ ਤੇਜਾ ਸਿੰਘ ਅਤੇ ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਲਾਲ ਸਿੰਘ ਨੂੰ ਆਪਣੇ ਨਾਲ ਗੰਢਿਆ। ਕਿਹਾ ਜਾਂਦਾ ਹੈ ਕਿ ਇਸ ਸਮੇਂ ਪੰਜਾਬ ਦੀ ਫੌਜ ਇੰਨੀ ਸ਼ਕਤੀਸ਼ਾਲੀ ਸੀ ਕਿ ਅੰਗਰੇਜ਼ ਉਹਨਾਂ ਨਾਲ ਸਿੱਧੀ ਟੱਕਰ ਲੈ ਕੇ ਜਿੱਤਣ ਦੀ ਸੋਚ ਵੀ ਨਹੀਂ ਸਕਦੇ ਸਨ। ਬਣੀ ਯੋਜਨਾ ਤਹਿਤ ਲਾਲ ਸਿੰਘ ਅਤੇ ਤੇਜਾ ਸਿੰਘ ਨੇ ਸਿੱਖ ਫੌਜ ਨੂੰ ਅੰਗਰੇਜ਼ਾਂ ਖਿਲਾਫ ਭੜਕਾਉਣਾ ਸ਼ੁਰੂ ਕਰ ਦਿੱਤਾ ਕਿ ਅੰਗਰੇਜ਼ ਸਾਡੇ 'ਤੇ ਹਮਲਾ ਕਰਨ ਲਈ ਸਤਲੁਜ ਪਾਰ ਵੱਡੀ ਪੱਧਰ ਉਤੇ ਜੰਗੀ ਤਿਆਰੀਆਂ ਕਰ ਰਹੇ ਹਨ। ਇਹਨਾਂ ਤਕਰੀਰਾਂ ਦਾ ਅਸਰ ਇਹ ਹੋਇਆ ਕਿ 10-11 ਦਸੰਬਰ 1845 ਨੂੰ ਕਰੀਬ 60,000 ਪੰਜਾਬ ਦੇ ਜਵਾਨਾਂ ਨੇ ਤੇਜਾ ਸਿੰਘ ਦੀ ਅਗਵਾਈ ਹੇਠ ਮੱਖੂ ਕਸਬੇ ਨੇੜਿਓ ਸਭਰਾਵਾਂ ਦੇ ਸਥਾਨ ਤੋਂ ਸਤਲੁਜ ਦਰਿਆ ਪਾਰ ਕੀਤਾ। ਇਸ ਤੋਂ ਦੋ ਦਿਨ ਬਾਅਦ 13 ਦਸੰਬਰ ਨੂੰ ਹਿੰਦੁਸਤਾਨ ਦੇ ਗਵਰਨਰ ਲਾਰਡ ਹਾਰਡਿੰਗ ਨੇ ਮਹਾਰਾਜੇ ਦੀ ਫੌਜ ਨਾਲ ਜੰਗ ਦਾ ਐਲਾਨ ਕਰ ਦਿਤਾ। ਲਾਹੌਰ ਫੌਜ ਨੇ ਫਿਰੋਜ਼ਪੁਰ ਤੋਂ 15 ਮੀਲ ਦੂਰ ਫਿਰੋਜ਼ਸ਼ਾਹ ਫੇਰੂਸ਼ਹਿਰ ਪਿੰਡਾਂ ਨੇੜੇ ਆਪਣਾ ਕੈਂਪ ਲਗਾ ਕੇ ਮੋਰਚੇ ਬਣਾਉਣੇ ਸ਼ੁਰੂ ਕਰ ਦਿੱਤੇ। ਅੰਗਰੇਜ਼ ਫੌਜ ਦੇ ਸੈਨਾਪਤੀ ਹਿਊ ਗੱਫ ਨੇ ਸਿੱਖਾਂ ਤੋਂ 4 ਮੀਲ ਦੂਰ ਮੁੱਦਕੀ ਪਿੰਡ ਵਿੱਚ ਡੇਰੇ ਲਾਈ ਬੈਠੀ ਅੰਗਰੇਜ਼ੀ ਫੌਜ ਨੂੰ ਸਿੱਖਾਂ ਨਾਲ ਦੋ ਹੱਥ ਕਰਨ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਗਦਾਰ ਲਾਲ ਸਿੰਘ ਅਤੇ ਤੇਜਾ ਸਿੰਘ ਜੋ ਅੰਗਰੇਜਾਂ ਦੀ ਬਣਾਈ ਯੋਜਨਾ ਤਹਿਤ ਪੰਜਾਬ ਦੀ ਸ਼ਕਤੀਸ਼ਾਲੀ ਫੌਜ ਨੂੰ ਕਮਜ਼ੋਰ ਕਰਨ ਲਈ ਉਕਸਾਅ ਕੇ ਇਧਰ ਲਿਆਏ ਸਨ, ਨੇ ਸਿੱਖ ਫੌਜ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਲਾਲ ਸਿੰਘ ਅਤੇ ਤੇਜਾ ਸਿੰਘ ਨਹੀਂ ਚਾਹੁੰਦੇ ਸਨ ਕਿ ਸਿੱਖ ਫੌਜ ਸੰਗਠਤ ਰਹਿ ਕੇ ਗੋਰਿਆਂ ਨਾਲ ਲੜੇ। ਇਸੇ ਮਕਸਦ ਨਾਲ 18 ਦਸੰਬਰ ਨੂੰ ਸਵੇਰ-ਸਾਰ ਹੀ ਲਾਲ ਸਿੰਘ ਫੌਜ ਦੀ ਇੱਕ ਟੁੱਕੜੀ ਲੈ ਕੇ ਮੁੱਦਕੀ ਪਿੰਡ ਵੱਲ ਵਧਿਆ, ਸ਼ਾਮ 4 ਵਜੇ ਦੇ ਕਰੀਬ ਪਿੰਡ ਦੇ ਲਹਿੰਦੇ ਪਾਸੇ ਪਾਣੀ ਦੀ ਇੱਕ ਖੱਡ ਦੇ ਨੇੜੇ ਲਹੂ-ਵੀਟਵੀਂ ਲੜਾਈ ਹੋਈ। ਇਹ ਲੜਾਈ ਭਾਵੇਂ ਕੁਝ ਘੰਟਿਆਂ ਦੀ ਲੜਾਈ ਸੀ ਪਰ ਸਿੱਖ ਫੋਜ ਦੇ ਜਵਾਨ ਇੰਨੀ ਵੀਰਤਾ ਨਾਲ ਲੜੇ ਕਿ ਅੰਗਰੇਜ਼ ਹੈਰਾਨ ਰਹਿ ਗਏ। ਇਤਿਹਾਸਕਾਰਾਂ ਅਨੁਸਾਰ ਅੰਗਰੇਜ਼ਾਂ ਨੂੰ



ਇਹ ਲੜਾਈ ਬੜੀ ਮਹਿੰਗੀ ਪਈ। ਇੱਥੇ ਰੌਬਰਟਸੇਲ, ਸਰ ਜਾਨ ਮੈਕਾਸਕਿਲ, ਆਰ ਹੈਰੀ ਅਤੇ ਬ੍ਰਿਗੇਡੀਅਰ ਬੋਲਟਨ ਵਰਗੇ ਵੱਡੇ ਅੰਗਰੇਜ਼ ਅਫਸਰ ਮਾਰੇ ਗਏ। ਸਿੱਖ ਫੌਜ ਦਾ ਕਾਫੀ ਜਾਨੀ ਨੁਕਸਾਨ ਹੋਇਆ। ਇੱਕ ਅੰਦਾਜ਼ੇ ਮੁਤਾਬਕ ਇੱਥੇ 2 ਤੋਂ 3 ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋਏ। ਕੁਝ ਇਤਿਹਾਸਕਾਰਾਂ ਨੇ ਇਹ ਗਿਣਤੀ 872 ਦੱਸੀ ਹੈ। ਇਹ ਗਿਣਤੀ ਵੀ ਸ਼ਪਸ਼ਟ ਨਹੀਂ ਹੈ। ਅਫਸੋਸ ਦੀ ਗੱਲ ਇਹ ਹੈ ਕਿ ਆਪਣੀ ਧਰਤੀ ਮਾਂ ਦੀ ਰੱਖਿਆ ਲਈ ਜੂਝਣ ਵਾਲੇ ਇਹਨਾਂ ਸੂਰਬੀਰਾਂ ਚੋਂ ਕਿਸੇ ਇੱਕ ਦਾ ਨਾਮ ਵੀ ਕਿਸੇ ਨੂੰ ਪਤਾ ਨਹੀਂ। ਹਨੇਰਾ ਹੋਣ ਤੇ ਅੰਗਰੇਜ਼ ਫੌਜ ਮੈਦਾਨ ਚੋਂ ਪਿਛਾਂਹ ਹਟ ਗਈ



ਗਵਰਨਰ ਜਨਰਲ ਲਾਰਡ ਹਾਰਡਿੰਗ

ਅਤੇ ਸਿੱਖ ਫੌਜ ਨੂੰ ਵਾਪਸੀ ਦਾ ਹੁਕਮ ਹੋ ਗਿਆ। ਕਸਬਾ ਮੁੱਦਕੀ ਜਿਲਾ ਫਿਰੋਜ਼ਪੁਰ ਵਿੱਚ ਉਹ ਪਾਣੀ ਦੀ ਖੱਡ ਅੱਜ ਵੀ ਮੌਜੂਦ ਹੈ, ਜਿੱਥੇ ਅੰਗਰੇਜ਼ ਅਫਸਰਾਂ ਦੀਆਂ ਕਬਰਾਂ ਵੀ ਕੁਝ ਘਰਾਂ ਵਿੱਚ ਬਣੀਆਂ ਹੋਈਆਂ ਹਨ ਪਰ ਕਿਸੇ ਇੱਕ ਵੀ ਸਿੱਖ ਸਿਪਾਹੀ ਦੀ ਕਿਤੇ ਕੋਈ ਯਾਦਗਾਰ ਨਹੀਂ। ਪਾਣੀ ਦੀ ਇਹ ਇਤਿਹਾਸਕ ਖੱਡ ਨੇ ਹੁਣ ਗੰਦੇ ਛੱਪੜ ਦਾ ਰੂਪ ਲਿਆ ਹੋਇਆ ਹੈ। ਅਸੀਂ ਆਪਣੇ ਵਿਰਸੇ ਪ੍ਰਤੀ ਕਿੰਨੇ ਲਾ-ਪ੍ਰਵਾਹ ਹਾਂ, ਇਹਦੀ ਇੱਕ ਸਿਖਰ ਨੂੰ ਇਸ ਇਤਿਹਾਸਕ ਗੰਦੇ ਛੱਪੜ ਦੇ ਰੂਪ ਚੋ ਅੱਜ ਵੀ ਵੇਖਿਆ ਜਾ ਸਕਦਾ ਹੈ। ਇਹੋ ਖੱਡ ਹੈ ਜਿਸ ਬਾਰੇ ਕਵੀ ਸ਼ਾਹ ਮੁਹੰਮਦ ਆਪਣੇ ਕਿੱਸੇ ਵਿੱਚ ਲਿਖਦਾ ਹੈ:-

"ਇੱਕ ਪਿੰਡ ਦਾ ਨਾਮ ਜੋ ਮੁੱਦਕੀ ਸੀ, ਉੱਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਅਕਾਲੀਏ ਕਰ ਧਾਵਾ, ਝੰਡੇ ਆਣਕੇ ਦਿੱਤੇ ਸੀ ਗੱਡ ਮੀਆਂ।"

ਮੁੱਦਕੀ ਜੰਗ ਤੋਂ ਬਾਅਦ ਤਿੰਨ ਦਿਨ ਤਕ ਤੇਜਾ ਸਿੰਘ ਅਤੇ ਲਾਲ ਸਿੰਘ ਨੇ ਅੰਗਰੇਜ਼ਾਂ ਨੂੰ ਤਿਆਰੀ ਕਰਨ ਦਾ ਮੌਕਾ ਦਿੱਤਾ। ਕੁਝ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਤੇਜਾ ਸਿੰਘ ਨੇ ਸਤਲੁਜ ਪਾਰ ਕਰਦਿਆਂ ਸਾਰ ਫਿਰੋਜ਼ਪੁਰ ਜਾ ਕੇ ਮਿ. ਲਿਟਲਰ ਨੂੰ ਪੁੱਛਿਆ ਕੇ ਮੇਰੇ ਲਈ ਕੀ ਹੁਕਮ ਹੈ ਅਤੇ ਅੰਗਰੇਜ਼ ਅਫਸਰਾਂ ਨੇ ਉਹਨਾਂ ਆਖਿਆ ਕਿ ਉਹ ਆਪਣੀ ਫੌਜ ਨੂੰ ਕੁਝ ਦਿਨਾਂ ਲਈ ਰੋਕ ਕੇ ਰੱਖਣ। ਮੁੱਦਕੀ ਦੀ ਜੰਗ ਤੋਂ ਬਾਅਦ ਤੀਜੇ ਦਿਨ 21 ਦਸੰਬਰ ਨੂੰ ਸਵੇਰ ਹੁੰਦਿਆਂ ਹੀ ਜਨਰਲ ਹਿਊ ਗੱਫ਼ ਆਪਣੇ ਨਾਲ 10,000 ਸਿਪਾਹੀ ਲੈ ਕੇ ਮਿਸ਼ਰੀ ਵਾਲੇ ਪਿੰਡ ਵਿੱਚ ਪਹੁੰਚ ਗਿਆ। ਅੰਗਰੇਜ਼ਾਂ ਨੇ ਮੁੱਦਕੀ ਨੇੜਲੇ ਪਿੰਡ ਲੋਹਾਮ, ਵਾੜਾ ਭਾਈਕਾ, ਸਰਾਂਵਾਲੀ, ਮਿਸ਼ਰੀਵਾਲਾ ਅਦਿ ਪਿੰਡਾਂ ਦੇ ਲੋਕਾਂ ਤੋਂ ਜ਼ਬਰਦਸਤੀ ਗੱਡੇ, ਬਲਦ, ਊਠ ਲਏ ਅਤੇ ਇਹਨਾਂ ਨੂੰ ਜੰਗੀ ਸਾਜੋ-ਸਮਾਨ ਤੋਪਾਂ, ਬਾਰੂਦ ਆਦਿ ਢੋਹਣ ਲਈ ਵਰਤਿਆ। ਸਥਾਨਕ ਲੋਕਾਂ ਦੀ ਵੀ ਡਰਾ ਧਮਕਾਅ ਕੇ ਇਸ ਕੰਮ ਵਿੱਚ ਮਦਦ ਲਈ ਗਈ। ਲੋਕਾਂ ਵਿੱਚ ਇਹ ਪ੍ਰਚਾਰ ਕੀਤਾ ਗਿਆ ਕਿ ਜਿਹਨਾਂ ਨੇ ਲਾਹੌਰ ਫੌਜ ਦੀ ਮਦਦ ਕੀਤੀ, ਉਹਨਾਂ ਦੀਆਂ ਜ਼ਮੀਨਾਂ ਜ਼ਬਤ ਕਰ ਲਈਆਂ ਜਾਣਗੀਆਂ। ਮਿਸ਼ਰੀ ਵਾਲੇ ਪਿੰਡ ਪਹੁੰਚ ਕੇ ਫਿਰੋਜ਼ਪੁਰ ਤੋਂ ਆਉਣ ਵਾਲੀ ਲਿਟਲਰ ਦੀ ਕਮਾਨ ਹੇਠਲੀ ਬਟਾਲੀਅਨ ਦੀ ਉਡੀਕ ਕੀਤੀ ਗਈ। ਦੁਪਹਿਰ ਦੇ ਕਰੀਬ ਇੱਕ ਵਜੇ ਇਹ ਅੰਗਰੇਜ਼ ਸਿਪਾਹੀਆਂ ਦੀ 18000 ਹਜ਼ਾਰ ਫੌਜ ਪੰਜਾਬ ਦੀ ਫੌਜ ਨਾਲ ਲੜਨ ਲਈ ਤਿਆਰ ਸੀ। ਅੰਗਰੇਜ ਫੌਜੀ ਅਫਸਰ ਬਰੂਸ, ਜੋ ਇਸ ਜੰਗ ਵਿੱਚ ਆਪ ਵੀ ਲੜਿਆ, ਉਹ ਲਿਖਦਾ ਹੈ, "ਹੁਣ 18 ਹਜ਼ਾਰ ਫੌਜ ਸਿੱਖ ਫੌਜ ਨਾਲ ਲੜਨ ਲਈ ਤਿਆਰ ਖੜ੍ਹੀ ਸੀ। ਢਲਦਾ ਸੂਰਜ ਮੈਦਾਨ ਉੱਤੇ ਉਹਨਾਂ ਦੇ ਲੰਬੇ ਪ੍ਰਛਾਵੇਂ ਸੁੱਟ ਰਿਹਾ ਸੀ। ਲਹੂ ਲਿੱਬੜੇ ਰੈਜਮੈਂਟਾਂ ਦੇ ਝੰਡੇ, ਡਰੈਗਨ ਰਜਮੈਂਟ ਦੇ ਸਪਾਹੀਆਂ ਦੀਆ ਲੰਮੀਆਂ ਲਾਲ ਤੇ ਚਿੱਟੀਆਂ ਕਲਗੀਆਂ ਬੇ-ਆਵਾਜ਼ ਹਵਾ ਵਿਚ ਝੁਕੀਆਂ ਪਈਆਂ ਸਨ। ਘਬਰਾਏ ਹੋਏ ਤੇ ਦਬਾਓ ਵਿੱਚ ਆਏ ਫੌਜੀ ਅਰਦਾਸਾਂ ਕਰ ਰਹੇ ਸਨ ਕਿ ਉਹ ਜਿਉਂਦੇ ਬਚ ਨਿਕਲਣ।"

ਇੱਕ ਹੋਰ ਅੰਗਰੇਜ਼ ਕੈਪਨ ਜੌਹਨ, ਜੋ ਇਸ ਜੰਗ ਵਿੱਚ ਲੜਿਆ, 80ਵੀਂ ਪਿਆਦਾ ਰਜਮੈਂਟ ਦਾ ਅਫਸਰ ਸੀ, ਨੇ ਆਪਣੀ ਡਾਇਰੀ ਵਿੱਚ ਲਿਖਿਆ ਹੈ, "ਚਾਰ ਵਜੇ ਬਿਗਲ ਵੱਜਿਆ, ਉੱਚਾ ਤੇ ਸਾਫ, ਬਟਾਲੀਅਨਾਂ ਨੇ ਲਾਈਨ ਵਿਚ ਖਿਲਰ ਕੇ ਨਿੱਕੇ-ਨਿੱਕੇ ਦਰਖਤਾਂ ਦੇ ਜੰਗਲ ਚੋਂ ਅੱਗੇ ਵਧਣਾ ਸ਼ੁਰੂ ਕੀਤਾ। ਅਸੀਂ ਮੀਲ ਕੁ ਦੂਰ ਖੁੱਲ੍ਹੀ ਥਾਂ ਵੱਲ ਜਾ ਰਹੇ ਸਾਂ ਜਿਹੜੀ ਸਿੱਖਾਂ ਦੇ ਮੋਰਚਿਆਂ ਤੋਂ 300 ਗਜ ਉਰਾਂਹ ਸੀ। ਛੇਤੀ ਹੀ ਸਾਡੀ ਫੌਜ 'ਤੇ ਤੋਪਾਂ ਦੀ ਮਾਰ ਸ਼ੁਰੂ ਹੋ ਗਈ। ਸਿੱਖਾਂ ਦੀਆਂ ਤੋਪਾਂ ਦੇ ਗੋਲੇ ਅਤੇ ਗੋਲੀਆਂ ਦਰੱਖਤਾਂ ਵਿੱਚੋਂ ਦੀ ਘੂਕਦੇ ਆ ਕੇ ਸਾਡੇ ਗਲ ਪੈ ਰਹੇ ਸਨ। ਇਸ ਤੋਂ ਪਹਿਲਾਂ ਕਿ ਸਾਡੇ ਤੋਪਚੀ ਉਹਨਾਂ ਨੂੰ ਆਪਣੀ ਮਾਰ ਹੇਠ ਲਿਆਉਂਦੇ, ਉਹਨਾਂ ਦੀਆਂ ਤੋਪਾਂ ਸਾਡੀ ਭਿਆਨਕ ਤਬਾਹੀ ਕਰ ਰਹੀਆਂ ਸਨ।"

ਜਾਰਜ ਬਰੂਸ ਲਿਖਦਾ ਹੈ, "ਲੜਾਈ ਅੰਗਰੇਜ਼ਾਂ ਦੇ ਵਿਰੁੱਧ ਜਾ ਰਹੀ ਸੀ। ਅੰਗਰੇਜ ਪਿਆਦਾ ਫੌਜ ਦੇ ਪਿੱਛੇ ਹਟਣ 'ਤੇ ਸਿੱਖ ਜੈਕਾਰੇ ਛੱਡਦੇ। ਉਹਨਾਂ ਦੀਆਂ ਤੋਪਾਂ ਸਾਡੀਆਂ ਤੋਪਾਂ ਨਾਲੋਂ ਗੋਲੇ ਵੀ ਬਹੁਤੇ ਛੱਡ ਰਹੀਆਂ ਸਨ। ਇਹ ਗੋਲੇ ਅਤੇ ਜੈਕਾਰੇ ਜੰਗ ਦੇ ਰੌਲੇ-ਰੱਪੇ ਤੋਂ ਹੋਰ ਉੱਚੇ ਹੋ ਕੇ ਸੁਣੀਂਦੇ। ਇਸ ਵੇਲੇ ਸੱਜੇ ਪਾਸਿਓ ਜਨਰਲ ਗਿਲਬਰਟ ਦੀਆਂ ਡਵੀਜਨਾਂ, ਜਿਹਨਾਂ ਦਾ ਆਗੂ ਗੱਫ ਸੀ ਅਤੇ ਖੱਬੇ ਵੈਲੇਸ ਦੀਆਂ ਡਵੀਜਨਾਂ, ਜਿਹਨਾਂ ਦਾ ਆਗੂ ਹਿੰਦੁਸਤਾਨ ਦਾ ਗਵਰਨਰ ਹਾਰਡਿੰਗ ਸੀ, ਨੇ ਨਾਲੋਂ-ਨਾਲ ਸਿੱਖਾਂ 'ਤੇ ਹੱਲਾ ਬੋਲ ਦਿੱਤਾ।" ਉਹ ਲਿਖਦਾ ਹੈ, "ਅਸੀਂ ਤੋਪਾਂ ਦੇ ਗੋਲਿਆਂ ਦੀ ਮਾਰ ਸਹਿੰਦੇ ਅੱਗੇ ਵਧੇ। ਸਾਡੀ ਫੌਜ ਦੀ ਤਬਾਹੀ ਲਈ ਬਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਸਨ ਜੋ ਸਾਡੇ ਪੈਰਾਂ





ਹਿਊ ਗੱਫ



ਹੇਠ ਆ ਕੇ ਫਟਦੀਆਂ। ਕੱਟ-ਵੱਢ ਦਾ ਕਹਿਰ ਸੀ, ਫਿਰ ਵੀ ਸਾਡੇ ਸਾਥੀਆਂ ਨੇ ਹੱਲਾ ਜਾਰੀ ਰੱਖਿਆ। ਕੱਲੀਆਂ ਸੰਗੀਨਾਂ ਨਾਲ ਉਹ ਸਿੱਖਾਂ ਦੇ ਮੋਰਚਿਆਂ 'ਤੇ ਟੁੱਟ ਪਏ ਤੇ ਉਹਨਾਂ ਦੀਆਂ ਅਗਲੀਆਂ ਤੋਪਾਂ 'ਤੇ ਕਬਜ਼ਾ ਕਰ ਲਿਆ। ਸਿੱਖ ਇੱਕ ਪੈਰ ਵੀ ਪਿਛਾਂਹ ਨਾ ਹਟੇ ਸਗੋਂ ਆਪਣੀਆਂ ਤੋਪਾਂ ਕੋਲ ਹੀ ਲੜਦੇ ਸਾਡੇ ਸਾਥੀਆਂ ਨੂੰ ਮਾਰਦੇ ਮਰ ਗਏ। ਅਚਾਨਕ ਬਰੂਦੀ ਸੁਰੰਗਾਂ ਦੇ ਫਟਣ ਨਾਲ ਉਹਨਾਂ ਦੇ ਕੈਂਪਾਂ ਨੂੰ ਅੱਗ ਲੱਗ ਗਈ। ਸਾਡਾ ਅੱਗੇ ਵਧਣਾ ਰੁਕ ਗਿਆ। ਅਸੀਂ ਕੁਝ ਪਿੱਛੇ ਹਟ ਗਏ। ਸਿੱਖਾਂ ਦੇ ਮੋਰਚਿਆਂ ਅੱਗੇ ਖਾਈਆਂ ਸਨ ਜੋ ਟਹਿਣੀਆਂ ਤੇ ਪੱਤਿਆਂ ਨਾਲ ਢਕੀਆਂ ਹੋਈਆਂ ਸਨ। ਅੰਗਰੇਜ਼ ਫੌਜੀ ਉਹਨਾਂ ਵਿੱਚ ਡਿਗਦੇ, ਲਾਹਨਤਾਂ ਪਾਉਂਦੇ, ਗਾਹਲਾਂ ਕੱਢਦੇ ਇੱਕ ਦੂਜੇ ਉੱਤੇ ਡਿੱਗ ਰਹੇ ਸਨ। ਆਪਣੀਆਂ ਬੰਦੂਕਾਂ ਗਲਾਂ 'ਚ ਪਾ ਕੇ ਮੁਸ਼ਕਲ ਨਾਲ ਬਾਹਰ ਨਿਕਲਦੇ। ਗਿਲਬਰਟ ਦੀ ਡਵੀਜਨ, ਜਿਸ ਦੀ ਕਮਾਨ ਗੱਫ ਆਪ ਕਰ ਰਿਹਾ ਸੀ, ਦੇ ਸਾਰੇ ਮੱਥੇ ਉੱਤੇ ਦੋਵਾਂ ਪਾਸਿਆਂ ਦੇ ਫੌਜੀ ਗੁੱਥਮ-ਗੁੱਥਾ ਹੋਏ। ਛੇਤੀ ਹੀ ਹੇਠਲੀ ਖਾਈ ਤੇ ਇਸ ਦਾ ਉਤਲਾ ਹਿੱਸਾ ਸਿੱਖਾਂ ਹਿੰਦੁਸਤਾਨੀਆਂ ਅਤੇ ਅੰਗਰੇਜ਼ਾਂ ਦੀਆਂ ਲਾਸ਼ਾਂ ਨਾਲ ਢਕੇ


ਪਾਣੀ ਦੀ ਖੱਡ

ਗਏ। ਤਰਕਾਲਾਂ ਦੇ ਹਨੇਰੇ ਵਿੱਚ ਜਦੋਂ ਘਮਸਾਨ ਦਾ ਜੰਗ ਮਚ ਰਿਹਾ ਸੀ ਤਾਂ ਇੱਕ ਗੋਲਾ ਸਿੱਖ ਫੌਜ ਦੇ ਅਸਲੇਖਾਨੇ ਵਿੱਚ ਜਾ ਲੱਗਾ, ਬਰੂਦ ਫਟਣ ਲੱਗ ਪਿਆ। ਇੱਕ ਢੇਰ ਪਿਛੋਂ ਦੂਜਾ, ਇਸ ਹਫੜਾ-ਦਫੜੀ ਦਾ ਫਾਇਦਾ ਉਠਾ ਕੇ ਸਿੱਖਾਂ ਨੇ ਜਿਹੜੇ ਗੋਰੇ, ਉਹਨਾਂ ਦੇ ਮੋਰਚਿਆਂ ਵਿੱਚ ਆਣ ਵੜੇ ਸਨ, ਸਭ ਨੂੰ ਖਤਮ ਕਰ ਦਿੱਤਾ।" ਇਸ ਤਰਾਂ ਸਿੱਖਾਂ ਨੇ ਆਪਣੇ ਕੈਂਪ ਵਿੱਚ ਅੱਗ ਲੱਗਣ ਦੇ ਬਾਵਜੂਦ ਇੱਕ ਵਾਰ ਫਿਰ ਅੰਗਰੇਜ਼ੀ ਫੌਜ ਦੇ ਹੱਲੇ ਨੂੰ ਨਕਾਰਾ ਕਰ ਦਿੱਤਾ। ਪਲਾਂ-ਛਿਣਾਂ ਵਿੱਚ ਵੱਡੀ ਗਿਣਤੀ ਵਿੱਚ ਚਲਦੇ ਫਿਰਦੇ ਮਨੁੱਖੀ ਸਰੀਰ ਲਾਸ਼ਾਂ ਦੇ ਢੇਰ ਬਣ ਗਏ। ਲੜਾਈ ਚਾਰ ਵਜੇ ਸ਼ੁਰੂ ਹੋਈ ਤੇ ਹਨੇਰਾ ਹੋਣ ਤਕ ਚਲਦੀ ਰਹੀ।

ਇੱਕ ਵਿਸ਼ਾਲ ਇਲਾਕੇ ਵਿੱਚ ਲੜੀ ਗਈ ਇਸ ਜੰਗ ਬਾਰੇ 50ਵੀਂ ਅੰਗਰੇਜ਼ ਰਜਮੈਂਟ ਦਾ ਲੈਫਟੀਨੈਂਟ ਬੈਲਰਜ਼, ਜੋ ਜੰਗ ਵਿੱਚ ਸ਼ਾਮਲ ਸੀ ਲਿਖਦਾ ਹੈ," ਉਹ ਬੜੀ ਡਰਾਉਣੀ ਰਾਤ ਸੀ। ਪਿੰਡ ਦੇ ਇੱਕ ਪਾਸੇ ਇੱਕ ਕੈਂਪ ਸੜ ਰਿਹਾ ਸੀ। ਸੁਰੰਗਾਂ, ਸਿੱਕੇ ਤੇ ਬਾਰੂਦ ਨਾਲ ਭਰੀਆਂ ਗੱਡੀਆਂ ਫਟ ਰਹੀਆਂ ਸਨ। ਜਿਹੜੇ ਸਿਪਾਹੀ ਅੱਗਾਂ ਬਾਲਦੇ ਉਹਨਾਂ ਨੂੰ ਬੁਝਾ ਦੇਣ ਲਈ ਉੱਚੀ-ਉੱਚੀ ਹੁਕਮ ਸੁਣੀਂਦੇ। ਸਿੱਖਾਂ ਨੂੰ ਨੇੜੇ ਆਉਣ ਤੋਂ ਰੋਕਣ ਲਈ ਗੋਲੀਆਂ ਦੀ ਵਾਛੜ ਕੀਤੀ ਜਾ ਰਹੀ ਸੀ। ਵੱਡੀਆਂ ਤੋਪਾਂ ਦੀ ਗਰਜ ਅਤੇ ਠਾਹ-ਠਾਹ ਲਗਾਤਾਰ ਸੁਣਾਈ ਦੇ ਰਹੀ ਸੀ। ਗੋਲੇ ਲਗਾਤਾਰ ਸ਼ੂਕ ਰਹੇ ਸਨ। ਬਿਗਲ ਵੱਜ ਰਹੇ ਸਨ, ਢੋਲ ਸੁਣੀਂਦੇ ਸਨ ਤੇ ਦੁਸ਼ਮਣ ਜੈਕਾਰੇ ਛੱਡ ਰਹੇ ਸਨ। ਤ੍ਰੇਹ, ਥਕਾਵਟ ਅਤੇ ਸਰਦੀ ਦਾ ਕੋਈ ਅੰਤ ਨਹੀਂ ਸੀ। ਇਹ ਬੁੱਝਣਾ ਔਖਾ ਸੀ ਕਿ ਜੋ ਫੌਜ ਬਚੀ ਹੈ, ਉਹ ਹਾਰੀ ਹੈ ਜਾਂ ਜਿੱਤੀ। ਇਹ ਸਾਰੀਆਂ ਗੱਲਾਂ ਰਾਤ ਨੂੰ ਬੜਾ ਖੌਫਨਾਕ ਬਣਾ ਰਹੀਆਂ ਸਨ।" ਫਿਰੋਜਸ਼ਾਹ ਦੀ ਇਸ ਲੜਾਈ ਵਿੱਚ ਲੜਨ ਵਾਲਾ ਇੱਕ ਹੋਰ ਅੰਗਰੇਜ਼ ਅਫਸਰ ਰਾਬਰਟ ਕਸਟ ਲਿਖਦਾ ਹੈ, "ਅੰਗਰੇਜ਼ਾਂ ਵੱਲੋਂ ਫੱਟੜਾਂ ਨੂੰ ਬਚਾਉਣ ਲਈ ਬਿਨਾਂ ਸ਼ਰਤ ਹਥਿਆਰ ਸੁੱਟ ਦੇਣ ਦੀਆਂ ਤਿਆਰੀਆਂ ਕਰ ਲਈਆਂ ਗਈਆਂ ਸਨ।"

ਇਸ ਲੜਾਈ ਵਿੱਚ ਸ਼ਾਮਲ ਇੱਕ ਹੋਰ ਅੰਗਰੇਜ਼ ਅਫਸਰ ਸਰ ਹੋਪ ਗਰਾਂਟ ਨੇ ਲਿਖਿਆ ਹੈ "ਸੱਚਮੁੱਚ ਹੀ ਉਹ ਰਾਤ ਬੜੀ ਉਦਾਸ ਤੇ ਕੁਸ਼ਗਣੀ ਰਾਤ ਸੀ। ਹਿੰਦੁਸਤਾਨ ਦੇ ਇਤਿਹਾਸ ਵਿੱਚ ਸਾਡੀਆਂ ਜੰਗਾਂ ਦੇ ਇਤਿਹਾਸ ਵਿੱਚ ਇਸ ਤੋਂ ਪਹਿਲਾਂ ਕਦੀ ਅੰਗਰੇਜ਼ੀ ਫੌਜ ਦੀ ਐਨੇ ਵੱਡੇ ਪੈਮਾਨੇ ਤੇ ਇਹੋ ਜਿਹੀ ਹਾਰ, ਜਿਸ ਦਾ ਅਰਥ ਬੀਅ ਨਾਸ ਹੋਣਾ ਹੋਵੇ, ਦੇ ਨੇੜੇ ਕਦੇ ਨਹੀਂ ਸੀ ਅੱਪੜੀ। ਸਿੱਖਾਂ ਨੇ ਦੁਬਾਰਾ ਆਪਣੇ ਸਾਰੇ ਮੋਰਚੇ ਖੋਹ ਲਏ ਸਨ। ਹੰਭੀਆਂ ਹੋਈਆਂ ਤੇ ਆਹੂ ਲੱਥੀਆਂ ਸਾਡੀਆਂ ਡਵੀਜਨਾਂ ਇੱਕ ਵੱਡੇ ਰਕਬੇ ਵਿੱਚ ਬਿਨਾਂ ਆਪਸੀ ਤਾਲ ਮੇਲ ਦੇ ਪਈਆਂ ਸਨ।"

ਲਾਰਡ ਹਾਰਡਿੰਗ ਨੇ ਉਹ ਤਲਵਾਰ, ਜੋ ਯੂਰਪ ਵਿੱਚ ਨਿਪੋਲੀਅਨ ਖਿਲਾਫ ਜੰਗ ਲੜਦਿਆਂ ਉਸ ਨੂੰ ਇਨਾਮ ਵਜੋਂ ਹਾਸਲ ਹੋਈ ਸੀ, ਆਪਣੇ ਪੁੱਤਰ ਚਾਰਲਸ ਹਾਰਡਿੰਗ ਨੂੰ ਦੇ ਕੇ ਵਾਪਸ ਮੁੱਦਕੀ ਭੇਜ ਦਿੱਤਾ। ਨਾਲ ਇਹ ਹਦਾਇਤ ਕੀਤੀ ਕਿ ਸਾਡਾ ਇੱਥੋਂ ਜਿੱਤ ਕੇ ਨਿਕਲਣਾ ਹੁਣ ਲਗਭਗ ਅਸੰਭਵ ਹੈ। ਜੇਕਰ ਹਾਰ ਹੋ ਗਈ ਤਾਂ ਉਸ ਦੇ ਸਾਰੇ ਨਿੱਜੀ ਕਾਗਜ਼ ਸਾੜ ਦਿੱਤੇ ਜਾਣ। ਅੰਗਰੇਜ਼ਾਂ ਦਾ ਗੋਲਾ-ਬਾਰੂਦ ਖਤਮ ਹੋ ਗਿਆ ਸੀ। ਹਰ ਪਾਸੇ ਨਿਰਾਸ਼ਤਾ ਦਾ ਆਲਮ ਸੀ। ਅੰਗਰੇਜ਼ ਜਰਨੈਲਾਂ ਨੇ ਆਪ ਮੰਨਿਆ ਕਿ ਸਿੱਖ ਹੈਰਾਨੀਜਨਕ ਵੀਰਤਾ ਨਾਲ ਲੜੇ। ਧਰਤੀ ਉਤੇ ਦੂਰ ਤਕ ਰੱਤ ਹੀ ਰੱਤ ਹੋ ਗਈ। ਜੰਗ ਵਿੱਚ ਫੱਟੜ ਦੋਹਾਂ ਪਾਸਿਆਂ ਦੇ ਸਿਪਾਹੀ ਕਰਾਹਉਂਦੇ, ਬਾਲਾਂ ਵਾਂਗ ਰੋਂਦੇ, ਜੰਗੀ ਮੈਦਾਨ ਤੋਂ ਬਾਹਰ ਦੇ ਰੁੱਖਾਂ ਦੀ ਓਟ ਲੈਂਦੇ। ਲਾਸ਼ਾਂ ਦੇ ਉੱਤੋਂ ਦੀ ਰਿੜ੍ਹ-ਰਿੜ੍ਹ ਕੇ ਬਚਦੇ-ਬਚਾਉਂਦੇ, ਪਾਣੀ-ਪਾਣੀ ਦੀ ਦੁਹਾਈ ਦਿੰਦੇ। ਹਿੰਦੁਸਤਾਨ ਦਾ ਗਵਰਨਰ ਜਨਰਲ ਲਾਰਡ ਹਾਰਡਿੰਗ ਪੰਜਾਬ ਦੇ ਜਾਇਆਂ ਅੱਗੇ ਗੋਡੇ ਟੇਕਣ ਲਈ ਤਿਆਰ ਹੋ ਗਿਆ। ਮੇਵਾ ਸਿੰਘ, ਮਾਖੇ ਖਾਂ, ਮਜਹਰ ਅਲੀ, ਸ਼ਮਸ਼ੇਰ ਸਿੰਘ, ਰਤਨ ਸਿੰਘ, ਦਲ ਸਿੰਘ ਆਦਿ ਕੁਝ ਨਾਮ ਹਨ ਜੋ ਸਿੱਖ ਫੌਜ ਵੱਲੋਂ ਬੜੀ ਬਹਾਦਰੀ ਨਾਲ ਲੜੇ। ਪੰਜਾਬ ਦੇ ਮਹਾਨ ਲੋਕ ਜਿਹਨਾਂ ਵਿੱਚ ਹਿੰਦੂ, ਮੁਸਲਮਾਨ ਅਤੇ ਸਿੱਖ, ਲਗਭਗ ਸਾਰੀਆਂ ਕੌਮਾਂ ਦੇ ਲੋਕ ਸਨ, ਇੰਨੀ ਬਹਾਦਰੀ ਨਾਲ ਲੜੇ ਕਿ ਇਹਨਾਂ ਯੋਧਿਆਂ ਨੇ ਅੰਗਰੇਜ਼ੀ ਫੌਜ ਨੂੰ ਭੈਅ-ਭੀਤ ਕਰ ਦਿੱਤਾ। ਕਾਲੀ ਹਨੇਰੀ ਠੰਡੀ ਰਾਤ ਵਿੱਚ ਪੰਜਾਬੀ ਸੂਰਮੇ ਜੈਕਾਰੇ ਛੱਡ ਰਹੇ ਸਨ। ਉਹ ਜਾਣਦੇ ਸਨ ਕਿ ਉਹ ਆਪਣੀ ਸਰ-ਜ਼ਮੀਂ ਅਤੇ ਅਣਖ-ਗੈਰਤ ਲਈ ਲੜ ਰਹੇ ਹਨ। ਦਰਿਆਓਂ ਪਾਰ ਲੰਘ ਕੇ ਉਹਨਾਂ ਨੇ ਅੰਗਰੇਜ਼ੀ ਹਕੂਮਤ ਦੀ ਹੈਂਕੜ ਭੰਨ ਦਿੱਤੀ ਸੀ। ਕੈਪਟਨ ਕੁਮਿੰਗ ਲਿਖਦਾ ਹੈ, "ਸਾਡੇ 'ਚੋਂ ਕੋਈ ਵਿਰਲੇ ਹੀ ਹੋਣਗੇ, ਜਿਹਨਾਂ ਨੂੰ ਇਹ ਵਿਸ਼ਵਾਸ਼ ਨਾ ਹੋਵੇ ਕਿ ਇਹ ਰਣਭੂਮੀ ਸਾਡੀ ਕਬਰ ਨਹੀਂ ਬਣੇਗੀ।" ਵੱਡੀ ਗਿਣਤੀ ਵਿੱਚ ਮਾਰੀ ਗਈ ਗਈ ਅਤੇ ਫੱਟੜ ਹੋਈ ਅੰਗਰੇਜ਼ੀ ਫੌਜ ਤਰਾਹ-ਤਰਾਹ ਕਰ ਰਹੀ ਸੀ। ਹੱਡ ਚੀਰਵੀਂ ਸਰਦੀ ਤੇ ਥਕਾਵਟ ਨਾਲ ਫੌਜ ਇੰਨੀ ਬੇਹਾਲ ਹੋ ਗਈ ਕਿ ਲੜਨਾ ਜਿਵੇਂ ਉਹਨਾਂ ਦੇ ਵੱਸੋਂ ਬਾਹਰੀ ਗੱਲ ਹੋ ਗਈ ਸੀ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਸੂਰਬੀਰਾਂ ਨੇ ਹਿੰਦੁਸਤਾਨ ਦੀ ਕਿਸਮਤ ਲਿਖਣ ਲਈ ਆਪਣਾ ਲਹੂ ਡੋਹਲ ਕੇ ਸਿਆਹੀ ਤਿਆਰ ਕਰ ਲਈ ਸੀ, ਬਸ ਲਿਖਿਆ ਜਾਣਾ ਹੀ ਬਾਕੀ ਸੀ। ਇਤਿਹਾਸ ਦੇ ਇਸ ਅਣਗੌਲੇ ਕਾਂਡ ਸਬੰਧੀ ਕਵੀ ਸ਼ਾਹ ਮੁਹੰਮਦ ਲਿਖਦਾ ਹੈ:-

"ਫੇਰੂ ਸ਼ਹਿਰ ਦੇ ਹੇਠ ਜਾ ਖੇਤ ਰੁੱਧੇ,
ਤੋਪਾਂ ਚੱਲੀਆਂ ਨੀ ਵਾਂਗ ਤੋੜਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਉਹਨਾਂ ਗੋਰਿਆਂ ਦੇ।"

ਅਗਲੇ ਦਿਨ 22 ਦਸੰਬਰ ਨੂੰ ਸੂਰਬੀਰ ਪੰਜਾਬੀਆਂ ਨੂੰ ਜਾਪਿਆ ਕਿ ਮੈਦਾਨ ਉਹਨਾਂ ਦੇ ਹੱਥ ਵਿੱਚ ਹੈ। ਉਹ ਜਨਰਲ ਹਿਊ ਗੱਫ ਅਤੇ ਲਾਰਡ ਹਾਰਡਿੰਗ ਨੂੰ ਘੇਰਨ ਲੈਣ ਲਈ ਬੇਤਾਬ ਹੋ ਰਹੇ ਸਨ। ਜਦੋਂ ਪੰਜਾਬ ਦੀ ਹੀ ਨਹੀਂ ਬਲਕਿ ਹਿੰਦੁਸਤਾਨ ਦੀ ਕਿਸਮਤ ਉਹ ਆਪਣੇ ਹੱਥਾਂ ਨਾਲ ਲਿਖ ਸਕਦੇ ਸਨ, ਪੈਦਲ ਅਤੇ ਘੋੜ-ਸਵਾਰ ਜਵਾਨ ਹਮਲਾ ਕਰਨ ਲਈ ਅੱਗੇ ਵਧ ਰਹੇ ਸਨ, ਇੱਕ ਜ਼ੋਰਦਾਰ ਅਟੈਕ ਹੋਣ ਵਾਲਾ ਸੀ, ਤਾਂ ਐਨ ਇਸੇ ਮੌਕੇ ਗਦਾਰ ਤੇਜਾ ਸਿੰਘ ਨੇ ਬਿਗਲਰਾਂ ਨੂੰ ਹੁਕਮ ਕੀਤਾ ਕਿ ਉਹ ਫੌਜ ਨੂੰ ਪਿਛਾਹ ਮੁੜਨ ਦਾ ਬਿਗਲ ਵਜਾਉਣ। ਬਿਗਲ ਵੱਜਿਆ, ਬਿਗਲ ਕਾਹਦਾ ਵੱਜਿਆ ਪੰਜਾਬ ਸਮੇਤ ਹਿੰਦੁਸਤਾਨ ਦੀ ਕਿਸਮਤ ਸੌਂ ਗਈ। ਇਹ ਕਾਲਾ ਵਕਤ ਸੀ ਜਦੋਂ ਦੇਸ਼ ਦੀ ਸਾਲਾਂ ਲੰਮੀ ਗੁਲਾਮੀ ਅਤੇ ਹਜ਼ਾਰਾਂ ਸੂਰਬੀਰਾਂ ਦੀ ਕੁਰਬਾਨੀ ਦਾ ਇੱਕ ਵਾਰ ਫਿਰ ਮੁੱਢ ਬੱਝ ਗਿਆ। ਇਸ ਨੂੰ ਉਹ ਸਮਾਂ ਵੀ ਕਿਹਾ ਜਾ ਸਕਦਾ ਹੈ, ਜਿੱਥੋਂ ਵਿਸ਼ਾਲ ਭਾਰਤ ਦੇਸ਼ ਦੀ ਵੰਡ ਅਤੇ ਲੱਖਾਂ ਲੋਕਾਂ ਦੇ ਕਤਲੋਗਾਰਤ ਦੀ ਸ਼ੁਰੂਆਤ ਹੋਈ।

"ਤਾਰੀਖ ਕੀ ਨਜ਼ਰੋਂ ਨੇ ਵੋਹ ਦੌਰ ਭੀ ਦੇਖਾ ਹੈ,
ਲਮਹੋਂ ਨੇ ਖਤਾ ਕੀ ਥੀ ਸਦੀਓ ਨੇ ਸਜਾ ਪਾਈ।"

ਇਸ ਤਰ੍ਹਾਂ ਹਜ਼ਾਰਾਂ ਸੂਰਬੀਰਾਂ ਦੀ ਕੁਰਬਾਨੀ ਦਾ ਮੁੱਲ ਵੱਟ ਕੇ ਜੇਬਾਂ ਭਰਨ ਵਾਲੇ ਗਦਾਰ ਤੇਜਾ ਸਿੰਘ ਅਤੇ ਲਾਲ ਸਿੰਘ ਦੀ ਖੋਟੀ ਨੀਅਤ ਕਰਕੇ ਇਤਿਹਾਸ ਬਦਲਦਾ-ਬਦਲਦਾ ਰਹਿ ਗਿਆ। ਵਾਪਸੀ ਦੇ ਬਿਗਲ ਤੋਂ ਹੈਰਾਨ ਸਿੱਖ ਫੌਜ ਨੇ ਸਤਲੁਜ ਵੱਲ ਚਾਲੇ ਪਾ ਦਿੱਤੇ ਤੇ ਹਾਰੇ ਹੋਏ ਅੰਗਰੇਜ਼ ਜਿੱਤ ਦੀਆਂ ਚਾਂਗਰਾਂ ਮਾਰਨ ਲੱਗ ਪਏ। ਉਸ ਸਮੇਂ ਦਾ ਪੰਜਾਬ ਦਾ ਦਰਵੇਸ਼ ਕਵੀ ਸ਼ਾਹ ਮੁਹੰਮਦ ਖੂਨ ਦੇ ਅੱਥਰੂ ਰੋਇਆ, ਉਸ ਲਿਖਿਆ ਸੀ :-

"ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।"

ਇਹ ਉਹ ਜੰਗ ਸੀ , ਜਿਸ ਨੂੰ ਅੰਗਰੇਜ਼ਾਂ ਨੇ ਦੋ ਕੌਮਾਂ ਦਰਮਿਆਨ ਲੜੀ ਜਾਣ ਵਾਲੀ ਜੰਗ ਦੀ ਅਹਿਮੀਅਤ ਦਿੱਤੀ। ਜੰਗ ਵਿੱਚ 694 ਅੰਗਰੇਜ਼, 1000 ਪੰਜਾਬ ਦੇ ਲੋਕ ਮੌਤ ਦੀ ਭੇਟ ਚੜ੍ਹ ਗਏ। ਇਹ ਗਿਣਤੀ ਸਮੇਂ ਦੀ ਅੰਗਰੇਜ਼ੀ ਸਰਕਾਰ ਵੱਲੋਂ ਦਰਸਾਈ ਗਈ। ਪਰ ਇਹ ਗਿਣਤੀ ਸਹੀ ਨਹੀਂ ਹੈ, ਦੋਹਾਂ ਧਿਰਾਂ ਵੱਲੋਂ ਜੰਗ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਇਸ ਤੋਂ ਕਿਤੇ ਜਿਆਦਾ ਹੋ ਸਕਦੀ ਹੈ। ਸਹੀ ਤੱਥ ਉਜਾਗਰ ਕਰਨੇ ਅੰਗਰੇਜ਼ੀ ਸਰਕਾਰ ਦੇ ਪੱਖ ਵਿੱਚ ਨਹੀਂ ਸਨ। ਇਹ ਜਿੱਤੀ ਹੋਈ ਜੰਗ ਦੋ ਗਦਾਰਾਂ ਕਾਰਨ ਪੰਜਾਬ ਦੀ ਧਰਤੀ ਦੇ ਵਾਰਸ ਹਾਰ ਚੁੱਕੇ ਸਨ। ਖਿੰਡੀ-ਪੁੰਡੀ ਫੌਜ ਨੇ ਸਤਲੁਜ ਵੱਲ ਦਾ ਰੁਖ ਕਰ ਲਿਆ। ਹੁਕਮ ਦੀ ਬੱਧੀ ਫੌਜ ਨੂੰ ਪਹਿਲੇ ਦਿਨ ਹੋਈ ਲੜਾਈ ਵਿੱਚ ਸ਼ਹੀਦ ਹੋਇਆਂ ਦੀਆਂ ਲਾਸ਼ਾਂ ਅਤੇ ਫੱਟੜ ਹੋਏ ਫੌਜੀਆਂ ਨੂੰ ਸੰਭਾਲਣ ਵੀ ਨਾ ਦਿੱਤਾ ਗਿਆ। ਵਾੜਾ ਭਾਈ ਕਾ ਪਿੰਡ ਦੇ ਕੁਝ ਖੇਤ ਹਨ, ਜਿਹਨਾਂ ਨੂੰ ਅੱਜ ਵੀ ਲੋਕ ਸਿਰੀਆਂ ਵਾਲੇ ਖੇਤ ਆਖਦੇ ਹਨ। ਕਿਹਾ ਜਾਂਦਾ ਹੈ ਕਿ ਇਹਨਾਂ ਖੇਤਾਂ ਵਿੱਚ ਵੱਢੇ ਪਏ ਮਨੁੱਖੀ ਸਿਰ ਜੋ ਵੱਡੀ ਗਿਣਤੀ ਵਿੱਚ ਸਨ, ਕਈ ਦਿਨ ਰੁਲਦੇ ਰਹੇ। ਜ਼ਖਮੀ ਹੋਏ ਸਿੰਘ, ਜਿਹਨਾਂ ਦੀਆਂ ਲੱਤਾਂ-ਬਾਹਾਂ ਉੱਡ ਗਈਆਂ ਸਨ, ਕਈ ਦਿਨ ਪਾਣੀ-ਪਾਣੀ ਪੁਕਾਰਦੇ ਰਹੇ। ਇਸ ਧਰਤੀ 'ਤੇ ਵਾਪਰੀਆਂ ਦਰਦਨਾਕ ਦਿਲ-ਕੰਬਾਊ ਘਟਨਾਵਾਂ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ (ਭਾਵੇਂ ਇਹ ਗੈਰਵਿਗਿਆਨਕ ਗੱਲ ਹੈ) ਲੋਕ ਕਹਿੰਦੇ ਹਨ ਕਿ ਕਦੇ-ਕਦੇ ਇਹਨਾਂ ਇਲਾਕਿਆਂ ਚੋਂ ਅੱਜ ਵੀ ਪਾਣੀ-ਪਾਣੀ ਦੀਆਂ ਅਵਾਜ਼ਾਂ ਆਉਂਦੀਆਂ ਹਨ। ਇਸ ਤੋਂ ਬਾਅਦ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਬੱਦੋਵਾਲ, ਆਲੀਵਾਲ, ਅਤੇ ਸਭਰਾਵਾਂ ਦੀਆਂ ਜੰਗਾਂ ਹੋਈਆਂ। 10 ਫਰਵਰੀ 1846 ਨੂੰ ਸਭਰਾਵਾਂ ਦੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਨੇ ਸਤਲੁਜ ਦਰਿਆ ਨੂੰ ਪਾਰ ਕਰ ਲਿਆ।

ਮੁੱਦਕੀ ਅਤੇ ਫਿਰੋਜਸ਼ਾਹ ਆਦਿ ਕੁਝ ਥਾਵਾਂ ਤੇ ਅੰਗਰੇਜ਼ ਹਕੂਮਤ ਵੱਲੋਂ ਸੰਨ 1870 ਵਿੱਚ ਆਪਣੇ ਸਿਪਾਹੀਆਂ ਦੀ ਯਾਦ ਵਿੱਚ ਲਾਟਾਂ ਉਸਾਰੀਆਂ ਗਈਆਂ ਹਨ। ਮੁੱਦਕੀ ਨੇੜੇ ਅੰਗਰੇਜ਼ ਸਿਪਾਹੀਆਂ ਦੀ ਯਾਦਗਾਰ ਤੇ ਸਾਡੀ ਭਾਰਤ ਸਰਕਾਰ ਵੱਲੋਂ ਇੱਕ ਚੌਕੀਦਾਰ ਵੀ ਨਿਯੁਕਤ ਕੀਤਾ ਹੋਇਆ ਹੈ। ਉਸ ਦੇ ਦੱਸਣ ਮੁਤਾਬਕ ਅੱਜ ਵੀ ਅੰਗਰੇਜ਼ ਆਪਣੇ ਵੱਡੇ ਵਡੇਰਿਆਂ ਦੀਆਂ ਇਹਨਾਂ ਯਾਦਗਾਰਾਂ ਨੂੰ ਸਿਜਦਾ ਕਰਨ ਪੁਜਦੇ ਹਨ। ਦੂਜੇ ਪਾਸੇ ਉਹਨਾਂ ਗੁੰਮਨਾਮ ਪੰਜਾਬੀ ਯੋਧਿਆਂ, ਜਿਹਨਾਂ ਨੇ ਦੇਸ਼ ਕੌਮ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ, ਦੀ ਕੋਈ ਢੁੱਕਵੀਂ ਯਾਦਗਾਰ ਨਹੀਂ ਹੈ।

"ਇਹਨਾਂ ਖੇਤਾਂ ਵਿੱਚ ਡੁੱਲ੍ਹੀ ਹੈ ਰੱਤ ਸਾਡੀ,
ਇੱਥੇ ਕਿਵੇਂ ਨਾ ਸਾਵੀਆਂ ਹੋਣ ਫਸਲਾਂ।"

ਅਫਸੋਸ ਇਹ ਹੈ ਕਿ ਇੱਥੇ ਸ਼ਹੀਦ ਹੋਣ ਵਾਲੇ ਸੂਰਬੀਰਾਂ ਚੋਂ ਕਿਸੇ ਇੱਕ ਦਾ ਵੀ ਨਾਮ ਸਥਾਨਕ ਲੋਕ ਨਹੀਂ ਜਾਣਦੇ। ਸੰਨ 1930 ਵਿੱਚ ਇੱਥੇ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ ਵਿੱਚ ਇੱਕ ਗੁਰਦਵਾਰਾ ਸ਼ਹੀਦਗੰਜ ਸਾਹਿਬ ਬਣਾਇਆ ਗਿਆ ਅਤੇ ਇਸ ਜੰਗੀ-ਸਾਜੋ ਸਮਾਨ ਨੂੰ ਸੰਭਾਲਣ ਲਈ ਪਿੰਡ ਘੱਲ ਖੁਰਦ ਵਿਖੇ ਇੱਕ ਇੱਕ ਮਿਊਜ਼ੀਅਮ, ਜਿਸ ਦਾ ਉਦਘਾਟਨ ਸੰਜੇ ਗਾਂਧੀ ਨੇ ਆਪਣੇ ਸਮੇਂ ਵਿੱਚ ਕੀਤਾ ਸੀ, ਬਣਾਇਆ ਗਿਆ ਹੈ। ਇੱਥੇ ਜੰਗ ਨਾਲ ਸਬੰਧਤ ਕੁਝ ਗਿਣਤੀ ਦੀਆਂ ਤਸਵੀਰਾਂ, ਪਿਸਤੌਲ, ਬੰਦੂਕਾਂ, ਤਲਵਾਰਾਂ, ਨਿੱਕੀਆਂ-ਵੱਡੀਆਂ ਕੁਝ ਤੋਪਾਂ ਪਈਆਂ ਹਨ। ਹਰ ਸ਼ੈਅ ਦੀ ਹਾਲਤ ਖਸਤਾ ਹੈ। ਮਿਊਜ਼ੀਅਮ ਦੀ ਬਿਲਡਿੰਗ ਫਰਸ਼ ਤੋਂ ਲੈ ਕੇ ਛੱਤਾਂ ਤਕ ਮੁਰੰਮਤ ਨੂੰ ਤਰਸਦੀ ਪਰਤੀਤ ਹੁੰਦੀ ਹੈ। ਮਿਊਜ਼ੀਅਮ ਦੇ ਸਟਾਫ ਨਾਲ ਗੱਲ ਕੀਤਿਆਂ ਪਤਾ ਲੱਗਾ ਕਿ ਘੱਟ ਹੀ ਲੋਕ ਹਨ ਜੋ ਮਿਊਜ਼ੀਅਮ ਦੇਖਣ ਆਉਂਦੇ ਹਨ। ਸ਼ਾਇਦ ਸਾਡੀ ਮਨੋਬਿਰਤੀ ਹੀ ਅਜਿਹੀ ਹੈ ਕਿ ਆਪਣੇ ਵਿਰਸੇ ਚੋਂ ਕੁਝ ਸਿੱਖਣਾ ਸਾਡੇ ਵੱਸ ਦੀ ਗੱਲ ਨਹੀਂ।






ਖਦਸ਼ੇ ਤੇ ਹਕੀਕਤ

# ਮੋਦੀ ਸਰਕਾਰ ਸੋਸ਼ਲ ਮੀਡੀਆ ਉਤੇ ਕਾਠੀ ਪਾਉਣ ਦੇ ਰਾਹ

**ਪਰਮਜੀਤ ਸਿੰਘ**




ਸਰਕਾਰਾਂ ਵੱਲੋਂ ਲੋਕਾਂ ਦੀ ਕੀਤੀ ਜਾਂਦੀ ਜਸੂਸੀ ਕੋਈ ਨਵਾਂ ਵਰਤਾਰਾ ਨਹੀਂ ਹੈ। ਸਰਕਾਰਾਂ ਦੇ ਜਸੂਸੀ ਮਹਿਕਮੇ ਪੁਰਾਣੇ ਹਨ ਤੇ ਮੁਖਬਰਾਂ ਰਾਹੀਂ ਸਰਕਾਰਾਂ ਤਕਰੀਬਨ ਹਰ ਪਿੰਡ, ਸ਼ਹਿਰ, ਗਲੀ-ਮੁਹੱਲੇ ਤੱਕ ਦੀ ਸੂਹ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਤਕਨੀਕ ਦੇ ਫੈਲਾਅ ਨਾਲ ਇਸ ਦੇ ਨਵੇਂ ਤਰੀਕੇ ਇਜ਼ਾਦ ਹੁੰਦੇ ਰਹੇ ਹਨ। ਤਾਰ (ਟੈਲੀਫੋਨ) ਰਾਹੀਂ ਹੋਣ ਵਾਲੀ ਗੱਲਬਾਤ ਨੂੰ ਚੋਰੀਓਂ ਸੁਣਨ ਤੋਂ ਲੈ ਕੇ ਜਸੂਸੀ ਦੇ ਸੰਦਾਂ ਨੂੰ ਲੋਕਾਂ ਦੇ ਘਰਾਂ-ਦਫਤਰਾਂ ਤੱਕ ਲਾਉਣ ਦਾ ਵਰਤਾਰਾਂ ਵੀ ਹੁਣ ਪੁਰਾਣਾ ਹੋ ਚੁੱਕਾ ਹੈ। ਜਿਵੇਂ-ਜਿਵੇਂ ਤਕਨੀਕ ਵਧਦੀ ਜਾ ਰਹੀ ਹੈ ਸਰਕਾਰਾਂ ਆਪਣੇ ਜਸੂਸੀ ਤੰਤਰ ਦੀ ਜਕੜ ਨੂੰ ਹੋਰ ਪੀਡਾ ਕਰਦੀਆਂ ਜਾ ਰਹੀਆਂ ਹਨ। ਬੰਦ ਪਈਆਂ ਜੇਬੀਆਂ (ਫੋਨਾਂ) ਰਾਹੀਂ ਗੱਲਾਂ ਸੁਣਨ ਤੋਂ ਲੈ ਕੇ ਬੰਦ ਪਏ ਸੰਦਾਂ (ਜਿਵੇਂ ਕਿ ਲੈਪਟਾਪ ਵਗੈਰਾ) ਰਾਹੀਂ ਲੋਕਾਂ ਨੂੰ ਵੇਖਣ ਤੇ ਦ੍ਰਿਸ਼ ਭਰ ਲੈਣ ਤੱਕ ਦੇ ਖੁਲਾਸੇ ਐਡਵਰਡ ਸਨੋਡਨ ਵੀ ਕਰ ਚੁੱਕਾ ਹੈ।

ਹੁਣ ਮਾਮਲਾ ਸਿਰਫ ਵਾਪਰ ਰਹੇ ਨੂੰ ਜਾਨਣ ਦਾ ਨਹੀਂ ਰਿਹਾ ਬਲਕਿ ਹੁਣ ਕੱਠੀ ਕੀਤੀ ਜਾ ਰਹੀ ਜਾਣਕਾਰੀ ਰਾਹੀਂ ਸਰਕਾਰਾਂ ਜੋ ਨਹੀਂ ਵਾਪਰਿਆ ਉਸ ਬਾਰੇ ਜਾਨਣ ਦੀ ਕੋਸ਼ਿਸ਼ ਵਿੱਚ ਹਨ ਤੇ ਗਣਿਤ ਦੇ ਨੇਮਾਂ ਤੇ ਬਨਾਉਟੀ ਸੂਝ (ਆਰਟੀਫਿਸ਼ੀਅਲ ਇਨਟੈਲੀਜੈਂਸ) ਦੇ ਸਹਾਰੇ ਇਹ ਵੀ ਜਾਨਣ ਦੀ ਕੋਸ਼ਿਸ਼ ਵਿੱਚ ਹਨ ਕਿ ਕਿਸ ਹਾਲਾਤ ਵਿੱਚ ਕੌਣ-ਕੌਣ ਕੀ-ਕੀ ਕਰ ਸਕਦਾ ਹੈ।

ਭਾਰਤੀ ਉਪਮਹਾਂਦੀਪ ਤੇ ਪੰਜਾਬ ਵਿੱਚ ਵੀ ਵੱਖ-ਵੱਖ ਜਸੂਸੀ ਮਹਿਕਮੇ ਆਪੋ ਆਪਣੇ ਪੱਧਰ ਤੇ ਜਸੂਸਾਂ, ਮੁਖਬਰਾਂ ਤੇ ਸੰਦਾਂ ਰਾਹੀਂ ਲੋਕਾਂ ਬਾਰੇ ਜਾਣਕਾਰੀ ਕੱਠੀ ਕਰਨ ਵਿੱਚ ਰੁੱਝੇ ਹੋਏ ਹਨ। ਫਿਰ ਵੀ ਭਾਰਤ ਸਰਕਾਰ ਨੂੰ ਲੱਗਦਾ ਹੈ ਕਿ ਇਹ ਸਭ ਕੁਝ ਨਾਕਾਫੀ ਹੈ। ਇਸ ਲਈ ਸਰਕਾਰ ਪਿੱਛੇ ਜਿਹੇ ਇਕ ਨਵਾਂ ਅਦਾਰਾ ਬਣਾਉਣ ਜਾ ਰਹੀ ਸੀ ਜਿਸ ਨੂੰ 'ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ' ਦਾ ਨਾਂ ਦਿੱਤਾ ਗਿਆ ਸੀ। ਫਿਲਹਾਲ ਭਾਵੇਂ ਮੋਦੀ ਸਰਕਾਰ ਨੇ ਚੌਤਰਫਾ ਵਿਰੋਧ ਦੇ ਕਾਰਨ ਇਸ ਮਾਮਲੇ ਵਿਚ ਆਪਣੇ ਪੈਰ ਪਿਛਾਂਹ ਖਿੱਚ ਲਏ ਹਨ ਪਰ ਸਰਕਾਰ ਦੀ ਮਨਸ਼ਾ ਹਾਲਾਂ ਵੀ ਕਿਤੇ ਨਾ ਕਿਤੇ ਸੋਸ਼ਲ ਮੀਡੀਆ ਨੂੰ ਨਕੇਲ ਕੱਸਣ ਦੀਆਂ ਕੋਸ਼ਿਸ਼ਾਂ ਵਾਲੀ ਹੀ ਹੈ।

ਭਾਰਤ ਸਰਕਾਰ ਇਹ ਕੰਮ ਕਿਸੇ ਗੈਰ-ਸਰਕਾਰੀ ਅਦਾਰੇ (ਨਿੱਜੀ ਕੰਪਨੀ ਵਗੈਰਾ) ਤੋਂ ਕਰਵਾਉਣਾ ਚਾਹੁੰਦੀ ਸੀ। ਇਸ ਬਾਰੇ ਸਰਕਾਰ ਨੇ ਸਭ ਤੋਂ ਪਹਿਲਾਂ ਜਨਵਰੀ 2018 ਵਿੱਚ ਇਸ਼ਤਿਹਾਰ ਦਿੱਤਾ ਸੀ ਤੇ ਇਸ ਕਾਰਜ ਨੂੰ ਕਰਨ ਦੇ ਚਾਹਵਾਨਾਂ ਤੋਂ ਖਰਚ ਦੇ ਵੇਰਵੇ (ਟੈਂਡਰ) ਮੰਗੇ ਸਨ ਪਰ ਜਦੋਂ ਇਸ ਕੰਮ ਨੂੰ ਹੱਥ ਪਾਉਣ ਵਾਲੇ ਬਹੁਤੇ ਚਾਹਵਾਨ ਅੱਗੇ ਨਾ ਆਏ ਤਾਂ ਸਰਕਾਰ ਨੇ ਇਸ ਨੂੰ ਇਕ ਵਾਰ ਖਾਰਜ ਕਰ ਦਿੱਤਾ। ਇਸ ਬਾਰੇ ਫਿਰ ਦੂਜੀ ਵਾਰ ਅਪਰੈਲ ਮਹੀਂਨੇ ਵਿੱਚ ਮੁੜ ਇਸ਼ਤਿਹਾਰ ਜਾਰੀ ਕੀਤਾ ਗਿਆ ਤੇ ਇਸ ਕੰਮ ਨੂੰ ਕਰਨ ਦੇ ਚਾਹਵਾਨਾਂ ਲਈ ਪੇਸ਼ਕਸ਼ ਕਰਨ ਵਾਸਤੇ ਅਗਸਤ ਤੱਕ ਦਾ ਸਮਾਂ ਦਿੱਤਾ ਗਿਆ ਸੀ।

ਇਸ ਬਾਰੇ ਜਾਰੀ ਸਰਕਾਰੀ ਇਸ਼ਤਿਹਾਰ ਮੁਤਾਬਕ 'ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ' ਰਾਹੀਂ ਸੋਸ਼ਲ ਮੀਡੀਆ ਅਤੇ ਮੱਕੜਤੰਦਾਂ (ਵੈਬਸਾਈਟਾਂ ਅਤੇ ਬਲੌਗਾਂ) 'ਤੇ ਲੋਕਾਂ ਵੱਲੋਂ ਪਾਈ ਜਾਣਕਾਰੀ ਨੂੰ ਇਕ ਥਾਂ ਤੇ ਕੱਠੀ ਕਰਕੇ ਹਰ ਵਰਤੋਂਕਾਰ ਬਾਰੇ 'ਸਰਬਪੱਖੀ' ਖਰੜਾ ਤਿਆਰ ਕਰਨਾ ਸੀ ਜਿਸ ਨੂੰ ਉਸ ਬੰਦੇ ਦਾ '360 ਡਿਗਰੀ' ਵੇਰਵਾ ਕਿਹਾ ਗਿਆ।

ਇਸ ਰਾਹੀਂ ਸਰਕਾਰ ਨੂੰ ਪਤਾ ਲੱਗਣਾ ਸੀ ਕਿ ਉਸ ਨੇ ਕਿਸ ਵੇਲੇ ਕਿਸ ਮਸਲੇ 'ਤੇ ਕਿੱਥੇ ਕੀ ਕਿਹਾ। ਇੰਝ ਲੱਗਦਾ ਹੈ ਕਿ ਸਰਕਾਰ ਹਰ ਕਿਸੇ ਦੀ ਵਿਚਾਰ-ਹਸਤੀ ਬਾਰੇ ਸ਼ਨਾਖਤ ਕਰਨਾ ਚਾਹੁੰਦੀ ਹੈ।

ਸਰਕਾਰੀ ਇਸ਼ਤਿਹਾਰ ਵਿੱਚ ਨਜ਼ਰ ਰੱਖਣ ਲਈ ਫੇਸਬੁੱਕ, ਟਵਿੱਟਰ, ਯੂ-ਟਿਊਬ, ਗੂਗਲ+, ਇੰਸਟਾਗਰਾਮ, ਲਿੰਕਡਇਨ, ਫਲਿੱਕਰ, ਟੰਬਲਰ, ਪਿੰਟਰੈਸਟ, ਪਲੇਅ ਸਟੋਰ, ਈ-ਮੇਲ, ਨਿਊਜ਼ (ਖਬਰਾਂ), ਬਲੌਗ (ਕਿਸੇ ਲੇਖਕ ਵੱਲੋਂ ਅਪਾਣੇ ਵਿਚਾਰ ਪੇਸ਼ ਕਰਨ ਲਈ ਬਣਾਇਆ ਮੰਚ), ਫੋਰਮ (ਮੱਕੜਜਾਲ 'ਤੇ ਉਹ ਥਾਂ ਜਿੱਥੇ ਵੱਖ-ਵੱਖ ਲੋਕ ਚਰਚਾ ਕਰਦੇ ਹਨ), ਕੰਪਲੇਂਟ ਵੈਬਸਾਈਟਸ (ਉਹ ਮੱਕੜਤੰਦਾਂ ਜਿਨ੍ਹਾਂ ਖਿਲਾਫ ਕੋਈ ਸ਼ਿਕਾਇਤ ਆਈ ਹੋਵੇ)

ਆਦਿ ਦੀ ਸੂਚੀ ਦਿੱਤੀ ਗਈ ਸੀ।

ਸਰਕਾਰ ਨੇ ਕੰਮ ਦੇ ਵਰੇਵਿਆਂ ਵਿੱਚ ਇਹ ਵੀ ਨਸ਼ਰ ਕੀਤਾ ਕਿ ਇਸ ਪ੍ਰਬੰਧ ਤਹਿਤ ਫੇਸਬੁੱਕ, ਟਵਿੱਟਰ, ਯੂ-ਟਿਊਬ, ਗੂਗਲ+, ਇੰਸਟਾਗਰਾਮ, ਲਿੰਕਡਇਨ, ਪਲੇਅ ਸਟੋਰ ਅਤੇ ਈ-ਮੇਲ ਰਾਹੀਂ ਕੱਠੀ ਕੀਤੀ ਜਾਣਕਾਰੀ 'ਤੇ ਅੰਤਲੇ ਸਿਰੇ ਤੱਕ (ਸੀਮਲੈਸ) ਨਿਗ੍ਹਾਂ ਰੱਖਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਸਰਕਾਰ ਨੇ ਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦਾ ਸਾਰਾ ਚਿੱਠਾ ਸਾਂਭ ਕੇ ਰੱਖਣ ਦੀ ਸਹੂਲਤ ਵੀ ਮੰਗੀ ਤਾਂ ਕਿ ਬਾਅਦ ਵਿੱਚ ਕਿਸੇ ਵੀ ਵੇਲੇ ਵੇਖਿਆ ਜਾ ਸਕੇ ਕਿ ਕਿਸ ਨੇ ਕਿਸ ਵੇਲੇ ਕੀ ਕਿਹਾ ਸੀ।

ਇਸ ਤੋਂ ਇਲਾਵਾ ਸਰਕਾਰ ਇਸ ਪ੍ਰਬੰਧ ਤਹਿਤ ਕਿਸੇ ਵੀ ਮਸਲੇ ਬਾਰੇ ਲੋਕਾਂ ਦੇ ਪ੍ਰਤੀਕਰਮ 'ਤੇ ਫੌਰੀ ਬਾਜ਼ ਅੱਖ (ਰਿਅਲ ਟਾਈਮ ਇਨਸਾਈਟ ਮੈਟਰਿਕਸ ਡਾਟਾ) ਰੱਖਣਾ ਚਾਹੁੰਦੀ ਸੀ। ਭਾਵ ਕਿ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਕਿਸੇ ਵੀ ਮਸਲੇ ਜਾਂ ਘਟਨਾਂ ਬਾਰੇ ਲੋਕਾਂ ਦੇ ਰੁਖ ਅਪਨਾਉਂਦਿਆਂ-ਅਪਨਾਉਂਦਿਆਂ ਹੀ ਉਸ ਨੂੰ ਪਤਾ ਲੱਗ ਜਾਵੇ ਕਿ ਲੋਕ ਕੀ ਸੋਚਣ ਜਾਂ ਕਰਨ ਜਾ ਰਹੇ ਹਨ। ਸਰਕਾਰੀ ਇਸ਼ਤਿਹਾਰ ਮੁਤਾਬਕ ਇਸ ਬਣਨ ਵਾਲੇ ਨਵੇਂ ਪ੍ਰਬੰਧ ਰਾਹੀਂ ਅੰਗਰੇਜ਼ੀ, ਹਿੰਦੀ, ਉਰਦੂ, ਤੇਲਗੂ, ਮਲਿਆਲਮ, ਕੰਨੜ, ਬੰਗਾਲੀ, ਪੰਜਾਬੀ, ਤਮਿਲ, ਚੀਨੀ, ਜਰਮਨ, ਫਰਾਂਸੀਸੀ ਅਤੇ ਅਰਬੀ ਭਾਸ਼ਾਵਾਂ ਵਿੱਚ ਪੈਣ ਵਾਲੀ ਜਾਣਕਾਰੀ ਕੱਠੀ ਕਰਕੇ ਪੜਤਾਲੀ ਜਾ ਸਕਣੀ ਸੀ।

ਇਸ ਤੋਂ ਇਲਾਵਾ ਸਰਕਾਰ ਇਸ ਤੰਤਰ ਨੂੰ ਆਪਣੇ ਆਪ ਸੋਸ਼ਲ ਮੀਡੀਆ ਰਾਹੀਂ ਲੋਕਾਂ ਦੇ 'ਮਿਜਾਜ਼' (ਸੋਸ਼ਲ ਮੀਡੀਆ ਸੈਂਟੀਮੈਂਟ) ਨੂੰ ਬੁੱਝਣ ਦੇ ਸਮਰੱਥ ਬਣਾਉਣਾ ਚਾਹੁੰਦੀ ਸੀ।

**ਸਰਕਾਰ ਅਜਿਹੇ ਪ੍ਰਬੰਧ ਕਿਉਂ ਬਣਾਉਣਾ ਚਾਹੁੰਦੀ ਹੈ ?**

ਉਕਤ ਜਾਣਕਾਰੀ ਤੋਂ ਇਹ ਸਵਾਲ ਉੱਠਣਾ ਵਾਜਬ ਹੈ ਕਿ ਆਖਰਕਾਰ ਸਰਕਾਰ ਇਹ ਪ੍ਰਬੰਧ ਕਿਉਂ ਬਣਾਉਣਾ ਚਾਹੁੰਦੀ ਹੈ ? ਹੁਣ ਸਰਕਾਰ ਇਹ ਤਾਂ ਨਹੀਂ ਕਹੇਗੀ ਕਿ ਉਹ ਲੋਕਾਂ 'ਤੇ ਜਸੂਸੀ ਕਰਨ ਤੇ ਉਨ੍ਹਾਂ ਦੀ ਨਿੱਜੀ ਜਿੰਦਗੀ ਦੀਆਂ ਗੱਲਾਂ ਨੂੰ ਜਾਨਣ ਲਈ ਅਜਿਹਾ ਕਰ ਰਹੀ ਹੈ। ਇਸ ਲਈ ਭਾਰਤ ਸਰਕਾਰ ਨੇ ਇਸ ਬਾਰੇ ਆਪਣੇ 'ਮਨੋਰਥ' ਦਾ ਖੁਲਾਸਾ ਕੀਤਾ ਸੀ।

ਸਰਕਾਰ ਵੱਲੋਂ ਜਾਰੀ ਕੀਤੇ ਇਸ਼ਤਿਹਾਰ ਵਿੱਚ 'ਕਾਰਜ ਖੇਤਰ' ਮੱਦ ਹੇਠਾਂ ਦਿੱਤੇ ਦੂਜੇ ਬੰਦ ਵਿੱਚ ਕਿਹਾ ਗਿਆ ਕਿ ਇਸ ਪ੍ਰਬੰਧ ਦੀ ਵਰਤੋਂ ਜਾਣਕਾਰੀ ਦੇ ਪਸਾਰ ਲਈ ਕੀਤੀ ਜਾਵੇਗੀ, ਭਾਵ ਕਿ ਸਰਕਾਰ ਇਸ ਰਾਹੀਂ ਆਪਣੇ ਵੱਲੋਂ ਜਾਣਕਾਰੀ ਵੱਖ-ਵੱਖ ਮੱਕੜਤੰਦਾਂ 'ਤੇ ਸਾਂਝੀ ਕਰਿਆ ਕਰੇਗੀ।

ਸਰਕਾਰ ਮੁਤਾਬਕ ਇਸ ਨਾਲ ਲੋਕਾਂ ਦੀ ਭਲਾਈ ਲਈ ਕੀਤੇ ਜਾਣ ਵਾਲੇ ਕੰਮਾਂ ਬਾਰੇ ਮੁਲਾਂਕਣ ਕਰਕੇ ਸੇਵਾਵਾਂ ਵਿੱਚ ਹੋਰ ਸੁਧਾਰ ਕਰਨ ਵਿੱਚ ਮਦਦ ਮਿਲਿਆ ਕਰੇਗੀ।

ਇਨ੍ਹਾਂ ਦੱਸੇ ਜਾ ਰਹੇ ਫਾਇਦਿਆਂ ਤੋਂ ਉਲਟ ਖਬਰ ਅਦਾਰਿਆਂ ਵੱਲੋਂ ਤਾਂ ਪਹਿਲਾਂ ਹੀ ਇਹ ਚਰਚਾ ਸ਼ੁਰੂ ਕਰ ਦਿੱਤੀ ਗਈ ਸੀ ਕਿ ਸਰਕਾਰ ਦਾ ਇਹ ਫੈਸਲਾ ਲੋਕਾਂ ਦੀ ਨਿੱਜਤਾਂ ਨੂੰ ਖਤਮ ਕਰਨ ਅਤੇ ਜਸੂਸੀ ਤੰਤਰ ਨੂੰ ਸਰਬਵਿਆਪਕ ਕਰਨ ਦੀ ਕੋਸ਼ਿਸ਼ ਹੈ।

ਮਨੁੱਖ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਨ ਵਾਲੇ ਵਿਦਵਾਨਾਂ ਤੇ ਕਾਰਕੁੰਨਾਂ ਨੇ ਵੀ ਇਸ ਬਾਰੇ ਇਹੀ ਖਦਸ਼ੇ ਪਰਗਟਾਏ ਹਨ। 'ਇੰਟਰਨੈਟ ਫਰੀਡਮ ਫਾਉਂਡੇਸ਼ਨ' ਨਾਂ ਦੇ ਅਦਾਰੇ ਨੇ 30 ਮਈ ਨੂੰ ਭਾਰਤ ਦੇ ਜਾਣਕਾਰੀ ਤੇ ਪਰਸਾਰਣ ਮਹਿਕਮੇਂ ਦੇ ਵਜ਼ੀਰ ਰਾਜਵਰਧਨ ਸਿੰਘ ਰਠੌੜ ਨੂੰ ਇਕ ਕਾਨੂੰਨੀ ਪੱਤਰ (ਲੀਗਲ ਨੋਟਿਸ) ਭੇਜ ਕੇ ਇਸ ਮਾਮਲੇ ਵਿੱਚ ਭਾਰੀ ਚਿੰਤਾ ਦਾ ਪਰਗਟਾਵਾ ਕੀਤਾ। ਇ.ਫ.ਫ. ਨੇ ਸਾਫ ਸਬਦਾਂ ਵਿੱਚ ਕਿਹਾ ਹੈ ਕਿ ਇਹ ਤੰਤਰ ਅਸਲ ਵਿੱਚ ਮੱਕੜਜਾਲ ਰਾਹੀਂ ਲੋਕਾਂ 'ਤੇ ਜਸੂਸੀ ਕਰਨ ਦਾ ਵਸੀਲਾ ਬਣੇਗਾ। ਉਸ ਨੇ ਭਾਰਤ ਸਰਕਾਰ ਦੇ ਇਸ ਅਦਾਰੇ ਨੂੰ 'ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ' ਕਰਾਰ ਦਿੱਤਾ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ 'ਸਰਕਾਰ ਵੱਲੋਂ ਜਾਰੀ ਦਸਤਾਵੇਜ਼ ਤੋਂ ਸਾਫ ਇਸ਼ਾਰੇ ਮਿਲਦੇ ਹਨ ਕਿ ਸਰਕਾਰ ਸੋਸ਼ਲ ਮੀਡੀਆ ਕਮਿਊਨੀਕੇਸ਼ਨ ਹੱਬ ਨੂੰ ਇਕ ਅਜਿਹਾ ਤੰਤਰ ਬਣਾਉਣਾ ਚਾਹੁੰਦੀ ਹੈ ਜੋ ਵੱਡੇ ਪੱਧਰ ਉੱਤੇ ਜਸੂਸੀ ਨਿਗ੍ਹਾ ਰੱਖਣ ਦੇ ਨਾਲ ਨਾਲ ਗਲਤ-ਜਾਣਕਾਰੀ (ਡਿਸਇਨਫਰਮੇਸ਼ਨ) ਨੂੰ ਫੈਲਾਉਣ ਦੇ ਸਮਰੱਥ ਹੋਵੇਗਾ'। ਇਸ ਨੇ ਸਰਕਾਰ ਵੱਲੋਂ ਬਣਾਏ ਨਿਊ ਮੀਡੀਆ ਸੈਂਟਰ ਉੱਤੇ ਵੀ ਸਵਾਲ ਚੁੱਕੇ ਹਨ ਤੇ ਕਿਹਾ ਹੈ ਕਿ ਅਜਿਹਾ ਕੇਂਦਰ ਬਣਾਉਣ ਲਈ ਵੀ ਸਰਕਾਰ ਨੇ ਕੋਈ ਕਾਨੂੰਨੀ ਅਧਾਰ ਨਹੀਂ ਸਿਰਜਿਆ ਤੇ ਬਿਨਾ ਕਾਨੂੰਨ ਬਣਾਏ ਹੀ ਅਜਿਹਾ ਕੇਂਦਰ ਬਣਾ ਲਿਆ ਹੈ। 'ਇੰਟਰਨੈਟ ਫਰੀਡਮ ਫਾਉਂਡੇਸ਼ਨ' ਨੇ ਯੂਪਰੀਅਨ ਕੋਰਟ ਆਫ ਜਸਟਿਸ ਦੇ ਫੈਸਲੇ ਦਾ ਹਵਾਲਾ ਦੇਂਦਿਆਂ ਕਿਹਾ ਹੈ ਕਿ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਜਾਣ ਵਾਲੀ ਜਨਤਕ ਜਾਣਕਾਰੀ ਨੂੰ ਵੀ ਸਰਕਾਰਾਂ ਜਸੂਸੀ ਦਾ ਸਾਧਨ ਨਹੀਂ ਬਣਾ ਸਕਦੀਆਂ। 'ਇੰਟਰਨੈਟ ਫਰੀਡਮ ਫਾਉਂਡੇਸ਼ਨ' ਨੇ ਇਸ ਮਾਮਲੇ ਵਿੱਚ ਹੋਰ ਵੀ ਕਈ ਅਹਿਮ ਨੁਕਤੇ ਚੁੱਕੇ ਹਨ ਤੇ ਸਰਕਾਰ ਵੱਲੋਂ ਲੋਕਾਂ ਦੀ ਵੱਖਰੀਆਂ-ਵੱਖਰੀਆਂ ਸ਼੍ਰੇਣੀਆਂ ਵਿੱਚ ਸ਼ਨਾਖਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਗਲਤ ਤੇ ਖਤਰਨਾਕ ਕਰਾਰ ਦਿੱਤਾ ਹੈ। ਬਾਅਦ ਵਿਚ ਇਸ ਮਾਮਲੇ 'ਤੇ ਸਿਆਸੀ ਧਿਰਾਂ ਨੇ ਵੀ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਤੇ ਬੰਗਾਲ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਮਹੂਆ ਮੋਇਤਰਾਂ ਨੇ ਸਰਕਾਰ ਦੇ ਇਸ ਫੈਸਲੇ ਖਿਲਾਫ ਭਾਰਤੀ ਸੁਪਰੀਮ ਕੋਰਟ ਵਿੱਚ ਇਹ ਅਰਜ਼ੀ ਵੀ ਦਾਖਲ ਕਰ ਦਿੱਤੀ।

ਭਾਰਤੀ ਸੁਪਰੀਮ ਕੋਰਟ ਨੇ ਉਕਤ ਅਰਜ਼ੀ ਨੂੰ ਸੁਣਵਾਈ ਲਈ ਮਨਜ਼ੂਰ ਕਰ ਲਿਆ ਹੈ ਤੇ ਕੇਂਦਰ ਸਰਕਾਰ ਤੋਂ ਜਵਾਬ-ਤਲਬੀ ਕੀਤੀ। ਫਿਲਹਾਲ ਭਾਰੀ ਵਿਰੋਧ ਦੇ ਚੱਲਦਿਆਂ ਮੋਦੀ ਸਰਕਾਰ ਨੇ ਇਸ ਮਾਮਲੇ ਵਿੱਚ ਜਵਾਬ ਦਾਖਲ ਕਰਕੇ ਪੈਰ ਪਿਛਾਂਹ ਖਿੱਚ ਲਏ ਹਨ। ਕੁਝ ਮਹੀਨੇ ਪਹਿਲਾਂ ਭਾਰਤੀ ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿੱਚ ਨਿੱਜਤਾ (ਪ੍ਰਾਈਵੇਸੀ) ਨੂੰ ਬੁਨਿਆਦੀ ਹੱਕ ਤਸਲੀਮ ਕਰ ਲਿਆ ਸੀ। ਸ਼ਾਇਦ ਇਸੇ ਕਾਰਨ ਸਰਕਾਰ ਟਲ ਗਈ। ਭਾਵੇਂ ਕਿ 'ਇੰਟਰਨੈਟ ਫਰੀਡਮ ਫਾਉਂਡੇਸ਼ਨ' ਨੇ ਆਪਣੇ ਪੱਤਰ ਵਿੱਚ ਸਰਕਾਰ ਨੂੰ ਇਸ ਤੰਤਰ ਦੀ ਕਾਇਮੀ ਦਾ ਸਾਰਾ ਅਮਲ ਫੌਰੀ ਤੌਰ 'ਤੇ ਰੋਕ ਦੇਣ ਲਈ ਕਿਹਾ ਸੀ ਪਰ ਸਰਕਾਰ ਵੱਲੋਂ ਇਸ ਬਾਰੇ ਪਹਿਲਾਂ ਕੋਈ ਧਿਆਨ ਨਹੀਂ ਦਿੱਤਾ ਗਿਆ। ਸ਼ੁਰੂ ਵਿਚ ਸੁਪਰੀਮ ਕੋਰਟ ਨੇ ਵੀ ਇਸ ਤੰਤਰ ਦੀ ਕਾਇਮੀ ਰੋਕਣ ਬਾਰੇ ਕੋਈ ਹਦਾਇਤ ਨਹੀਂ ਦਿੱਤੀ ਪਰ ਬਾਅਦ ਵਿਚ ਨੋਟਿਸਜਾਰੀ ਕੀਤਾ। ਇਸ ਤੋਂ ਪਹਿਲਾਂ ਅਧਾਰ ਕਾਰਡ ਵਾਲੇ ਮਾਮਲੇ ਵਿੱਚ ਵੀ ਅਦਾਲਤ ਨੇ ਇਹੀ ਪਹੁੰਚ ਅਪਣਾਈ ਸੀ, ਜਿੱਥੇ ਅਦਾਲਤ ਵੱਲੋਂ ਇਹੀ ਕਿਹਾ ਜਾ ਰਿਹਾ ਸੀ ਕਿ ਕਿਸੇ ਵੀ ਮਕਸਦ ਲਈ ਅਧਾਰ ਕਾਰਡ ਲਾਜ਼ਮੀ ਨਹੀਂ ਹੈ ਪਰ ਦੂਜੇ ਬੰਨੇ ਸਰਕਾਰ ਨੂੰ ਇਸ ਬਾਰੇ ਸਪਸ਼ਟ ਹਦਾਇਤ ਨਾ ਦੇ ਕੇ ਸਰਕਾਰੀ ਅਮਲ ਵੀ ਚੱਲਣ ਦਿਤਾ ਸੀ। ਹਾਲ ਦੀ ਘੜੀ ਤੱਕ ਇਸ ਮਾਮਲੇ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਮੋਦੀ-ਸ਼ਾਹ ਦੇ ਰਾਜ ਹੇਠ ਇਸ ਖਿੱਤੇ ਵਿੱਚ ਜਿਸ ਪੱਧਰ 'ਤੇ ਵੱਖਰੀਆਂ ਸਿਆਸੀ ਧਾਰਵਾਂ ਤੇ ਵਿਚਾਰਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਉਸ ਦੇ ਮੱਦੇਨਜ਼ਰ ਭਾਰਤ ਸਰਕਾਰ ਵੱਲੋਂ ਚਿਤਵਿਆ ਇਹ ਅਦਾਰਾ ਸਿਆਸੀ ਵਿਰੋਧ ਨੂੰ ਦਰੜਨ ਦਾ ਵੱਡਾ ਸੰਦ ਬਣੇਗਾ। ਦੂਜਾ ਕਿ ਗੱਲ ਸਿਰਫ ਸਿਆਸੀ ਵਿਰੋਧੀਆਂ ਤੱਕ ਹੀ ਸੀਮਤ ਨਹੀਂ ਰਹਿਣੀ ਇਹ ਆਮ ਲੋਕਾਂ ਦੀ ਅਜ਼ਾਦ ਹਸਤੀ ਦੀ ਹੋਂਦ 'ਤੇ ਵੀ ਸਵਾਲੀਆ ਨਿਸ਼ਾਨ ਲਾਉਣ ਦੇ ਸਮਰੱਥ ਹੋਵੇਗਾ।

ਸੁਪਰੀਮ ਕੋਰਟ ਵਿਚ ਆਪਣਾ ਲਿਖਤੀ ਬਿਆਨ ਦੇ ਕੇ ਮੋਦੀ ਸਰਕਾਰ ਨੇ ਭਾਵੇਂ ਕਿਹਾ ਹੈ ਕਿ ਉਹ ਅਜਿਹਾ ਕੁਝ ਨਹੀਂ ਕਰੇਗੀ ਪਰ ਵੱਟਸਐਪ ਨੂੰ ਹਾਲ ਹੀ ਵਿਚ ਦਬਾਅਪੂਰਨ ਦਿੱਤੀਆਂ ਗਈਆਂ ਹਦਾਇਤਾਂ ਤੋਂ ਲਗਦਾ ਹੈ ਕਿ ਅੰਦਰਖਾਤੇ ਮੋਦੀ ਸਰਕਾਰ ਦੀਆਂ ਸੋਸ਼ਲ ਮੀਡੀਆ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਵੱਟਸਐਪ ਕੰਪਨੀ ਨੇ ਵੀ ਮਨੁੱਖੀ ਨਿੱਜਤਾ ਦੇ ਅਧਿਕਾਰ ਦਾ ਹਨਨ ਕਹਿ ਕੇ ਸਰਕਾਰ ਨੂੰ ਠੀਠੂ ਦਿਖਾ ਦਿੱਤਾ ਹੈ ਪਰ ਸਰਕਾਰ ਅਜੇ ਵੀ ਦਬਾਅ ਦੀ ਨੀਤੀ ਉਤੇ ਚੱਲ ਰਹੀ ਹੈ।

# ਮੋਦੀ ਮਾਰਕਾ ਯੋਗਾ-ਸ਼ਿਵਰ ਦਾ ਕੱਚ-ਸੱਚ

**ਸਰੂਪ ਸਿੰਘ ਸਹਾਰਨ ਮਾਜਰਾ**
ਜ਼ਿਲ੍ਹਾ ਲੁਧਿਆਣਾ ( ਸੰਪਰਕ : 098558-63288)

ਮੈਂ 30 ਮਈ 2018 ਨੂੰ ਦੁਪਹਿਰ 2:30 ਵਜੇ ਰੇਲ ਗੱਡੀ ਚੜ੍ਹ ਕੇ ਦੂਸਰੇ ਦਿਨ ਸਵੇਰੇ ਹੀ ਕੋਟਾ ਜੰਕਸ਼ਨ (ਰਾਜਿਸਥਾਨ) ਪੁੱਜਿਆ। ਉਥੋਂ ਕਰੀਬ 10:30 ਵਜੇ ਸਵੇਰੇ ਮੇਰੀ ਭੂਆ ਜੀ ਦੇ ਪਿੰਡ ਨਿਮਾਣਾ (ਜ਼ਿਲ੍ਹਾ ਬੂੰਦੀ)



ਪਹੁੰਚਿਆ। ਉਸ ਸਮੇਂ ਰਾਜਿਸਥਾਨ ਦੇ ਕੋਟਾ ਸ਼ਹਿਰ ਵਿੱਚ ਹੋਣ ਜਾ ਰਹੇ ਮੋਦੀ ਸਾਹਿਬ ਦੇ ਯੋਗ ਦੀ ਚਰਚਾ ਜ਼ੋਰਾਂ 'ਤੇ ਸੀ। ਮੀਡੀਆ ਦਾ ਹਰ ਹਿੱਸਾ ਇਸ ਦਾ ਪ੍ਰਚਾਰ ਕਰਨ ਵਿੱਚ ਮਸ਼ਰੂਫ ਸੀ। 21 ਜੂਨ ਨੂੰ ਸਵੇਰੇ ਸਾਝਰੇ ਹੀ ਮੇਰੀ ਭੂਆ ਜੀ ਦਾ ਪੋਤਰਾ ਚਮਕੌਰ ਸਿੰਘ ਮੇਰੇ ਕਮਰੇ ਵਿੱਚ ਆ ਕੇ ਕਹਿਣ ਲੱਗਾ, "ਤਾਇਆ ਜੀ ਉਠੋ ਦਿਨ ਚੜ੍ਹੇ ਵੀ ਸੁੱਤੇ ਪਏ ਹੋ, ਆਪਾਂ ਵੀ ਦੋਨੋਂ ਤਾਇਆ-ਭਤੀਜਾ ਯੋਗਾ ਕਰਨ ਲਈ ਕੋਟੇ ਨੂੰ ਚੱਲੀਏ, ਕੀ ਤੁਸੀਂ ਗੀਨੀਜ਼ ਬੁੱਕ ਵਿੱਚ ਆਪਣਾ ਨਾਮ ਦਰਜ ਨਹੀਂ ਕਰਵਾਉਣਾ ਚਾਹੁੰਦੇ ?" ਮੈਂ ਅਵਾਸੀਆਂ ਲੈਂਦੇ ਹੋਏ ਅੱਧ ਖੁੱਲ੍ਹੀਆਂ ਅੱਖਾਂ ਨਾਲ ਉਸ ਨੂੰ ਵੇਖਦੇ ਹੋਏ ਹੱਸ ਕੇ ਕਿਹਾ। "ਬੇਟਾ ਤੂੰ ਆਪਣੇ ਪੇਟ ਦਾ ਘੇਰਾ ਕਦੇ ਮਾਪਿਆ ਹੈ, 60-65 ਇੰਚ ਤੋਂ ਘੱਟ ਨਹੀਂ ਹੋਣਾ, ਇਸ ਲਈ ਯੋਗ ਕਰਨ ਤੈਨੂੰ ਇਕੱਲੇ ਨੂੰ ਹੀ ਜਾਣਾ ਚਾਹੀਦਾ ਹੈ ਤਾਂ ਕਿ ਇਹ ਕੁੱਝ ਘਟ ਸਕੇ। ਪਰ ਇੱਕ ਦਿਨ ਦੇ ਯੋਗ ਨਾਲ ਕੀ ਹੋਵੇਗਾ ? ਕੁਝ ਨਹੀਂ ਹੋਣਾ। ਬੰਦੇ ਦਾ ਪੇਟ ਘੱਟ ਤੇ ਛਾਤੀ ਚੋੜ੍ਹੀ ਚਾਹੀਦੀ ਹੈ।" ਇਸ ਉਤੇ ਚਮਕੌਰ ਕਹਿਣ ਲੱਗਾ, "ਤਾਇਆ ਜੀ 56 ਇੰਚ ਦੀ ਛਾਤੀ ਵਾਲੇ ਕਿਹੜੇ ਕਿਲ੍ਹੇ ਸਰ ਕਰ ਰਹੇ ਜਾਂ ਮੱਲਾਂ ਮਾਰ ਰਹੇ ਹਨ। ਦੇਖੋ ਤਾਇਆ ਜੀ ਮੈਂ ਅੱਜ ਇਸ 'ਪਵਿੱਤਰ' ਯੋਗ ਦਿਵਸ ਬਾਰੇ ਸਵੇਰੇ-ਸਵੇਰੇ ਤੁਹਾਡੇ ਨਾਲ ਬਹਿਸ ਨਹੀਂ ਕਰਨਾ ਚਾਹੁੰਦਾ। ਦੱਸੋ ਕਿ ਤੁਸੀਂ ਯੋਗਾ ਲਈ ਚਲਦੇ ਹੋ ਜਾਂ ਨਹੀਂ ?"



ਮੈਂ ਅਲਸਾਈ ਹਾਲਤ ਵਿੱਚ ਉੱਠ ਕੇ ਬੈਠ ਗਿਆ ਅਤੇ ਕਿਹਾ, "ਬੇਟਾ ਚਮਕੌਰ ਯੋਗ ਦੇ ਮਹਾਂ ਡਾਇਰੈਕਟਰ 'ਰਿਸ਼ੀ' ਰਾਮ ਦੇਵ ਜੀ ਨੇ ਦਿੱਲੀ ਵਿਖੇ ਮਰਨ ਵਰਤ ਰੱਖਿਆ ਸੀ ਪਰ ਤੀਸਰੇ ਦਿਨ ਹੀ ਵਰਤ ਤੋੜ ਦਿੱਤਾ ਅਖੇ ਬਲੱਡ ਪ੍ਰੈਸ਼ਰ ਵਧ ਗਿਆ ਸੀ। ਪਰ ਉਹ ਸਾਨੂੰ ਬਲੱਡ ਪ੍ਰੈਸ਼ਰ ਨੂੰ ਠੀਕ ਰੱਖਣ ਦੇ ਯੋਗ, ਆਸਣ, ਉੱਚੀਆਂ-ਉੱਚੀਆਂ ਸਟੇਜਾਂ ਲਾ ਕੇ ਦੱਸਦਾ ਰਿਹਾ ਹੈ। ਉਸ ਨੇ ਇਹ ਆਸਣ ਆਪ ਕਿਉਂ ਨਾ ਕੀਤੇ। ਇਸ ਦਾ ਇਹ ਭਾਵ ਹੋਇਆ ਕਿ ਦੀਵੇ ਥੱਲੇ ਹਨੇਰਾ। ਜਿਹੜੀ ਬੀਮਾਰੀਆਂ ਦਾ ਇਲਾਜ ਇਹ 'ਯੋਗ ਰਿਸ਼ੀ' ਯੋਗਾ ਕਰਨ ਨਾਲ ਦੱਸਦਾ ਹੈ ਮੈਡੀਕਲ ਸਾਇੰਸ ਉਸ ਦੀ ਹਾਮੀਂ ਨਹੀਂ ਭਰਦੀ। ਇਸ ਨੂੰ ਧੋਖਾ ਨਾ ਕਿਹਾ ਜਾਵੇ ਤਾਂ ਹੋਰ ਕੀ ਕਹੀਏ ? ਹੁਣ ਮੋਦੀ ਸਾਹਿਬ ਦਾ ਯੋਗ ਵੀ ਇਹੋ ਕੁਝ ਕਰਨ ਜਾ ਰਿਹਾ ਹੈ।"

"ਰਾਤ ਨੂੰ ਜਦੋਂ ਬਾਰ੍ਹਾਂ ਵਜੇ ਬਿਨਾ ਦੱਸੇ ਬਿਜਲੀ ਭਗੌੜੀ ਹੋ ਜਾਂਦੀ ਹੈ ਤਾਂ ਅਸੀਂ ਪਸੀਨੋਂ-ਪਸੀਨੀ ਹੋਏ ਖੰਜੂਰ ਦੇ ਪੱਤਿਆਂ ਦੇ ਬਣੇ ਪੱਖਿਆਂ ਨੂੰ ਹਿਲਾ-ਹਿਲਾ ਕੇ ਘੁੰਮਾ-ਘੁੰਮਾ ਕੇ ਬਿਜਲੀ ਯੋਗ ਕਰਦੇ ਹਾਂ। ਜਦੋਂ ਸ਼ਹਿਰ ਜਾਂਦੇ ਹਾਂ ਕਦੇ ਜਲੂਸਾਂ ਦੇ ਕਾਰਨ, ਕਦੇ ਧਾਰਮਿਕ ਝਲਕੀਆਂ ਦੇ ਕਾਰਨ, ਕਦੇ ਕਿਸੇ ਮੰਤਰੀ-ਸੰਤਰੀ ਦੀ ਆਮਦ ਉਤੇ ਟ੍ਰੈਫਿਕ ਜਾਮ ਕਾਰਨ ਅਸੀਂ ਗਰਮੀ ਜਾਂ ਸਰਦੀ ਦਾ ਲਿਹਾਜ ਜਾਂ ਪਰਵਾਹ ਕੀਤੇ ਬਿਨਾ ਹੀ ਫਸੇ ਹੋਏ ਘੰਟਾ-ਘੰਟਾ ਸੜਕਾਂ ਤੇ ਖਲੋ ਕੇ ਸੜਕ ਯੋਗ ਕਰਦੇ ਹਾਂ। ਰਾਤ ਨੂੰ ਬਾਰ੍ਹਾਂ ਵਜੇ (ਕਿਉਂਕਿ ਮੋਟਰਾਂ ਵਾਲੀ ਬਿਜਲੀ ਦਿਨੇ ਤਾਂ ਲੰਗੇ ਡੰਗ ਹੀ ਆਉਂਦੀ ਹੈ) ਮੋਟਰ 'ਤੇ ਜਾ ਕੇ ਪਾਣੀ ਲਾਉਣ ਤੇ ਨੱਕੇ ਛੱਡਣ ਦਾ ਮੋਟਰ ਯੋਗ ਕਰਦੇ ਹਾਂ। ਫਿਰ ਤਿੰਨ ਵਕਤ ਡੰਗਰਾਂ ਨੂੰ ਪੱਠੇ ਪਾਉਣ ਦਾ ਯੋਗ, ਫਿਰ ਉਨ੍ਹਾਂ ਨੂੰ ਦੋ ਵਕਤ ਇਸ਼ਨਾਨ ਕਰਵਾਉਣ ਦਾ ਯੋਗ, ਕਿਸਾਨ-ਮਜ਼ਦੂਰ ਤੇ ਖੇਤੀ ਭਾਈ ਹਰ ਰੋਜ਼ ਦਾ ਯੋਗੀ ਹੈ ਅਤੇ ਇਹੋ ਜ਼ਿੰਦਗੀ ਦਾ ਅਸਲ ਯੋਗ ਹੈ। ਬਾਕੀ ਤਾਂ ਸਭ ਨਾਟਕ ਹਨ ਜਾਂ ਵਿਹਲਿਆਂ ਦੇ ਟਾਈਮਪਾਸ। ਸੋ ਆਪਣੇ ਦੇਸ਼ ਦੇ ਕਿਸਾਨ, ਮਜ਼ਦੂਰ, ਕਿਰਤੀ, ਲੁਹਾਰ, ਤਰਖਾਣ, ਪਰਜਾਪਤ, ਕਾਰੀਗਰ, ਮੋਚੀ, ਸਫਾਈ ਮਜ਼ਦੂਰ ਅਤੇ ਇਨ੍ਹਾਂ ਦੇ ਨਾਲ ਕਰੋੜਾਂ ਦੀ ਗਿਣਤੀ ਵਿੱਚ ਘਰੇਲੂ ਔਰਤਾਂ ਇਹ ਸਾਰੇ ਸਾਰਾ-ਸਾਰਾ ਦਿਨ ਹਰ ਰੋਜ਼ ਬਿਨਾਂ ਨਾਗਾ ਯੋਗ ਕ੍ਰਿਆਵਾਂ ਹੀ ਤਾਂ ਕਰਦੇ ਹਨ। ਜੇਕਰ ਵੇਖਿਆ ਜਾਵੇ ਤਾਂ ਇਹ ਸਭ ਹਮੇਸ਼ਾ ਦੇ ਕਰਮਯੋਗੀ ਹਨ। ਇਹ ਸਰਮਾਏਦਾਰੀ ਸਿਸਟਮ ਪਤਾ ਨਹੀਂ ਇਨ੍ਹਾਂ ਤੋਂ ਕਿਸ-ਕਿਸ ਤਰ੍ਹਾਂ ਦਾ ਯੋਗ ਕਰਵਾ ਰਿਹਾ ਹੈ। ਇਹ ਵਿਚਾਰੇ ਪੇਟ ਦੀ ਖਾਤਿਰ ਅਜਿਹੇ ਯੋਗ ਕਰਨ ਲਈ ਮਜਬੂਰ ਹਨ।"

ਬੇਟਾ ਚਮਕੌਰ ਇਨ੍ਹਾਂ ਵਿੱਚੋਂ ਕਿਸੇ ਇੱਕ ਦਾ ਵੀ ਵਧਿਆ ਹੋਇਆ ਪੇਟ ਵੇਖਿਆ ਹੈ ? ਨਹੀਂ ਨਾ ? ਕਿਉਂਕਿ ਜੋ ਯੋਗ ਇਹ ਹਰ ਰੋਜ਼ ਕਰਦੇ ਹਨ ਉਹ ਤਾਂ ਲੱਕ ਸੁਕਾ ਦਿੰਦਾ ਹੈ। ਇਹ ਤਾਂ ਜਮਾਂਦਰੂ ਯੋਗੀ ਹਨ। ਤੇਰੇ

**ਬਾਕੀ ਸਫ਼ਾ 28 'ਤੇ**

# ਸਿੱਖੀ ਪ੍ਰਚਾਰ 'ਚੋਂ ਮਨਫ਼ੀ ਹੋ ਰਿਹਾ ਹੈ ਕਿਰਤ ਦਾ ਸਿਧਾਂਤ



**ਗੁਰਪ੍ਰੀਤ ਸਿੰਘ ਤਲਵੰਡੀ**

ਸਿੱਖ ਧਰਮ ਵਿਚ "ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ" ਦੇ ਸਿਧਾਂਤ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਧਰਮ ਅੰਦਰ ਫੋਕੇ ਗੀਤੀ ਰਿਵਾਜਾਂ, ਕਰਮ-ਕਾਂਡਾਂ, ਵਹਿਮ-ਭਰਮਾਂ, ਮੂਰਤੀ ਪੂਜਾ,



ਮੜੀ-ਮਸਾਣਾਂ ਦੀ ਪੂਜਾ ਸਮੇਤ ਹਰ ਤਰ੍ਹਾਂ ਦੇ ਪਾਖੰਡਾਂ ਤੋਂ ਸਿੱਖਾਂ ਨੂੰ ਸਖਤੀ ਨਾਲ ਵਰਜਿਆ ਗਿਆ ਹੈ। ਸਿੱਖਾਂ ਦੇ ਦਸ ਗੁਰੂ ਸਾਹਿਬਾਨ ਨੇ ਹੀ ਇਨ੍ਹਾਂ ਕੁਰੀਤੀਆਂ ਨੂੰ ਬੰਦ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ ਦੇਹ ਧਾਰੀ ਗੁਰੂ ਜਾਂ ਬਾਬਾ ਵਾਦ ਦੇ ਪ੍ਰਚਲਣ ਨੂੰ ਵੀ ਸਿੱਖੀ ਵਿੱਚੋਂ ਕੱਢ ਦਿੱਤਾ, ਤਾਂ ਕਿ ਧੀਰ ਮੱਲੀਆਂ ਜਾਂ ਰਾਮਰਾਈਆਂ ਦੇ ਚੇਲਿਆਂ ਵਾਂਗ ਕਿੱਧਰੇ ਸਿੱਖ ਵੀ ਅਖੌਤੀ ਬਾਬਿਆਂ ਦੇ ਪੂਜਕ ਬਣ ਕੇ ਆਪਣੇ ਵਿਗਿਆਨਕ ਸਿਧਾਂਤ ਤੋਂ ਥਿੜਕ ਨਾ ਜਾਣ। ਅੰਗਰੇਜੀ ਸਾਮਰਾਜ ਦੌਰਾਨ ਸਿੱਖੀ ਦੀਆਂ ਜੜਾਂ ਨੂੰ ਖੋਖਲਾ ਕਰਨ ਲਈ ਸ਼ੁਰੂ ਕੀਤਾ ਗਿਆ ਅਖੌਤੀ ਡੇਰਾਵਾਦ ਅੱਜ ਸਿੱਖ ਕੌਮ ਲਈ ਇੱਕ ਬਹੁਤ ਵੱਡਾ ਨਾਸੂਰ ਬਣ ਚੁੱਕਾ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਨੇ ਜੇਕਰ ਜਗਨਨਾਥ ਪੁਰੀ (ਉੜੀਸਾ) ਜਾ ਕੇ ਵਹਿਮਾਂ ਵਿੱਚ ਗ੍ਰਸਤ ਲੋਕਾਂ ਨੂੰ ਤਰਕ ਨਾਲ ਸਮਝਾਇਆ, ਉੱਥੇ ਮੁਸਲਮਾਨਾਂ ਦੇ ਪ੍ਰਮੁੱਖ ਤੀਰਥ ਅਸਥਾਨ ਮੱਕਾ ਵਿਖੇ ਜਾ ਕੇ ਮੁਸਲਮਾਨਾਂ ਨੂੰ ਵੀ ਨਵੀਂ ਸੇਧ ਦਿੱਤੀ। ਇੱਥੇ ਹੀ ਬੱਸ ਨਹੀਂ ਗੁਰੂ ਨਾਨਕ ਸਾਹਿਬ ਨੇ ਮੁਗਲ ਹਾਕਮ ਬਾਬਰ ਨੂੰ ਸ਼ਰੇਆਮ ਜਾਬਰ ਆਖ ਕੇ ਆਪਣੀ ਦ੍ਰਿੜਤਾ, ਦਲੇਰੀ ਤੇ ਅਣਖ ਦਾ ਸਬੂਤ ਦਿੱਤਾ। ਉਨ੍ਹਾਂ ਸਾਧਾਂ ਵਾਲਾ ਬਾਣਾ ਪਾ ਕੇ ਕਿਰਤੀ ਲੋਕਾਂ ਦੀ ਮਿਹਨਤ ਵਾਲੀ ਕਮਾਈ ਲੁੱਟਣ ਵਾਲੇ ਵਿਹਲੜ ਲੋਕਾਂ ਨੂੰ ਨਕਾਰ ਕੇ ਆਮ ਲੋਕਾਂ ਨੂੰ ਕਿਰਤ ਦੇ ਸਿਧਾਂਤ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਕਰਤਾਰਪੁਰ ਵਿੱਚ ਖੇਤੀ ਕਰਨ ਨੂੰ ਪਹਿਲ ਦੇਣੀ ਗੁਰੂ ਨਾਨਕ ਸਾਹਿਬ ਵੱਲੋਂ ਕਿਰਤ ਦੇ ਸਿਧਾਂਤ ਨੂੰ ਵਡਿਆਉਣਾ ਹੀ ਸੀ। ਇਹ ਹੀ ਵੱਡਾ ਕਾਰਨ ਸੀ ਕਿ ਉਹ ਇਕ ਅਮੀਰ ਮਲਿਕ ਭਾਗੋ ਦੇ ਭੋਜ ਨੂੰ ਠੁਕਰਾ ਕੇ ਇੱਕ ਗਰੀਬ, ਮਿਹਨਤਕਸ਼ ਤੇ ਕਿਰਤੀ ਭਾਈ ਲਾਲੋ ਦੇ ਘਰ ਖਾਣਾ ਖਾਣ ਲਈ ਗਏ ਪਰ ਅੱਜ ਸਿੱਖ ਧਰਮ ਦੇ ਪ੍ਰਚਾਰ 'ਚ ਲੱਗੀਆਂ ਸੰਸਥਾਵਾਂ, ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਜਾਂ ਵੱਖ ਵੱਖ ਸੰਪਰਦਾਵਾਂ ਦੁਆਰਾ ਗੁਰੂ ਨਾਨਕ ਸਾਹਿਬ ਦੇ ਕਿਰਤ ਦੇ ਸਿਧਾਂਤ ਨੂੰ ਸਿੱਖੀ ਪ੍ਰਚਾਰ ਵਿੱਚੋਂ ਮਨਫੀ ਕਰ ਦਿੱਤਾ ਗਿਆ ਹੈ। ਕਿਰਤ ਦੇ ਸਿਧਾਂਤ ਨੂੰ ਆਮ ਲੋਕਾਂ ਤੱਕ ਪ੍ਰਚਾਰਿਆ ਹੀ ਨਹੀਂ ਜਾ ਰਿਹਾ।

ਕਰੀਬ ਇੱਕ ਦਹਾਕਾ ਪਹਿਲਾਂ ਤੱਕ ਆਮ ਪ੍ਰਚੱਲਿਤ ਗੁਰੂ ਨਾਨਕ ਸਾਹਿਬ ਦੀ ਬਲਦਾਂ ਨਾਲ ਖੇਤੀ ਕਰਦਿਆਂ ਦੀ ਤਸਵੀਰ ਵੀ ਗਾਇਬ ਕਰ ਦਿੱਤੀ ਗਈ ਹੈ। ਭਾਵੇਂ ਇਹ ਤਸਵੀਰਾਂ ਇੱਕ ਕਾਲਪਨਿਕ ਤਸਵੀਰਾਂ ਤੋਂ ਵੱਧ ਕੁੱਝ ਵੀ ਨਹੀਂ, ਪਰ ਇਨ੍ਹਾਂ ਤਸਵੀਰਾਂ ਦੇ ਜ਼ਰੀਏ ਲੋਕਾਈ ਨੂੰ ਵੱਖ-ਵੱਖ ਤਰ੍ਹਾਂ ਦੇ ਸੰਦੇਸ਼ ਦੇਣ ਲਈ ਬੇਹਦ ਅਸਾਨੀ ਸੀ। ਇਸੇ ਤਹਿਤ ਉਕਤ ਤਸਵੀਰ ਜ਼ਰੀਏ ਗੁਰੂ ਨਾਨਕ ਸਾਹਿਬ ਦੇ ਕਿਰਤ ਦੇ ਸਿਧਾਂਤ ਨੂੰ ਲੋਕਾਂ ਤੱਕ ਪ੍ਰਚਾਰਿਆ ਜਾ ਰਿਹਾ ਸੀ। ਹੁਣ ਅਗਲੀਆਂ ਪੀੜੀਆਂ ਅਜਿਹੇ ਪ੍ਰਚਾਰ ਦੀ ਘਾਟ ਕਾਰਨ ਗੁਰੂ ਨਾਨਕ ਸਾਹਿਬ ਵੱਲੋਂ ਖੇਤੀ ਕਰਕੇ ਲੋਕਾਈ ਨੂੰ ਕਿਰਤ ਸੱਭਿਆਚਾਰ ਨਾਲ ਜੋੜਨ ਦੇ ਪੇਸ਼ ਕੀਤੇ ਸਿਧਾਂਤ ਨੂੰ ਹੀ ਮੰਨਣ ਤੋਂ ਇਨਕਾਰੀ ਹੋ ਜਾਣਗੀਆਂ।

ਸਰਬ ਸਾਂਝੀਵਾਲਤਾ ਦੇ ਪ੍ਰਤੀਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਕਿਰਤ ਨੂੰ ਪਹਿਲ ਦਿੰਦੇ ਕਈ ਸ਼ਬਦ ਆਉਂਦੇ ਹਨ, ਪਰ ਸਿੱਖੀ ਪ੍ਰਚਾਰ 'ਚੋਂ ਚੁੱਪ ਚੁਪੀਤੇ ਕਿਰਤ ਦੇ ਸਿਧਾਂਤ ਨੂੰ ਕੱਢ ਦੇਣਾ ਦੁਖਦਾਈ ਹੈ। ਅੱਜ ਪੰਜਾਬ ਅੰਦਰ ਅਨੇਕਾਂ ਹੀ ਸੰਪਰਦਾਵਾਂ ਜਾਂ ਸੰਤ ਮਹਾਂਪੁਰਖ ਸਿੱਖੀ ਦੇ ਪ੍ਰਚਾਰ ਕਰਨ ਦਾ ਹੋਕਾ ਦਿੰਦੇ ਹਨ, ਪਰ ਅਜਿਹੀਆਂ ਸੰਪਰਦਾਵਾਂ ਦੁਆਰਾ ਸਿੱਖਾਂ ਨੂੰ ਕੇਵਲ ਸਿਮਰਨ ਕਰਨ 'ਤੇ ਹੀ ਜ਼ੋਰ ਦੇਣਾ ਕਿਸੇ ਵੀ ਤਰ੍ਹਾਂ ਸਿੱਖੀ ਸਿਧਾਂਤ ਦੇ ਅਨਕੂਲ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਕਿਰਤ ਕਰਨ ਤੋਂ ਭਗੌੜਾ ਹੋ ਕੇ ਗ੍ਰਹਿਸਤੀ ਜੀਵਨ ਨੂੰ ਤਿਆਗ ਕੇ ਪਹਾੜਾਂ ਵਿੱਚ ਜਾਂ ਇਕਾਂਤ 'ਚ ਬੈਠ ਕੇ ਕੇਵਲ ਸਿਮਰਨ ਕਰਨ ਨੂੰ ਨਕਾਰਿਆ ਹੈ ਪਰ ਕੌਮ ਦੀ ਅਧੋਗਤੀ ਲਈ ਜ਼ਿੰਮੇਵਾਰ ਸੰਪਰਦਾਵਾਂ ਨੇ ਸਿਰਫ ਸਿਮਰਨ ਕਰਨ ਨੂੰ ਹੀ ਸਿੱਖੀ ਨਾਲ ਜੋੜ ਦਿੱਤਾ। ਇਹ ਹੀ ਵੱਡਾ ਕਾਰਨ ਹੈ ਕਿ ਅੱਜ ਸਿੱਖਾਂ ਦੀ ਮੌਜੂਦਾ ਪੀੜੀ ਕਿਰਤ ਕਰਨ ਤੋਂ ਇਨਕਾਰੀ ਹੋ ਰਹੀ ਹੈ। ਭਾਵੇਂ ਸਿੱਖਾਂ ਨੇ ਵਿਸ਼ਵ ਅੰਦਰ ਮਿਹਨਤ ਜ਼ਰੀਏ ਦੁਨੀਆਂ ਦੇ ਕੋਨੇ ਕੋਨੇ ਵਿੱਚ ਰਹਿੰਦਿਆਂ ਕਿਰਤ ਕਰਕੇ ਮੱਲਾਂ ਮਾਰੀਆਂ ਹਨ, ਪਰ ਸਿੱਖੀ ਪ੍ਰਚਾਰ 'ਚੋਂ ਕਿਰਤ ਸੱਭਿਆਚਾਰ ਨੂੰ ਮਨਫੀ ਕਰਨਾ ਸਿੱਖ ਕੌਮ ਦਾ ਸਭ ਤੋਂ ਦੁਖਦਾਈ ਪਹਿਲੂ ਹੈ। ਜੇ ਕੌਮ ਨੇ ਜਿਊਂਦੀ ਰਹਿਣਾ ਹੈ ਤਾਂ ਵਿਗਿਆਨਕ ਵਿਚਾਰਧਾਰਾ ਨੂੰ ਅਪਣਾ ਕੇ ਕਿਰਤ ਸੱਭਿਆਚਾਰ ਨਾਲ ਜੁੜੇ ਰਹਿਣਾ ਬੜਾ ਹੀ ਅਹਿਮ ਹੋਵੇਗਾ, ਨਹੀਂ ਤਾਂ ਕੌਮ ਨੂੰ ਹੋਰ ਵੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## 'ਮੋਰਚਾ ਗੁਰੂ ਕਾ ਬਾਗ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ



**ਸੈਨੋਹੋਜ਼ੇ/ਪ੍ਰਮਿੰਦਰ ਸਿੰਘ ਪ੍ਰਵਾਨਾ :** ਅਮਰੀਕੀ ਪੰਜਾਬੀ ਕਵੀਆਂ ਵਲੋਂ 'ਮੋਰਚਾ ਗੁਰੂ ਕਾ ਬਾਗ' ਤੇ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦਆਰਾ ਸੈਨਹੋਜ਼ੇ 3636 Murilo Ave/Gurdwara Raod Sanjojse CA95148, ਵਿਖੇ ਸਜਾਇਆ ਗਿਆ। 'ਪ੍ਰਵਾਨਾ' ਵਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ ਮੋਰਚਾ ਗੁਰੂ ਕਾ ਬਾਗ ਦੇ ਦਰਦਨਾਕ ਹਿਰਦੇਵੇਦਕ ਸਾਕੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ, ਬਹਾਦਰੀ ਅਤੇ ਅਣਖ ਤੇ ਲੋਕਾਂ ਨੇ ਮਾਣ ਕੀਤਾ। ਮੋਰਚੇ ਦੇ ਸੂਰਬੀਰਾਂ ਨੇ ਅੰਗਰੇਜ਼ੀ ਹਕੂਮਤ ਦੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ ਹਠ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਇਸ ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋ ਗਿਆ। ਜਨਤਕ ਉਤਸ਼ਾਹ ਵਧਿਆ ਕਿਉਂਕਿ ਇਹ ਮੋਰਚਾ ਸਿੱਧੇ ਤੌਰ 'ਤੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਸੀ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸ਼ਾਮਲ ਹੋਏ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੰਮਨ, ਜਸਦੀਪ ਸਿੰਘ ਫਰੀਮਾਂਟ, ਤੇਜਿੰਦਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਕਵੀਆਂ ਨੇ ਬੀਰਰਸ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਰਜਿੰਦਰ ਸਿੰਘ ਮੱਘਰ ਵਲੋਂ ਧੰਨਵਾਦੀ ਸ਼ਬਦਾਂ ਕਹੇ ਗਏ। ਜ਼ਿਕਰਯੋਗ ਹੈ ਕਿ ਇਥੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਅੱਗੇ ਤੋਰਦਿਆਂ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਕੀਤੇ ਜਾ ਰਹੇ ਹਨ।

# ... ਜਦੋਂ ਸੂਰਮੇ ਸਿੰਘ ਜਗਤ ਸਿੰਹੁ ਨੇ ਗਾਂਧੀ ਦੇ ਥੱਪੜ ਜੜਿਆਂ

**ਜਸਬੀਰ ਸਿੰਘ ਰਿਆੜ**

ਸਰਦਾਰ ਅਜੀਤ ਸਿੰਘ ਦੱਸਦੇ ਹਨ ਕਿ ਜਦੋਂ ਸਰਦਾਰ ਮੇਹਰ ਸਿੰਘ ਏਅਰ ਫੋਰਸ਼ ਸਟੇਸ਼ਨ ਦਿੱਲੀ ਤਾਇਨਾਤ ਸਨ ਤਾਂ ਉਹਨਾਂ ਦਾ ਇਕ ਜੂਨੀਅਰ ਅਫਸਰ ਸਰਦਾਰ ਜਗਤ ਸਿੰਘ, ਜੋ ਅਖੰਡ ਕੀਰਤਨੀ ਜਥੇ ਦਾ ਹੋਣ ਕਰਕੇ ਸ: ਮੇਹਰ ਸਿੰਘ ਅਤੇ ਉਹਨਾਂ ਦੀ ਬਿਰਧ ਮਾਤਾ ਨਾਲ ਬਹੁਤ ਨੇੜਤਾ ਰਖਦਾ ਸੀ, ਇਕ ਦਿਨ ਬਹੁਤ ਹੱਫਿਆ ਹੋਇਆ ਸ: ਮੇਹਰ ਸਿੰਘ ਦੇ ਘਰ ਆਇਆ। ਉਹਨਾਂ ਦੀ ਮਾਤਾ ਪੀੜ੍ਹੀ 'ਤੇ ਬੈਠੀ ਦਾਲ ਵਿਚੋਂ ਕੰਕਰ ਵਗੈਰਾ ਚੁਗ ਰਹੀ ਸੀ। ਜਗਤ ਸਿੰਘ ਵੀ ਲਾਗੇ ਹੀ ਪੀੜ੍ਹੀ 'ਤੇ ਬਹਿ ਗਿਆ। ਮਾਤਾ ਨੇ ਪੁੱਛਿਆ, "ਜਗਤ ਸਿਆਂ ਕੀ ਗੱਲ, ਤੈਨੂੰ ਏਨਾ ਸਾਹ ਕਿਓਂ ਚੜ੍ਹਿਆ ਹੋਇਆ, ਕਿਥੋਂ ਆਇਆਂ ਤੂੰ ਏਡਾ ਹੱਫਿਆ ਹੋਇਆ ?" ..... ਜਗਤ ਸਿੰਘ ਨੇ ਕਿਹਾ, "ਉਹ ਜਿਹੜਾ ਗਾਂਧੀ ਆ ਨਾ, ਜਿਹੜਾ ਬਿਰਲਾ ਮੰਦਰ ਕਥਾ ਕਰਦਾ ਅਤੇ ਆਂਹਦਾ ਅਹਿੰਸਾ ਚੰਗੀ ਹੁੰਦੀ ਆ, ਉਹਨੇ ਆਪਣੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ 'ਭੁੱਲੜ ਸਿਆਸਤਦਾਨ' ਆਖਿਆ ਸੀ"........"ਉਹ ਜਿਹੜਾ ਸਿਰ ਘਸਿਆ ਜਿਹਾ, ਜਿਹਨੂੰ ਆਂਹਦੇ ਆ ਇਹਨੇ ਆਜ਼ਾਦੀ ਲੈ ਕੇ ਦਿੱਤੀ ਆ, ਉਹ ਗਾਂਧੀ ?" "ਆਹੋ ਮਾਤਾ" ਜਗਤ ਸਿੰਘ ਨੇ ਪੁਸ਼ਟੀ ਕੀਤੀ..... "ਜਦੋਂ ਉਹਨੇ ਏਤਰਾਂ ਆਖਿਆ ਸੀ, ਤੂੰ ਉਹਦੇ ਬੂਥੇ 'ਤੇ ਵੱਟ ਕੇ ਚਪੇੜ ਨਾ ਮਾਰੀ ?" ਮਾਤਾ ਨੇ ਪੁੱਛਿਆ ਤੇ ਨਾਲੇ ਉਹਨੇ ਦਾਲ ਚੁਗਦੀ ਨੇ ਥਾਲੀ ਪਰ੍ਹੇ ਰੱਖ ਦਿੱਤੀ ਤੇ ਜਗਤ ਸਿੰਘ ਵੱਲ ਮੂੰਹ ਕਰਕੇ ਸਵਾਹਰੀ ਹੋ ਕੇ ਬਹਿਗੀ......"ਮਾਰੀ ਏ, ਤਾਂ ਈ ਮੈਂ ਲੋਕਾਂ ਅਤੇ ਪੁਲਸ ਤੋਂ ਬਚਦਾ ਏਥੇ ਨੱਠਾ ਆਇਆ।" ਮਾਤਾ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਕਿਹਾ, "ਤੂੰ ਪੁੱਤ ਫਿਕਰ ਨਾ ਕਰ ਗੁਰੂ ਗੋਬਿੰਦ ਸਿੰਘ ਤੇਰੇ ਅੰਗ ਸੰਗ ਆ, ਤੂੰ ਤੇ ਬਹੁਤ ਧਰਮ ਦਾ ਕੰਮ ਕੀਤਾ, ਮੈਂ ਹੁਣੇ ਮੇਹਰ ਸਿੰਘ ਨੂੰ ਸੱਦਦੀ ਹਾਂ।" ਮਾਤਾ ਨੇ ਮੇਹਰ ਸਿੰਘ ਨੂੰ ਸਾਰੀ ਗੱਲ ਦੱਸੀ।ਅਖੀਰ ਕਿੱਸਾ ਇਹ ਹੋਇਆ ਕਿ ਇਹ ਮਸਲਾ ਪੰਡਿਤ ਨਹਿਰੂ ਤਕ ਪਹੁੰਚਿਆ। ਮਸਲਾ ਬਹੁਤ ਸੰਵੇਦਨਸ਼ੀਲ ਸੀ। ਗਾਂਧੀ ਦਾ ਆਪਣਾ ਅਹਿੰਸਾ ਦਾ ਰਸਤਾ ਠੀਕ ਹੋ ਸਕਦਾ ਪਰ ਉਹ ਪੂਰੀ ਸਿੱਖ ਕੌਮ ਦੇ ਗੁਰੂ ਦੀ ਕੀਤੀ ਨੂੰ ਆਪਣੇ ਤੁੱਛ ਅਹਿੰਸਾ ਦੇ ਅਸੂਲ ਅੱਗੇ ਹੌਲਾ ਪਾਉਣ ਦਾ ਅਧਿਕਾਰ ਨਹੀਂ ਸੀ ਰੱਖਦਾ। ਖੁਦ ਪੰਡਿਤ ਨਹਿਰੂ ਨੂੰ ਮਸਲਾ ਸੁਲਝਾਉਣ ਲਈ ਅੱਗੇ ਆਉਣਾ ਪਿਆ ਕਿਉਂਕਿ ਗੱਲ




ਖਿੱਲਰ ਜਾਂਦੀ ਤਾਂ ਫੌਜ ਵਿਚ ਬਗਾਵਤ ਹੋ ਜਾਣੀ ਸੀ।ਵੱਡੀ ਗੱਲ ਇਹ ਕਿ ਹਵਾਈ ਫੌਜ ਨੂੰ ਗਾਂਧੀ ਦੇ ਦੋਹਰੇ ਕਿਰਦਾਰ ਦਾ ਬਾਖੂਬੀ ਪਤਾ ਸੀ। ਏਅਰ ਮਾਰਸ਼ਲ ਤਕ ਨੇ ਨਹਿਰੂ ਨੂੰ ਇਹ ਗੱਲ ਇਥੇ ਹੀ ਖਤਮ ਕਰਨ ਦੀ ਸਲਾਹ ਦਿੱਤੀ। ਨਹਿਰੂ ਨੇ ਇਸ ਚਪੇੜ ਵਾਲੀ ਗੱਲ ਨੂੰ ਅਖਬਾਰਾਂ ਵਿਚ ਛਪਣ ਤੋਂ ਰੋਕਣ ਲਈ ਪੂਰੀ ਸਿਵਲ ਮਿਸ਼ਨਰੀ ਝੋਕ ਦਿੱਤੀ ਸੀ ਤੇ ਇਸ ਤਰ੍ਹਾਂ ਇਹ ਖਬਰ ਅਖਬਾਰਾਂ ਚ ਨਾ ਆ ਸਕੀ।ਪੰਡਿਤ ਨਹਿਰੂ ਨੇ ਏਅਰ ਫੋਰਸ ਦੇ ਵੱਡੇ ਅਫਸਰਾਂ ਦੇ ਨਾਲ ਸ. ਮੇਹਰ ਸਿੰਘ ਨੂੰ ਵੀ ਬੁਲਾਇਆ ਕਿਉਂਕਿ ਅਫਸਰਾਂ ਨੂੰ ਪਤਾ ਸੀ ਕਿ ਸਿਰਫ ਮੇਹਰ ਸਿੰਘ ਹੀ ਸਿੱਖ ਫੌਜੀਆਂ ਨੂੰ ਸਮਝਾ ਬੁਝਾ ਕੇ ਸਹਾਇਤਾ ਕਰ ਸਕਦੇ ਹਨ।

ਸ. ਮੇਹਰ ਸਿੰਘ ਦੇ ਵਿਚ ਪੈਣ ਨਾਲ ਇਹ ਫੈਸਲਾ ਹੋਇਆ ਕਿ ਜਗਤ ਸਿੰਘ ਉਤੇ ਚਪੇੜ ਮਾਰਨ ਦਾ ਕੋਈ ਹੋਰ ਐਕਸ਼ਨ ਨਾ ਲਿਆ ਜਾਵੇ ਤੇ ਨਾ ਕੋਰਟ ਮਾਰਸ਼ਲ ਵਰਗੀ ਕੋਈ ਕਾਰਵਾਈ ਕੀਤੀ ਜਾਵੇ। ਸਿਰਫ ਜਗਤ ਸਿੰਘ ਨੂੰ ਏਅਰ ਫੋਰਸ ਦੀ ਨੌਕਰੀ 'ਚੋਂ ਪੂਰੀ ਤਨਖਾਹ ਅਤੇ ਪੈਨਸ਼ਨ ਦੇ ਕੇ ਕੱਢ ਦਿੱਤਾ ਜਾਵੇ। ਜਗਤ ਸਿੰਘ ਵੀ ਇਸ ਕਾਰਵਾਈ ਖਿਲਾਫ ਕਿਸੇ ਫੌਜੀ ਜਾਂ ਦਿਵਾਨੀ ਅਦਾਲਤ ਵਿਚ ਨਾ ਜਾਵੇ। ਸ. ਜਗਤ ਸਿੰਘ ਦੀ ਫਾਈਲ ਮੰਗਵਾ ਕੇ ਉਸ ਉੱਪਰ ਲਿਖ ਦਿੱਤਾ ਗਿਆ : "your services are no more required", ਕਿਉਂਕਿ ਸਰਕਾਰ ਕਿਸੇ ਨੂੰ ਵੀ ਪੂਰੀ ਤਨਖਾਹ ਅਤੇ ਪੈਨਸ਼ਨ ਦੇ ਕੇ ਨੌਕਰੀ ਤੋਂ ਅਲੱਗ ਕਰਨ ਦਾ ਅਧਿਕਾਰ ਰੱਖਦੀ ਹੈ। ਸ. ਜਗਤ ਸਿੰਘ ਬਾਰੇ ਅਜੀਤ ਸਿੰਘ ਹੁਰਾਂ ਦੇ ਦੱਸਣ ਮੁਤਾਬਿਕ ਬਾਅਦ ਵਿਚ ਉਹ ਸੈਕਟਰ 22 ਚੰਡੀਗੜ ਵਿਚ ਰਹਿੰਦੇ ਰਹੇ ਤੇ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਹੋਣ ਕਰਕੇ ਬੱਚਿਆਂ ਨੂੰ ਕੀਰਤਨ ਕਰਨਾ ਸਿਖਾਉਂਦੇ ਸਨ।ਇਹ ਗੱਲ ਤਾਂ ਸ਼ਾਇਦ ਸਭ ਨੂੰ ਪਤਾ ਹੋਵੇਗੀ ਕਿ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ "ਭੁੱਲੜ ਸਿਆਸਤਦਾਨ" ਕਿਹਾ ਸੀ ਪਰ ਇਸ ਤਰ੍ਹਾਂ ਕਹਿਣ ਉਤੇ ਜਿਹੜਾ ਉਹਨੂੰ ਥੱਪੜ ਵੱਜਾ ਸੀ, ਉਸ ਦਾ ਕਿਸੇ ਨੂੰ ਵੀ ਨਹੀਂ ਜਾਂ ਬਹੁਤ ਘੱਟ ਲੋਕਾਂ ਨੂੰ ਪਤਾ ਹੈ।ਇਤਿਹਾਸ ਆਪਣੇ ਢਿੱਡ ਵਿਚ ਕੀ-ਕੀ ਲੁਕਾਈ ਬੈਠਾ ਹੈ ਪਤਾ ਨਹੀਂ ਲਗਦਾ, ਜਿੰਨਾ ਚਿਰ ਕੋਈ ਪਰਦਾ ਨਾ ਚੁੱਕੇ।

## ਸਿੱਖ ਕੌਮ ਦੇ ਮਹਾਨ ਵਿਦਵਾਨ ਡਾ. ਰਘਬੀਰ ਸਿੰਘ ਬੈਂਸ ਦੀ ਤਸਵੀਰ ਕੇਂਦਰੀ ਅਜਾਇਬ ਘਰ ਸ੍ਰੀ ਅੰਮ੍ਰਿਤਸਰ 'ਚ ਲਗਾਉਣ ਦੀ ਸਰਾਹਨਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਨਸ਼ਿਆਂ ਖਿਲਾਫ਼ ਮੁਹਿੰਮ ਤੇ ਸਿੱਖ ਸਰੂਪ ਕਾਇਮ ਰੱਖ ਕੇ ਕੌਮਾਂਤਰੀ ਮੰਚ ਤੇ ਮਹਾਨ ਅਕਸ ਪੈਦਾ ਕਰਨ ਵਾਲੇ ਵਿਦਵਾਨ ਡਾ. ਰਘਬੀਰ ਸਿੰਘ ਬੈਂਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਲਗਾ ਕੇ ਸੱਚੀ



ਸ਼ਰਧਾਂਜਲੀ ਦੇਣ ਤੇ ਦੁਨੀਆ ਭਰ ਦੇ ਸਿੱਖਾਂ ਅਤੇ ਸਮੂਹ ਪੰਜਾਬੀਆਂ ਨੇ ਖੁਸ਼ੀ ਮਨਾਈ ਹੈ। ਡਾ. ਰਘਬੀਰ ਸਿੰਘ ਬੈਂਸ ਸਿੱਖ ਸਕਾਲਰ ਆਫ਼ ਕੰਪਿਊਟਰਜ਼ ਤੇ ਸਹਿਤ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਤ ਮਹਾਨ ਵਿਦਵਾਨ ਸਨ ਜਿਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਤੇ ਮਲਟੀਮੀਡੀਆ ਮਿਊਜ਼ੀਅਮ ਸਥਾਪਤ ਕਰਨ ਸਮੇਤ ਅਣਗਿਣਤ ਉਪਰਾਲਿਆਂ ਸਦਕਾ ਸੇਵਾਵਾਂ ਨਿਭਾਈਆਂ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪੰਜ ਕਕਾਰਾਂ ਨੂੰ ਮਾਨਤਾ ਮਿਲਣ ਤੇ ਸਿੱਖਾਂ ਨੂੰ ਦਸਤਾਰ ਸਜਾ ਕੇ ਮੋਟਰ ਸਾਈਕਲ ਚਲਾ ਕੇ ਸਿੱਖਣ ਦੇ ਮਾਮਲਿਆਂ ਵਿਚ ਡਾ. ਰਘਬੀਰ ਸਿੰਘ ਬੈਂਸ ਨੇ ਵਡਮੁੱਲੀ ਭੂਮਿਕਾ ਨਿਭਾਈ। ਸਿਆਟਲ ਦੇ ਖੇਡ ਕੈਂਪਾਂ ਵਿਚ ਸੰਨ 2016 ਦੌਰਾਨ ਡਾ. ਰਘਬੀਰ ਸਿੰਘ ਬੈਂਸ ਨੇ ਬੜੇ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਉਤਸ਼ਾਹਤ ਤੇ ਪ੍ਰੇਰਿਤ ਕੀਤਾ ਸੀ। ਇਸ ਕਰਕੇ ਡਾ. ਰਘਬੀਰ ਸਿੰਘ ਬੈਂਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਲੱਗਣ ਤੇ ਸਿਆਟਲ ਨਿਵਾਸੀਆਂ ਵਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ।

# ਪੰਚਾਇਤੀ ਚੋਣਾਂ ਦੀ ਬਾਜ਼ੀ ਔਰਤਾਂ ਦੇ ਹੱਥ

**ਕਰਮਜੀਤ ਕੌਰ ਸਮਾਓ**
(ਸੰਪਰਕ : 78889-00620)



ਪੰਜਾਬ ਅੰਦਰ ਸਤੰਬਰ ਮਹੀਨੇ ਹੋਣ ਜਾ ਰਹੀਆਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦਾ ਬਿਗਲ ਵੱਜਣ ਨਾਲ ਹੀ ਪਿੰਡਾਂ ਵਿਚ ਚਹਿਲ ਪਹਿਲ ਹੋਣ ਲੱਗੀ ਹੈ। ਪੰਚਾਇਤੀ ਸੰਸਥਾਵਾਂ ਵਿਚ ਔਰਤਾਂ ਨੂੰ ਰਾਖਵਾਂਕਰਨ 50 ਫ਼ੀਸਦੀ ਕਰਨ ਨਾਲ ਮਰਦਾਂ ਦੇ ਬਰਾਬਰ ਪ੍ਰਤੀਨਿਧਤਾ ਮਿਲੇਗੀ। ਸਾਨੂੰ ਸੋਚਣ ਦੀ ਲੋੜ ਹੈ ਕਿ ਪਿੰਡਾਂ ਨੂੰ ਸਮਾਜਿਕ ਤੇ ਆਰਥਿਕ ਤੌਰ 'ਤੇ ਉੱਚਾ ਚੁੱਕਣ ਲਈ ਤੇ ਵਿਕਾਸ ਪੱਖੋਂ ਹਰ ਤਰ੍ਹਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਿਹੋ ਜਿਹੇ ਆਦਮੀ ਦੇ ਹੱਥ ਵਾਗਡੋਰ ਫੜਾਉਣੀ ਹੈ। ਬਿਨਾਂ ਲਾਲਚ ਕੀਤੇ ਸੋਚ ਸਮਝ ਕੇ ਫ਼ੈਸਲਾ ਲੈਣ ਦਾ ਸਮਾਂ ਹੈ।

ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤੀ ਚੋਣਾਂ ਵਿੱਚ ਔਰਤਾਂ ਚੰਗੇ ਸਮਾਜ ਦੀ ਸਿਰਜਣਾ ਲਈ ਅੱਗੇ ਹੋ ਕੇ ਫ਼ੈਸਲੇ ਲੈਣ ਵਿੱਚ ਆਪਣਾ ਉਸਾਰੂ ਰੋਲ ਅਦਾ ਕਰ ਸਕਦੀਆਂ ਹਨ। ਉਹ ਪਿੰਡਾਂ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਚੰਗੇ ਕਿਰਦਾਰ ਵਾਲੇ ਲੋਕਾਂ ਦੀ ਚੋਣ ਕਰਨ। ਔਰਤਾਂ ਜੇਕਰ ਅਜਿਹੇ ਕਦਮ ਚੁੱਕਣ ਤਾਂ ਕੁਝ ਬਦਲਾਅ ਦੀਆਂ ਸੰਭਾਵਨਾਵਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਮਾਜਿਕ ਕੁਰੀਤੀਆਂ ਦੇ ਖ਼ਾਤਮੇ ਤੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਉਮੀਦਵਾਰਾਂ ਤੋਂ ਔਰਤਾਂ ਲਿਖਤੀ ਤੌਰ 'ਤੇ ਲੈਣ ਕਿ ਉਹ ਪਿੰਡ ਵਿੱਚ ਇਨ੍ਹਾਂ ਕੁਰੀਤੀਆਂ ਦੇ ਖ਼ਾਤਮੇ ਲਈ ਕਦਮ ਚੁੱਕਣਗੇ ਤੇ ਔਰਤਾਂ ਦੀ ਸੁਰੱਖਿਆ ਲਈ ਬਚਨਬੱਧ ਹੋਣਗੇ। ਉਨ੍ਹਾਂ ਦਾ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਤੇ ਕਿਸਾਨੀ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਕੀ ਏਜੰਡਾ ਹੋਵੇਗਾ? ਇਹ ਵੀ ਲਿਖਤੀ ਲਿਆ ਜਾਵੇ ਕਿ ਬਿਨਾਂ ਲਾਲਚ ਤੋਂ ਇਮਾਨਦਾਰੀ ਨਾਲ ਵਿਕਾਸ ਕਾਰਜ ਕਰਨਗੇ ਤੇ ਰਿਸ਼ਵਤ ਦੇਣ ਜਾਂ ਲੈਣ ਨੂੰ ਪ੍ਰੋਤਸਾਹਨ ਨਹੀਂ ਦੇਣਗੇ। ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਉਪਰਾਲੇ ਕਰਨਗੇ ਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਾਉਣਗੇ। ਪਿੰਡ ਦੀ ਪਹਿਲਾਂ ਪ੍ਰਤੀਨਿਧਤਾ ਕਰ ਚੁੱਕੇ ਵਿਅਕਤੀ ਨੂੰ ਵਾਰ ਵਾਰ ਮੌਕਾ ਦੇਣ ਦੀ ਬਜਾਏ ਨਵੇਂ ਚਿਹਰਿਆਂ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ। ਇਸ ਵਿੱਚ ਵੀ ਔਰਤਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਔਰਤਾਂ ਦੀ ਭਾਗੀਦਾਰੀ ਤੋਂ ਬਿਨਾਂ ਆਦਰਸ਼ ਸਮਾਜ ਦੀ ਕਲਪਨਾ ਕਰਨਾ ਫਜ਼ੂਲ ਲੱਗਦਾ ਹੈ। ਔਰਤਾਂ ਪਹਿਲਕਦਮੀ ਕਰਨ ਕਿ ਪਿੰਡਾਂ ਨੂੰ ਚੋਣਾਂ ਦੇ ਝੰਜਟ ਤੋਂ ਬਚਾਉਣ ਲਈ ਸਰਬਸੰਮਤੀ ਦੇ ਰਸਤੇ 'ਤੇ ਤੁਰਨ ਅਤੇ ਮਰਦਾਂ 'ਤੇ ਅਜਿਹਾ ਦਬਾਅ ਬਣਾਉਣ ਕਿ ਵੋਟਾਂ ਪਾਉਣ ਲਈ ਕਤਾਰਾਂ ਵਿੱਚ ਨਾ ਲੱਗਣਾ ਪਏ। ਅਜਿਹਾ ਕਰਨ ਨਾਲ ਲੜਾਈ ਝਗੜੇ ਤੇ ਫਜ਼ੂਲ ਪੈਸੇ ਦੀ ਬਰਬਾਦੀ ਤੋਂ ਬਚਿਆ ਜਾ ਸਕੇਗਾ ਤੇ ਪਿੰਡਾਂ ਵਿੱਚ ਧੜੇਬੰਦੀ ਪੈਦਾ ਨਹੀਂ ਹੋਵੇਗੀ। ਨਸ਼ਾ ਰਹਿਤ ਤੇ ਪੜ੍ਹੇ ਲਿਖੇ ਵਿਅਕਤੀਆਂ ਨੂੰ ਪਿੰਡਾਂ ਦੀ ਸੇਵਾ ਕਰਨ ਦਾ ਮੌਕਾ ਦੇਣ ਨਾਲ ਫ਼ੈਸਲੇ ਸਹੀ ਹੋਣਗੇ। ਲੋਕ ਥਾਣੇ ਕਚਹਿਰੀ ਦੇ ਚੱਕਰ ਤੋਂ ਬਚ ਜਾਣਗੇ। ਕਦੇ ਘਰ ਦੀ ਚਾਰਦੀਵਾਰੀ ਵਿੱਚ ਘਿਰੀ ਰਹਿਣ ਵਾਲੀ ਔਰਤ 'ਤੇ ਮਰਦ ਆਪਣਾ ਫ਼ੈਸਲਾ ਥੋਪਦੇ ਸਨ, ਪਰ ਅੱਜ ਸਮਾਂ ਅਜਿਹਾ ਹੈ ਕਿ ਔਰਤਾਂ ਆਪਣੇ ਫ਼ੈਸਲੇ ਲੈਣ ਦੇ ਸਮਰੱਥ ਹੋ ਗਈਆਂ ਹਨ। ਰਾਖਵਾਂਕਰਨ ਤਹਿਤ ਔਰਤਾਂ ਪਿੰਡ ਦੀਆਂ ਸਰਪੰਚ ਜਾਂ ਪੰਚ ਬਣਨ ਤੋਂ ਆਪਣਾ ਹੱਥ ਪਿਛਾਂਹ ਨਾ ਖਿੱਚਣ ਸਗੋਂ ਨਾਰੀ ਜਾਤੀ ਦੀ ਰਾਖੀ ਤੇ ਪਿੰਡ ਦੇ ਵਿਕਾਸ ਵਿੱਚ ਯੋਗਦਾਨ ਪਾਉਣ। ਅਪਰੈਲ, 2017 ਦੌਰਾਨ ਪੰਜਾਬ ਦੀਆਂ ਕੌਮਾਂਤਰੀ ਪੱਧਰ 'ਤੇ ਐਵਾਰਡ ਹਾਸਲ ਕਰਨ ਵਾਲੀਆਂ 6 ਗ੍ਰਾਮ ਪੰਚਾਇਤਾਂ ਵਿਚੋਂ 5 ਮਹਿਲਾ ਸਰਪੰਚ ਸਨ ਜਿਨ੍ਹਾਂ ਨੇ ਆਪਣੇ ਪਿੰਡਾਂ ਦੇ ਵਿਕਾਸ ਕਾਰਜਾਂ ਵਿਚ ਝੰਡੀ ਗੱਡੀ ਸੀ ਤੇ ਸਮਾਜ ਅੰਦਰ ਕੁਝ ਨਵਾਂ ਕਰ ਦਿਖਾਇਆ ਸੀ। ਇਹ ਨਹੀਂ ਕਿ ਅਸੀਂ ਪਿੰਡ ਦੀ ਨੂੰਹ ਰਾਣੀ ਨੂੰ ਹੀ ਪੰਚਾਇਤੀ ਚੋਣ ਵਿੱਚ ਚੁਣਨਾ ਹੈ ਸਗੋਂ ਪਿੰਡ ਦੀਆਂ ਪੜ੍ਹੀਆਂ ਲਿਖੀਆਂ ਧੀਆਂ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ। ਜੇਕਰ ਧੀਆਂ ਪੜ੍ਹਾਈ ਦੇ ਖੇਤਰ ਵਿੱਚ ਮੱਲਾ ਮਾਰ ਸਕਦੀਆਂ ਹਨ ਤਾਂ ਪੰਚਾਇਤੀ ਸੰਸਥਾਵਾਂ ਵਿੱਚ ਨੁਮਾਇੰਦਗੀ ਕਿਉਂ ਨਹੀਂ ਕਰ ਸਕਦੀਆਂ? ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਾਹਮਣੀ ਦੀ ਨੇਹਾ ਕੁਮਾਰੀ ਅਤੇ ਜਲੰਧਰ ਦੇ ਪਿੰਡ ਸੀਚੇਵਾਲ ਦੀ ਧੀ ਰਾਜਵੰਤ ਕੌਰ ਨੇ ਛੋਟੀ ਉਮਰ ਦੀਆਂ ਸਰਪੰਚ ਬਣ ਕੇ ਸਮਾਜ ਵਿੱਚ ਨਵੀਂ ਮਿਸਾਲ ਪੈਦਾ ਕੀਤੀ ਤੇ ਹੋਰਨਾਂ ਲਈ ਵੀ ਰਾਹ ਦਸੇਰਾ ਬਣੀਆਂ ਹਨ। ਜ਼ਿਲ੍ਹਾ ਬਠਿੰਡਾ ਦੇ ਪਿੰਡ ਹਿੰਮਤਪੁਰਾ ਦੀ ਸਾਬਕਾ ਮਹਿਲਾ ਸਰਪੰਚ ਨੇ ਤਾਂ ਧੀਆਂ ਦੇ ਮਾਣ ਸਨਮਾਨ ਵਿੱਚ ਸ਼ਗਨ ਸਕੀਮ ਪੰਚਾਇਤ ਤਰਫ਼ੋਂ ਦੇਣ ਦਾ ਮਤਾ ਪਾਸ ਕੀਤਾ ਹੋਇਆ ਸੀ ਤੇ ਧੀਆਂ ਨੂੰ ਮੰਦਾ ਸ਼ਬਦ ਬੋਲਣ 'ਤੇ 500 ਰੁਪਏ ਜੁਰਮਾਨੇ ਦੀ ਵਿਵਸਥਾ ਕੀਤੀ। ਪ੍ਰਸ਼ਾਸਨ ਵੱਲੋਂ ਤਿਆਰ ਕੀਤੀਆਂ ਗਈਆਂ ਆਖਰੀ ਵੋਟਰ ਸੂਚੀਆਂ ਵੀ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਕਈ ਪਿੰਡਾਂ ਵਿੱਚ ਔਰਤਾਂ ਦੀਆਂ ਵੋਟਾਂ ਪੁਰਸ਼ਾਂ ਨਾਲੋਂ ਵੱਧ ਹਨ ਤੇ ਕੁਝ ਪਿੰਡਾਂ ਅੰਦਰ ਬਰਾਬਰ ਵੋਟਾਂ ਹਨ। ਜਿਹੜੇ ਪਿੰਡਾਂ ਵਿੱਚ ਮਰਦਾਂ ਦੇ ਮੁਕਾਬਲੇ ਔਰਤਾਂ ਦੀਆਂ ਵੋਟਾਂ ਦੀ ਗਿਣਤੀ ਜ਼ਿਆਦਾ ਹੈ ਉੱਥੇ ਔਰਤਾਂ ਲਈ ਸਰਪੰਚ ਦਾ ਅਹੁਦਾ ਰਾਖਵਾਂ ਕਰਨ ਲਈ ਔਰਤਾਂ ਨੂੰ ਪ੍ਰਸ਼ਾਸਨ ਤੋਂ ਮੰਗ ਕਰਨੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਪਿੰਡਾਂ ਨੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਨੂੰ ਬੁਲੰਦ ਕੀਤਾ ਹੋਇਆ ਹੈ। ਆਓ, ਆਪਣੀਆਂ ਜ਼ਮੀਰਾਂ ਨਾ ਵੇਚਦੇ ਹੋਏ ਆਪਣੇ ਪਿੰਡਾਂ ਦੇ ਚੰਗੇ ਭਵਿੱਖ ਲਈ ਚੰਗੇ ਕਿਰਦਾਰ ਵਾਲੇ ਵਿਅਕਤੀਆਂ ਦੇ ਹੱਥ ਪਿੰਡਾਂ ਦੀ ਵਾਗਡੋਰ ਫੜਾਈਏ।



# ਪੰਚਾਇਤ ਚੋਣਾਂ ਦੇ ਭੰਬਲਭੂਸੇ ਕਾਰਨ ਸਰਪੰਚੀ ਪੈਣ ਲੱਗੀ ਮਹਿੰਗੀ

## 'ਲਾਲ ਪਰੀ' ਤੇ ਹਾਕਮ ਧਿਰ ਦੇ ਫ਼ੀਲਿਆਂ ਦੀਆਂ ਵਗਾਰਾਂ ਦੇ ਖਰਚੇ ਪੈ ਰਹੇ ਨੇ ਭਾਰੀ

**ਕੁਲਦੀਪ ਸਿੰਘ ਜਾਫਲਪੁਰ**
(ਸੰਪਰਕ : 88934-00004)

ਲੋਕਤੰਤਰਿਕ ਢੰਗ ਨਾਲ ਹੋਣ ਵਾਲੀਆਂ ਚੋਣਾਂ 'ਚੋਂ ਪੰਚਾਇਤਾਂ ਦੀ ਚੋਣ ਸਭ ਤੋਂ ਵੱਧ ਰੋਚਿਕ ਹੁੰਦੀ ਹੈ। ਇਹਨਾਂ ਚੋਣਾਂ ਦਾ ਕਿਸੇ ਵੀ ਸੂਬੇ ਦੀ ਰਾਜਨੀਤੀ ਅਤੇ ਜ਼ਮੀਨੀ ਹਾਲਾਤ 'ਤੇ ਗਹਿਰਾ ਅਸਰ ਪੈਂਦਾ ਹੈ। ਦੇਸ਼ ਵਿਚ ਪੰਚਾਇਤੀ ਰਾਜ ਨੂੰ ਤਰਕਸੰਗਤ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸਾਬਕਾ ਪ੍ਰਧਾਨ ਮੰਤਰੀ ਰਜੀਵ ਰਾਜੀਵ ਗਾਂਧੀ ਨੇ ਵਿਸ਼ੇਸ਼ ਬਿੱਲ ਰਾਹੀਂ ਪੰਚਾਇਤ ਰਾਜ ਦਾ ਗਠਨ ਕੀਤਾ ਸੀ। ਉਸ ਐਕਟ ਤੋਂ ਬਾਅਦ ਪੰਚਾਇਤਾਂ ਨੂੰ ਸਰਕਾਰੀ ਤੰਤਰ ਚ ਕੁਝ ਸ਼ਕਤੀਆਂ ਅਤੇ ਅਧਿਕਾਰਾਂ ਦਾ ਲਿਖਤੀ ਫਰਮਾਨ ਮਿਲਿਆ ਸੀ। ਸਮਾਂ ਬਦਲਣ ਨਾਲ ਪਿੰਡਾਂ ਚ ਵਿਕਾਸ ਦੇ ਕੰਮਾਂ ਦੀ ਵੀ ਪਰਿਭਾਸ਼ਾ ਬਦਲ ਗਈ। ਪਹਿਲਾਂ ਜਿੱਥੇ ਪਿੰਡਾਂ ਦੇ ਵਿਕਾਸ ਲਈ ਹਜ਼ਾਰਾਂ ਰੁਪਏ ਮਿਲਦੇ ਸੀ, ਉਹ ਰਕਮਾਂ ਲੱਖਾਂ ਤੋਂ ਬਾਅਦ ਕਰੋੜਾਂ ਦੀ ਰਾਸ਼ੀ ਚ ਬਦਲ ਚੁੱਕੀਆਂ ਹਨ। ਇਹਨਾਂ ਲੱਖਾਂ ਕਰੋੜਾਂ ਨਾਲ ਪਿੰਡਾਂ ਦੀ ਵਿਕਾਸ ਪੱਖੋਂ ਭਾਵੇਂ ਥੋੜੀ ਹਾਲਤ ਸੁਧਰੀ ਪਰ ਭ੍ਰਿਸ਼ਟਾਚਾਰ ਕਾਰਨ ਪੇਂਡੂ ਵਿਕਾਸ ਵਿਭਾਗ ਅਤੇ ਕਈ ਪੰਚਾਂ-ਸਰਪੰਚਾਂ ਦੇ ਇਹਨਾਂ ਰਕਮਾਂ ਕਾਰਨ ਵਾਰੇ ਨਿਆਰੇ ਵੀ ਹੋਏ ਹਨ। ਪੰਚਾਇਤ ਵਿਭਾਗ ਦੇ ਕਈ ਸਰਕਾਰੀ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਜੀਵਨ ਸ਼ੈਲੀ ਆਈਏਐੱਸ ਅਫਸਰ ਲਾਬੀ ਨੂੰ ਵੀ ਮਾਤ ਪਾਉਂਦੀ ਨਜ਼ਰ ਆਉਂਦੀ ਹੈ। ਜੇ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਖਾਨਦਾਨੀ ਪੰਚਾਂ ਸਰਪੰਚਾਂ ਦਾ ਕਦੀ ਪਿੰਡਾਂ ਦੀ ਚੌਧਰ ਕਰਨ 'ਚ ਬੋਲ-ਬਾਲਾ ਸੀ ਪਰ ਹੁਣ ਕਰੋੜਾਂ ਦੇ ਸਰਕਾਰੀ ਫੰਡਾਂ ਕਾਰਨ ਰਾਜਨੀਤਕ ਸਰਪ੍ਰਸਤੀ, ਭੂ-ਮਾਫੀਆ ਅਤੇ ਸਰਕਾਰੀ ਪੈਸੇ ਉਤੇ ਐਸ਼ ਕਰਨ ਦੀਆਂ ਸਕੀਮਾਂ ਘੜਨ ਵਾਲਿਆਂ ਨੇ ਵੀ ਇਸ ਪਾਸੇ ਵੱਲ ਮੁਹਾਰਾਂ ਮੋੜ ਲਈਆਂ ਹਨ। ਇਸ ਕਿਸਮ ਦੇ ਲੋਕਾਂ ਵੱਲੋਂ ਜੂਨ 2017 ਤੋਂ ਹੀ ਪਿੰਡਾਂ ਵਿਚ ਪੰਚਾਇਤੀ ਚੋਣਾਂ ਜਿੱਤਣ ਲਈ ਹਮਾਇਤੀ ਲੋਕਾਂ ਅਤੇ ਅਮਲੀ ਵਰਗ ਨੂੰ ਲਾਲ ਪਰੀ ਦੇ ਰੰਗ ਵਿਚ ਰੰਗਿਆ ਜਾ ਰਿਹਾ ਹੈ। ਸ਼ਰਾਬ-ਮੀਟ ਤੋਂ ਇਲਾਵਾ ਤੰਗੀ ਤੁਰਸ਼ੀ ਵਾਲਿਆਂ ਟੱਬਰਾਂ ਨੂੰ ਨਕਦ ਨਰਾਇਣ ਵੀ ਭੇਟ ਕੀਤਾ ਜਾ ਰਿਹਾ। ਉਧਰ ਆਪਣੇ ਆਪਣੇ ਹਲਕੇ ਦੇ ਮੰਤਰੀਆਂ, ਵਿਧਾਇਕਾਂ ਅਤੇ ਅਖੌਤੀ ਹਲਕਾ ਇੰਚਾਰਜਾਂ ਨਾਲ ਵੀ ਨੇੜਤਾ ਦਾ ਪਰਪੰਚ ਰਚਿਆ ਜਾ ਰਿਹਾ ਹੈ। ਪੰਜਾਬ 'ਚ ਸਰਪੰਚੀ ਦੇ ਉਮੀਦਵਾਰ ਲਈ ਜ਼ਿਆਦਾਤਰ ਸੱਤਾਧਾਰੀ ਧਿਰ ਦੇ ਚੌਧਰੀ ਹੀ ਮੂਹਰੇ ਹੁੰਦੇ ਹਨ। ਇਹਨਾਂ ਦੇ ਵੀ ਕਈ ਵੱਡੇ ਪਿੰਡਾਂ ਵਿਚ 3 ਤੋਂ 5 ਤਕ ਧੜੇ ਬਣੇ ਹੋਏ ਹਨ।

ਇਕ ਪਾਸੇ ਤਾਂ ਦੇਸ਼ ਅੰਦਰ ਸੰਨ 2019 ਦੀਆਂ ਲੋਕ ਸਭਾ ਚੋਣਾਂ ਨੇ ਪੰਜਾਬ ਦੀ ਹਾਕਮ ਧਿਰ ਦੀ ਚਿੰਤਾ ਵਧਾਈ ਹੋਈ ਹੈ, ਦੂਜੇ ਪਾਸੇ ਪਿੰਡਾਂ 'ਚ ਸਰਪੰਚੀ ਲਈ ਦਾਅਵੇਦਾਰ ਧੜਿਆਂ ਦੀ ਵੱਡੀ ਸਿਰਦਰਦੀ ਨੇ ਪੰਜਾਬ ਕਾਂਗਰਸ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੋਇਆ ਹੈ ਕਿ ਸਰਪੰਚ ਤਾਂ ਇਕ ਹੀ ਧੜੇ ਦਾ ਬਣੇਗਾ ਪਰ ਬਾਕੀ ਧੜਿਆਂ ਦੀ ਨਰਾਜ਼ਗੀ ਲੋਕ ਸਭਾ ਚੋਣਾਂ ਵਿਚ ਕਿਤੇ




ਹਾਕਮ ਧਿਰ ਨੂੰ ਛੱਡ ਕੇ ਵਿਰੋਧੀ ਧਿਰ ਦੀ ਡੁੱਗਡਗੀ ਹੀ ਨਾ ਵਜਾ ਦੇਵੇ। ਇਸ ਲਈ ਪੰਜਾਬ 'ਚ ਆਪਣੀ ਪਕੜ ਬਰਕਰਾਰ ਰੱਖਣ ਦੇ ਗੇੜ 'ਚ ਫਸੀ ਪੰਜਾਬ ਦੀ ਕੈਪਟਨ ਸਰਕਾਰ ਮਈ 2018 'ਚ ਹੋਣ ਵਾਲੀਆਂ ਪੰਚਾਇਤ ਚੋਣਾਂ ਦਾ ਫੈਸਲਾ ਅਗਸਤ 2018 ਤਕ ਵੀ ਨਹੀਂ ਕਰ ਸਕੀ ਹੈ। ਇਹਨਾਂ ਚੋਣਾਂ ਨਾਲ ਪੰਜਾਬ ਚ ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵੀ ਹੋਣਗੀਆਂ ਜੋ ਕਿ ਪੰਜਾਬ ਸਰਕਾਰ ਪੰਚਾਇਤ ਦੀਆਂ ਚੋਣਾਂ ਤੋਂ ਕੁਝ ਦਿਨ ਪਹਿਲਾਂ ਕਰਵਾ ਲੈਣ ਦੀ ਰੌਅ ਚ ਹੈ। ਪੰਜਾਬ ਚ 13275 ਦੇ ਕਰੀਬ ਪੰਚਾਇਤਾਂ ਹਨ, 125 ਬਲਾਕ ਸੰਮਤੀਆਂ ਅਤੇ 22 ਜ਼ਿਲ੍ਹਾ ਪ੍ਰੀਸ਼ਦ ਹਲਕੇ ਹਨ। ਸਰਪੰਚੀ ਦੇ ਚਾਹਵਾਨ ਕੁਝ ਸਿਆਸੀ ਚੌਧਰੀਆਂ ਨੂੰ ਹਾਕਮ ਧਿਰ ਸੰਮਤੀ ਮੈਂਬਰ ਬਣਾ ਕੇ ਮਨਾਉਣ ਦੇ ਚੱਕਰ 'ਚ ਹੈ ਅਤੇ ਹੋਰ ਚੇਅਰਮੈਨੀਆਂ ਦੇ ਚਾਹਵਾਨਾਂ ਨੂੰ ਜਿਲ੍ਹਾ ਪ੍ਰੀਸ਼ਦ ਮੈਂਬਰ ਚੁਣ ਕੇ ਵਰਚਾਉਣ ਲਈ ਯਤਨ ਕੀਤੇ ਜਾ ਰਹੇ ਹਨ। ਵੱਡਾ ਪੇਚ ਸਰਪੰਚ ਚੁਣਨ 'ਤੇ ਅੜਦਾ ਨਜ਼ਰ ਆ ਰਿਹਾ ਹੈ। ਸਾਰੀਆਂ ਚੋਣਾਂ ਦੇ ਨਤੀਜਿਆਂ ਉਤੇ ਸਰਪੰਚੀ ਦੀ ਚੋਣ ਦਾ ਇਕਤਰਫ਼ਾ ਨੁਕਸਾਨ ਪੈਂਦਾ ਹੈ। ਦੂਸਰੇ ਪਾਸੇ ਪੰਜਾਬ ਦੇ ਪ੍ਰਮੁੱਖ ਸਿਆਸੀ ਧੜਿਆਂ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਆਮ ਆਦਮੀ ਪਾਰਟੀ ਅਤੇ ਕਾਮਰੇਡਾਂ ਤੋਂ ਇਲਾਵਾ ਬਸਪਾ ਅਤੇ ਮਾਨ ਅਕਾਲੀ ਦਲ ਦੇ ਉਮੀਦਵਾਰ ਵੀ ਸਰਪੰਚੀ ਦੇ ਅਹੁਦੇ ਦੇ ਚਾਹਵਾਨ ਨਜ਼ਰ ਆਉਂਦੇ। ਅਕਾਲੀ ਦਲ ਵੱਲੋਂ ਵੀ ਪਿੰਡਾਂ ਵਿਚ ਧੜੇ ਨੂੰ ਕਾਇਮ ਰੱਖਣ ਲਈ ਇਹ ਚੋਣਾਂ ਲੜੀਆਂ ਜਾਣਗੀਆਂ ਕਿਉਂਕਿ 10 ਸਾਲ ਅਕਾਲੀ-ਭਾਜਪਾ ਸਰਕਾਰ ਵੇਲੇ ਸਰਪੰਚ ਰਹੇ ਲੋਕ ਹਾਕਮ ਧਿਰ ਵੱਲੋਂ ਪੰਚਾਇਤੀ ਫੰਡਾਂ ਦੀ ਕੀਤੀ ਵਰਤੋਂ ਦੀ ਵਿਭਾਗੀ ਅਤੇ ਵਿਜੀਲੈਂਸ ਪੜਤਾਲ ਦੇ ਚਲਦਿਆਂ ਜਾਂ ਤਾਂ ਸਿਆਸੀ ਧੜੇ ਛੱਡ ਕੇ ਪੰਜਾਬ ਦੀ ਹਾਕਮ ਧਿਰ ਨਾਲ ਜਾ ਖੜ੍ਹੇ ਹਨ ਜਾਂ ਫਿਰ ਹਾਲ ਦੀ ਘੜੀ ਚੁੱਪ ਹੀ ਭਲੀ ਦੇ ਹਾਮੀ ਹਨ। ਕੁੱਲ ਮਿਲਾ ਕੇ ਹਾਕਮ ਧਿਰ ਦੇ ਧੜੇ ਨਕਦ ਰਕਮ ਦੇ ਕੇ ਸਰਪੰਚੀ ਦੀ ਖੜ੍ਹੀ ਮਾਲੀ ਜਿੱਤਣ ਦੇ ਦਾਅਵਿਆਂ ਦੇ ਨਾਲ-ਨਾਲ ਕੁਝ ਉਮੀਦਵਾਰਾਂ ਨੇ ਇੱਕ ਸਾਲ ਤੋਂ ਸਰਪੰਚੀ ਜਿੱਤਣ ਦਾ ਹਰ ਹਰਬਾ ਵਰਤਿਆ ਜਾ ਰਿਹਾ ਹੈ। ਲਾਲ-ਪਰੀ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਨੇ ਕਈਆਂ ਦੇ ਖਰਚੇ ਪੱਖੋਂ ਛੱਕੇ ਛੁਡਵਾ ਰੱਖੇ ਹਨ ਅਤੇ ਕਈਆਂ ਨੂੰ ਹਾਕਮਾਂ ਦੇ ਪੀ ਏ, ਸੰਤਰੀਆਂ ਅਤੇ ਸਰਕਾਰੀ ਅਧਿਕਾਰੀਆਂ ਦੀਆਂ ਨਿੱਤ ਦੀਆਂ ਵਗਾਰਾਂ ਨੇ ਕੱਖੋਂ ਹੌਲੇ ਕਰ ਛੱਡਿਆ ਹੈ। ਦੂਸਰੇ ਪਾਸੇ ਕੈਪਟਨ ਸਰਕਾਰ ਦਾ ਪੰਚਾਇਤੀ ਚੋਣਾਂ ਦੇ ਐਲਾਨ ਦਾ "ਊਠ ਦਾ ਬੁੱਲ੍ਹ" ਡਿੱਗਣ ਵਿਚ ਹੀ ਨਹੀਂ ਆ ਰਿਹਾ, ਜਿਸ ਨੇ ਸਰਪੰਚੀ ਦੇ ਉਮੀਦਵਾਰਾਂ ਨੂੰ ਆਰਥਿਕ ਤੌਰ ਉਤੇ ਹੰਭਾ ਛੱਡਿਆ ਹੈ। ਭਾਵੇਂ ਕਿ ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ 'ਚ ਅਕਤੂਬਰ 2018 ਦੀ ਅਖੀਰ ਤਕ ਪੰਚਾਇਤੀ, ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਕਰਨ ਕੀਤਾ ਗਿਆ ਹੈ ਪਰ ਅਜੇ ਅਧਿਕਾਰਤ ਫੈਸਲੇ ਦੀ ਉਡੀਕ ਹੈ। ਦੂਸਰੇ ਪਾਸੇ ਕਈ ਸਿਆਸੀ ਪੰਡਿਤ ਪੰਚਾਇਤ ਦੀਆਂ ਚੋਣਾਂ ਲੋਕ ਸਭਾ ਦੀਆਂ ਚੋਣਾਂ ਦੇ ਬਾਅਦ ਤਕ ਹੋਣ ਦੀਆਂ ਭਵਿੱਖਬਾਣੀਆਂ ਵੀ ਕਰ ਰਹੇ ਹਨ ਜੋ ਕਿ ਸਰਪੰਚੀ ਦੇ ਦਾਅਵੇਦਾਰਾਂ ਦਾ ਤਰਾਹ ਕੱਢ ਰਹੇ ਹਨ।

# ਆਰਐਸਐਸ ਦਾ 'ਹੀਰੋ' ਮੇਜਰ ਗੋਗੋਈ 'ਬਦਕਾਰੀ' ਦੇ ਮਾਮਲੇ ਵਿਚ ਫਸਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਦੇ ਕੱਟੜਵਾਦੀ ਹਿੰਦੂਆਂ ਦਾ ਚਹੇਤਾ ਫ਼ੌਜੀ ਅਫਸਰ 'ਬਦਕਾਰੀ' ਦੇ ਮਾਮਲੇ 'ਚ ਕਾਨੂੰਨੀ ਚੱਕਰ ਵਿਚ ਫਸ ਗਿਆ ਹੈ। ਜੰਮੂ-ਕਸ਼ਮੀਰ ਵਿਚ ਪੱਥਰਬਾਜ਼ਾਂ ਤੋਂ ਬਚਣ ਲਈ ਇਕ ਨੌਜਵਾਨ ਨੂੰ ਫ਼ੌਜੀ ਜੀਪ ਅੱਗੇ ਮਨੁੱਖੀ ਢਾਲ ਵਜੋਂ ਬੰਨ੍ਹਣ ਕਾਰਨ ਚਰਚਾ ਵਿੱਚ ਆਏ ਥਲ ਸੈਨਾ ਦੇ ਮੇਜਰ ਲੀਤੁਲ ਗੋਗੋਈ ਖ਼ਿਲਾਫ਼ ਅਨੁਸ਼ਾਸਨੀ ਕਰਵਾਈ ਦਾ ਰਾਹ ਸਾਫ਼ ਹੋ ਗਿਆ ਹੈ। ਫ਼ੌਜ ਦੇ ਅਧਿਕਾਰੀਆਂ ਮੁਤਾਬਕ ਉਸ ਨੂੰ ਇਕ ਫ਼ੌਜੀ ਅਦਾਲਤ ਨੇ ਇਕ ਔਰਤ ਨਾਲ 'ਨੇੜਤਾ ਕਾਇਮ ਕਰਨ' ਦਾ ਦੋਸ਼ੀ ਕਰਾਰ ਦਿੱਤਾ ਹੈ।



ਬ੍ਰਿਗੇਡੀਅਰ ਰੈਂਕ ਦੇ ਇਕ ਅਧਿਕਾਰੀ ਦੀ ਅਗਵਾਈ ਵਾਲੀ ਕੋਰਟ ਆਫ਼ ਇਨਕੁਆਰੀ ਨੇ ਆਪਣੀ ਰਿਪੋਰਟ ਇਸੇ ਮਹੀਨੇ ਦਾਖ਼ਲ ਕਰਵਾ ਦਿੱਤੀ ਸੀ, ਜਿਸ ਵਿਚ ਮੇਜਰ ਗੋਗੋਈ ਨੂੰ ਇਕ ਮੁਕਾਮੀ ਔਰਤ ਨਾਲ 'ਨੇੜਤਾ ਕਾਇਮ ਕਰਨ' ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ, ਹਾਲਾਂਕਿ ਵਾਦੀ ਵਿੱਚ ਤਾਇਨਾਤ ਫ਼ੌਜੀ ਅਧਿਕਾਰੀਆਂ ਨੂੰ ਅਜਿਹਾ ਨਾ ਕਰਨ ਦੇ ਹੁਕਮ ਹਨ। ਫ਼ੌਜੀ ਅਧਿਕਾਰੀ ਆਪਣੇ ਸੇਵਾ ਨਿਯਮਾਂ ਤਹਿਤ ਜੰਮੂ-ਕਸ਼ਮੀਰ ਵਰਗੇ ਅਪਰੇਸ਼ਨਲ ਇਲਾਕੇ ਵਿਚ ਬਿਨਾਂ ਇਜਾਜ਼ਤ 'ਆਪਣੀ ਡਿਊਟੀ ਵਾਲੀ ਥਾਂ ਤੋਂ ਦੂਰ ਵੀ ਨਹੀਂ' ਜਾ ਸਕਦੇ।

ਮੇਜਰ ਗੋਗੋਈ ਨੂੰ ਬੀਤੀ 23 ਮਈ ਨੂੰ ਇਕ 18 ਸਾਲਾ ਮੁਕਾਮੀ ਮੁਟਿਆਰ ਨਾਲ ਸ੍ਰੀਨਗਰ ਦੇ ਇਕ ਹੋਟਲ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਿਆਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲੀਸ ਨੇ ਉਸ ਨੂੰ ਕੁਝ ਸਮੇਂ ਲਈ ਆਪਣੀ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਫ਼ੌਜ ਹਵਾਲੇ ਕਰ ਦਿੱਤਾ ਸੀ। ਅਧਿਕਾਰੀਆਂ ਮੁਤਾਬਕ ਉਸ ਨੂੰ ਇਸ ਮਾਮਲੇ ਵਿੱਚ ਸਖ਼ਤ ਸਜ਼ਾ ਦਿੱਤੀ ਜਾ ਸਕਦੀ ਹੈ, ਜਿਸ ਵਿੱਚ ਸੇਵਾ ਤੋਂ ਬਰਤਰਫ਼ੀ ਵੀ ਹੋ ਸਕਦੀ ਹੈ। ਉਸ ਵੱਲੋਂ ਨੌਜਵਾਨ ਨੂੰ ਮਨੁੱਖੀ ਢਾਲ ਬਣਾਏ ਜਾਣ ਦੀ ਘਟਨਾ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਸਮੇਂ ਅਪਰੈਲ 2017 ਵਿੱਚ ਵਾਪਰੀ ਸੀ।

# ਹਰ ਵਰ੍ਹੇ 28 ਲੱਖ ਤੋਂ ਵੱਧ ਲੋਕਾਂ ਦੀ ਜਾਨ ਡੀਕ ਜਾਂਦੀ ਹੈ ਸ਼ਰਾਬ

**ਲੰਡਨ/ਬਿਊਰੋ ਨਿਊਜ਼ :** ਸ਼ਰਾਬ ਸਿਹਤ ਲਈ ਹਾਨੀਕਾਰਕ ਹੁੰਦੀ ਹੈ, ਹੁਣ ਇਸ ਤੱਥ ਤੋਂ ਸਾਰੇ ਹੀ ਵਾਕਫ਼ ਹਨ। ਇਸ ਨਾਲ ਜੁੜੇ ਇੱਕ ਅਧਿਐਨ ਵਿੱਚ ਕੁਝ ਹੈਰਾਨਕੁੰਨ ਅੰਕੜੇ ਸਾਹਮਣੇ ਆਏ ਹਨ। ਖੋਜਕਾਰਾਂ ਨੇ ਦੱਸਿਆ ਕਿ ਹਰ ਸਾਲ ਸ਼ਰਾਬ ਕਾਰਨ ਕੈਂਸਰ ਤੇ ਦਿਲ ਨਾਲ ਸਬੰਧਤ ਬੀਮਾਰੀਆਂ ਸਮੇਤ ਸੜਕ ਹਾਦਸਿਆਂ ਕਾਰਨ ਦੁਨੀਆ ਭਰ ਵਿੱਚ 28 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੁੰਦੀ ਹੈ। ਖੋਜਕਾਰਾਂ ਨੂੰ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਥੋੜ੍ਹੀ ਮਾਤਰਾ ਵਿਚ ਅਲਕੋਹਲ ਲੈਣ ਨਾਲ ਲੋਕਾਂ ਦੀ ਸਿਹਤ ਠੀਕ ਰਹਿੰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਜਿਹੇ ਵੀ ਕੋਈ ਸਬੂਤ ਨਹੀਂ ਮਿਲੇ ਕਿ ਸ਼ਰਾਬ ਪੀਣ ਨਾਲ ਵਿਅਕਤੀ ਤੰਦਰੁਸਤ ਰਹਿ ਸਕਦਾ ਹੈ। ਵਿਸਤ੍ਰਿਤ ਖੋਜ ਅਨੁਸਾਰ ਕਦੇ-ਕਦੇ ਸ਼ਰਾਬ ਪੀਣੀ ਵੀ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ। ਲਾਂਸੇਟ ਮੈਡੀਕਲ ਰਸਾਲੇ ਵਿਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਸਾਲ 2016 ਵਿਚ ਸ਼ਰਾਬ ਕਾਰਨ 28 ਲੱਖ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ।

## ਝੂਠਾ ਪੁਲਿਸ ਮੁਕਾਬਲਾ : 26 ਸਾਲ ਬਾਅਦ ਸ਼ੁਰੂ ਹੋ ਰਹੀ ਹੈ ਸੁਣਵਾਈ

**ਤਰਨ ਤਾਰਨ/ਬਿਊਰੋ ਨਿਊਜ਼ :**
ਖਾੜਕੂਵਾਦ ਸਮੇਂ ਸਾਲ 1992 'ਚ ਤਰਨ ਤਾਰਨ ਦੇ ਥਾਣਾ ਸਰਹਾਲੀ ਦੀ ਪੁਲਿਸ ਖਿਲਾਫ ਝੂਠੇ ਪੁਲਿਸ ਮੁਕਾਬਲੇ ਦਾ ਕੇਸ ਸ਼ੁਰੂ ਹੋ ਗਿਆ ਹੈ। ਦੋਸ਼ ਹੈ ਕਿ ਪੁਲਿਸ ਨੇ ਘਨੂੰਪੁਰ ਤੋਂ ਸਰਕਾਰੀ ਅਧਿਆਪਕ ਅਤੇ ਉਸ ਦੇ ਸਹੁਰੇ ਸੁਤੰਤਰਤਾ ਸੰਗਰਾਮੀ ਨੂੰ ਚੁੱਕ ਕੇ ਮਾਰਨ ਤੋਂ ਬਾਅਦ ਲਾਸ਼ਾਂ ਨੂੰ ਖੁਰਦ-ਬੁਰਦ ਕਰ ਦਿੱਤਾ ਸੀ। ਮਾਮਲੇ 'ਚ ਸੀਬੀਆਈ. ਦੀ ਮੋਹਾਲੀ ਅਦਾਲਤ 'ਚ ਉਸ ਸਮੇਂ ਦੇ ਥਾਣਾ ਸਰਹਾਲੀ ਦੇ ਐੱਸਐੱਚਓ. ਸੁਰਿੰਦਰਪਾਲ ਸਿੰਘ ਤੇ ਹੋਰਨਾਂ ਖ਼ਿਲਾਫ਼ ਦਰਜ ਕੀਤੇ ਮਾਮਲੇ ਦੀ ਸੁਣਵਾਈ ਸ਼ੁਰੂ ਹੋਣ ਤੋਂ ਬਾਅਦ ਬਜ਼ੁਰਗ ਅਵਸਥਾ 'ਚ ਆ ਚੁੱਕੀ ਸੁਖਵੰਤ ਕੌਰ ਨਾਂਅ ਦੀ ਔਰਤ ਨੂੰ ਆਪਣੇ ਪਤੀ ਤੇ ਪਿਤਾ ਦੀ ਪੁਲਿਸ ਤਸ਼ੱਦਦ ਕਾਰਨ ਹੋਈ ਮੌਤ ਦੇ ਮਾਮਲੇ 'ਚ 26 ਸਾਲ ਬਾਅਦ ਇਨਸਾਫ਼ ਦੀ ਆਸ ਬੱਝੀ ਹੈ।

ਖਾੜਕੂਵਾਦ ਦੇ ਕਾਲੇ ਦੌਰ ਦੌਰਾਨ ਸੁਖਵੰਤ ਕੌਰ ਆਪਣੇ ਪਤੀ, ਪਿਤਾ ਤੋਂ ਇਲਾਵਾ ਆਪਣੇ ਇਕ ਪੁੱਤਰ ਨੂੰ ਵੀ ਗਵਾ ਚੁੱਕੀ ਹੈ, ਜਿਸ ਨੂੰ ਪੁਲਿਸ ਵਲੋਂ ਮੁਕਾਬਲੇ 'ਚ ਮਾਰ ਕੇ ਉਸ ਨੂੰ ਲਾਵਾਰਸ ਕਰਾਰ ਦਿੰਦਿਆਂ ਸਸਕਾਰ ਕਰ ਦਿੱਤਾ ਸੀ। ਸਰਕਾਰੀ ਅਧਿਆਪਕਾ ਵਜੋਂ ਸੇਵਾ-ਮੁਕਤ ਹੋਈ ਸੁਖਵੰਤ ਕੌਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਭਾਵੇਂ ਸਰੀਰ ਦੇ ਨਾਲ-ਨਾਲ ਉਸ ਦੀਆਂ ਅੱਖਾਂ ਵੀ ਬੁੱਢੀਆਂ ਹੋ ਚੁੱਕੀਆਂ ਹਨ ਪਰ ਉਸ ਦਾ ਦ੍ਰਿੜ੍ਹ ਨਿਸ਼ਚਾ ਉਸ ਦੇ ਜਿਉਂਦੇ ਜੀਅ ਆਪਣੇ ਬੇਕਸੂਰ ਪਤੀ ਤੇ ਪਿਤਾ ਦੇ ਕਾਤਲ ਨੂੰ ਸਜ਼ਾ ਹੋਈ ਦੇਖਣਾ ਚਾਹੁੰਦਾ ਹੈ। ਸੁਖਵੰਤ ਕੌਰ ਦਾ ਕਹਿਣਾ ਹੈ ਕਿ ਉਸ ਨੇ ਲੰਬਾ ਸਮਾਂ ਇਨਸਾਫ਼ ਲਈ ਇੰਤਜ਼ਾਰ ਕੀਤਾ ਹੈ।

## ਤੱਥਾਂ ਤੇ ਗਵਾਹੀਆਂ ਦੇ ਨਾਲ ਪੰਥ ਦੇ ਦਰਦ ਦੀ ਬਾਤ ਵੀ ਪਾ ਗਿਆ ਜਸਟਿਸ ਰਣਜੀਤ ਸਿੰਘ

*ਸ.ਫਾ 11 ਦੀ ਬਾਕੀ*

ਪਤਾ ਲੱਗਿਆ ਕਿ ਸਾਰਾ ਕਾਰਾ ਸਿਰਸੇ ਵਾਲੇ ਸਾਧ ਦੇ ਕਥਿਤ ਪ੍ਰੇਮੀਆਂ ਦਾ ਹੀ ਕੀਤਾ ਹੋਇਆ ਸੀ।" ਕਮਿਸ਼ਨ ਨੇ ਪਿੰਡ ਬੁਰਜ ਜਵਾਹਰ ਸਿੰਘਵਾਲਾ ਦੇ ਡੇਰਾ ਪ੍ਰੇਮੀ ਗੁਰਦੇਵ ਸਿੰਘ ਦਾ ਜ਼ਿਕਰ ਕੀਤਾ ਹੈ, ਜਿਸ ਦਾ ਜੂਨ ੨੦੧੬ ਵਿਚ ਕਤਲ ਹੋ ਗਿਆ ਸੀ। ਕਮਿਸ਼ਨ ਨੇ ਗੁਰਦੇਵ ਸਿੰਘ ਦਾ ਜ਼ਿਕਰ ਕਰਦੇ ਹੋਏ ਲਿਖਿਆ ਕਿ, "ਕਈ ਗਵਾਹਾਂ ਨੇ ਦੱਸਿਆ ਕਿ ਗੁਰਦੇਵ ਸਿੰਘ ਗੁਰੂ ਸਾਹਿਬ ਬਾਰੇ ਅਕਸਰ ਭੱਦੀ ਸ਼ਬਦਾਵਲੀ ਬੋਲਦਾ ਸੀ, ਇਸ ਕਰਕੇ ਸਭ ਨੂੰ ਉਸ ਉਤੇ ਸ਼ੱਕ ਸੀ ਪਰ ਪੁਲਿਸ ਨੇ ਕਦੇ ਵੀ ਗੁਰਦੇਵ ਸਿੰਘ ਤੋਂ ਗੰਭੀਰਤਾ ਨਾਲ ਪੁੱਛਗਿੱਛ ਨਹੀਂ ਕੀਤੀ।"

ਸਰਕਾਰੀ ਕਮਿਸ਼ਨ ਦੀਆਂ ਸੰਵਿਧਾਨਿਕ ਸੀਮਾਵਾਂ ਵਿਚ ਬੰਨ੍ਹਿਆਂ ਇਕ ਕਾਨੂੰਨ ਦਾ ਬੰਦਾ ਆਖਰ ਹਰ ਗੱਲ ਕਾਨੂੰਨ ਦੇ ਦਾਇਰੇ ਤੇ ਮਾਪਦੰਡਾਂ ਦੇ ਮਾਤਹਿਤ ਰਹਿ ਕੇ ਹੀ ਕਰ ਸਕਦਾ ਹੈ। ਇਹੋ ਉਸਦਾ ਫਰਜ਼ ਹੁੰਦਾ ਹੈ। ਪਰ ਫਰਜ਼ ਦੇ ਨਾਲ-ਨਾਲ ਆਪਣੇ ਲੋਕਾਂ ਜਾਂ ਪੀੜਤਾਂ ਦੇ ਮਨ ਦੀ ਥਾਹ ਪਾ ਕੇ ਉਨ੍ਹਾਂ ਦੀ ਪੀੜ ਨੂੰ ਬੋਲ ਦੇਣ ਦੀ ਕਲਾ ਦਾ ਵੱਲ ਸ਼ਾਇਦ ਹਰੇਕ ਨੂੰ ਨਹੀਂ ਹੁੰਦਾ। ਜਸਟਿਸ ਰਣਜੀਤ ਸਿੰਘ ਅਜਿਹੀ ਹੀ ਇਕ ਮੂਕ ਪੀੜ ਨੂੰ ਜ਼ਬਾਨ ਦਿੰਦਾ ਹੋਇਆ ਲਿਖਦਾ ਹੈ, ਕਿ "ਜਦੋਂ ਡੇਰਾ ਪ੍ਰੇਮੀ ਗੁਰਦੇਵ ਸਿੰਘ ਦਾ ਕਤਲ ਹੋ ਗਿਆ ਤਾਂ ਪੰਜਾਬ ਪੁਲਸ ਨੇ ਉਸ ਦੀ ਪਤਨੀ ਨੂੰ ਨੌਕਰੀ ਦੇ ਦਿੱਤੀ, ਜਦੋਂਕਿ ਬਹਿਬਲ ਕਲਾਂ ਵਿਚ ਮਾਰੇ ਗਏ ਦੋ ਸਿੱਖਾਂ ਦੇ ਪਰਿਵਾਰਾਂ ਪ੍ਰਤੀ ਸਰਕਾਰ ਨੇ ਕੋਈ ਜ਼ਿੰਮੇਵਾਰੀ ਨਹੀਂ ਨਿਭਾਈ। ਲਗਦਾ ਹੈ ਕਿ ਡੇਰਾ ਪ੍ਰੇਮੀਆਂ ਤੇ ਡੇਰੇ ਦਾ ਡਰ ਇੰਨਾ ਜ਼ਿਆਦਾ ਸੀ ਕਿ ਪੁਲਿਸ ਬਲਾਂ ਕੋਲ ਇਸ ਨੂੰ ਸਹਿਣ ਕਰਨ ਅਤੇ ਡੇਰਾ ਪ੍ਰੇਮੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਸ਼ਕਤੀ ਹੀ ਨਹੀਂ ਸੀ ਬਚੀ।"

ਸਿੱਖਾਂ ਵਾਸਤੇ "ਗੁਰੂ ਤੋਂ ਪਰ੍ਹੇ ਸਭ ਉਜਾੜ" ਵਾਲੀ ਕਹਾਵਤ ਸਦੀਵੀ ਸੱਚ ਹੈ। ਕੌਮ ਦੇ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਹੈ , ਕੌਮ ਨੂੰ ਡਾਂਗਾਂ -ਗੋਲੀਆਂ ਮਾਰੀਆਂ ਗਈਆਂ ਤੇ ਪਿੱਠ ਵਿਚ ਛੁਰਾ ਮਾਰਿਆ ਗਿਆ ਹੈ । ਜੋ ਸਖਸ਼ ਪੰਥ ਦੇ ਨਾਮ ਉਤੇ ਸਿਆਸਤ ਕਰਕੇ ਪੰਜ ਵਾਰ ਮੁੱਖ ਮੰਤਰੀ ਦੀ ਉਚ ਰੁਤਬੇ ਵਾਲੀ ਕੁਰਸੀ ਤਕ ਪਹੁੰਚਿਆ ਹੋਵੇ ਤਾਂ ਉਸ ਕੋਲੋਂ ਅਜਿਹੀ ਉਮੀਦ ਤਾਂ ਸੁਪਨੇ ਵਿਚ ਵੀ ਸੋਚੀ ਨਹੀਂ ਜਾ ਸਕਦੀ। ਕੌਮ ਦੇ ਅੰਤਰਮਨ ਵਿਚਲੀ ਟੀਸ ਦੇ ਰੋਹ ਨੂੰ ਜਾਗ ਲਾਉਣ ਵਾਸਤੇ ਰਿਪੋਰਟ ਵਿਚ ਇਕ ਹੋਰ ਬਹੁਤ ਹੀ ਭਾਵਪੂਰਨ ਤੇ ਦਾਰਸ਼ਨਿਕ ਪੱਧਰ ਦੀ ਟਿੱਪਣੀ ਕੀਤੀ ਮਿਲਦੀ ਹੈ। ਇਹ ਘਟਨਾਵਾਂ ਦੇ ਇਤਫਾਕ ਨੂੰ ਲੈ ਕੇ ਹੈ। ਜਸਟਿਸ ਸਵਾਲ ਖੜ੍ਹਾ ਕਰਦਾ ਹੈ, ਕਿ "੧੨ ਅਕਤੂਬਰ ਨੂੰ ਲੁਧਿਆਣੇ ਵਿਚ ਸਰਬੱਤ ਖ਼ਾਲਸਾ ਦੇ ਸਬੰਧ ਵਿਚ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਹਟਾਉਣ ਵਾਸਤੇ ਮੀਟਿੰਗ ਬੁਲਾਈ ਗਈ। ਇਸੇ ਦਿਨ ਕਿਸੇ ਨੇ ਬਰਗਾੜੀ ਵਿਚ ਗੁਰੂ ਸਾਹਿਬ ਦੇ ਅੰਗ ਖਿਲਾਰ ਦਿੱਤੇ। ਕੀ ਇਹ ਇਤਫਾਕ ਸੀ ? ਇੱਕ ਵਾਰ ਮੁੜ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਵਿਰੁੱਧ ਹੋ ਰਹੇ ਸਰਬੱਤ ਖ਼ਾਲਸਾ ਵਾਸਤੇ ਸੱਦੀ ਗਈ ਮੀਟਿੰਗ ਵਾਲੇ ਦਿਨ ਮੁੜ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰੇ ਗਏ। ੧੬ ਅਕਤੂਬਰ ਨੂੰ ਅਕਾਲ ਤਖਤ ਨੇ ਡੇਰਾ ਮੁਖੀ ਨੂੰ ਦਿੱਤੀ ਮੁਆਫੀ ਵਾਪਸ ਲਈ ਅਤੇ ੧੯ ਅਕਤੂਬਰ ਨੂੰ ਫਿਰ ਕਿਸੇ ਨੇ ਗੁਰੂ ਸਾਹਿਬ ਦੇ ਅੰਗ ਪਿੰਡ ਗੁਰੂਸਰ ਵਿਚ ਖਿਲਾਰ ਦਿੱਤੇ। ਸਰਬੱਤ ਖ਼ਾਲਸਾ ਤੋਂ ਪਹਿਲਾਂ ੪ ਨਵੰਬਰ ਨੂੰ ਫੇਰ ਮੱਲ ਕੇ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਖਿਲਾਰੇ ਗਏ। ਜੇਕਰ ਇਹ ਵੀ ਇਤਫਾਕ ਸੀ ਤਾਂ ਫਿਰ ਇਹ ਇਤਫਾਕਾਂ ਦੀ ਹੱਦ ਹੀ ਸੀ।" ਜਸਟਿਸ ਦੇ ਇਸ ਵਿਅੰਗ ਨੇ ਬੇਅਦਬੀ ਦੇ ਸਾਰੇ ਘਟਨਾਕ੍ਰਮ ਦਾ ਨਿਚੋੜ ਕੱਢ ਕੇ ਸਭ ਦੇ ਸਾਹਮਣੇ ਲਿਆ ਧਰਿਆ ਹੈ। ਸਰਕਾਰ ਤੇ ਬਾਦਲਾਂ ਦਾ ਦੁੰਮ-ਛੱਲਾ ਬਣ ਕੇ ਵਿਚਰ ਰਹੀਆਂ ਸਿੱਖ ਸੰਸਥਾਵਾਂ ਨੂੰ ਸ਼ਾਇਦ ਇਹ ਵਿਅੰਗ ਬਹੁਤਾ ਕੌੜਾ ਲੱਗੇ ਕਿਉਂਕਿ ਉਹ ਇਸ ਸੱਚ ਦੇ ਰੁਬਰੂ ਹੋਣ ਦਾ ਦਿਲ-ਗੁਰਦਾ ਕਦੋਂ ਦਾ ਗੁਆ ਚੁੱਕੀਆਂ ਹਨ।

ਜਦੋਂ ਸਾਰਾ ਪੰਜਾਬ ਸਰਕਾਰੀ ਸ਼ਹਿ ਉਤੇ ਭੂਤਰੇ ਸਿਰਸੇਵਾਲੇ ਸਾਧ ਦੀਆਂ ਆਪ-ਹੁਦਰੀਆਂ ਦਾ ਸ਼ਿਕਾਰ ਬਣਿਆਂ ਬੇਵੱਸ ਹੋ ਕੇ ਵੇਖ ਰਿਹਾ ਸੀ ਤਾਂ ਇਨ੍ਹਾਂ ਪਲਾਂ ਨੂੰ ਫੜਨ ਦਾ ਜ਼ਿੰਮਾ ਵੀ ਜਸਟਿਸ ਨੇ ਪੂਰੀ ਰੂਹਦਾਰੀ ਨਾਲ ਨਿਭਾਇਆ ਹੈ। ਉਹ ਲਿਖਦੇ ਹਨ, ਕਿ "ਲਗਭਗ ਸਾਰੇ ਪੁਲਸ ਅਫਸਰਾਂ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਕੀ ਕਦੇ ਉਨ੍ਹਾਂ ਨੇ ਬੇਅਦਬੀ ਮਾਮਲੇ ਵਿਚ ਡੇਰਾ ਪ੍ਰੇਮੀਆਂ ਦੀ ਜਾਂਚ ਗੰਭੀਰਤਾ ਨਾਲ ਕੀਤੀ ਤਾਂ ਸਭ ਦਾ ਲਗਭਗ ਇਕੋ ਜਿਹਾ ਜਵਾਬ ਸੀ ਕਿ 'ਨਹੀਂ'।

ਇਸ ਤੋਂ ਇਹ ਲਗਦਾ ਹੈ ਕਿ ਡੇਰਾ ਸਿਰਸਾ ਦਾ ਸਾਮਰਾਜ ਵੱਡਾ ਸੀ ਅਤੇ ਪੰਜਾਬ ਸਰਕਾਰ ਇਸ ਦੇ ਪ੍ਰਭਾਵ ਵਿਚ ਸੀ। ਇਹ ਸਾਰੇ ਹਾਲਾਤ ਉਦੋਂ ਬਦਲੇ ਜਦੋਂ ਡੇਰਾ ਮੁਖੀ ਨੂੰ ਬਲਾਤਕਾਰ ਦੇ ਦੋਸ਼ਾਂ ਵਿਚ ਉਮਰ ਕੈਦ ਦੀ ਸਜ਼ਾ ਹੋ ਗਈ। "

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਸੱਚ ਸਾਹਮਣੇ ਲਿਆ ਦਿੱਤਾ ਹੈ। ਪੰਜਾਬ ਦੇ ਮੌਜੂਦਾ ਹਾਕਮਾਂ ਸਿਰ ਇਤਿਹਾਸ ਦਾ ਕਰਜ਼ ਉਤਾਰਨ ਦਾ ਮੌਕਾ ਆਣ ਖੜ੍ਹਿਆ ਹੈ। ਕਾਂਗਰਸ ਜਮਾਤ ਦੇ ਬੀਤੇ ਵਿਚ ਸਿੱਖ ਕੌਮ ਉਤੇ ਕੀਤੇ ਗਏ ਜ਼ੁਲਮਾਂ ਨੂੰ ਕੋਈ ਭੁਲਾ ਤਾਂ ਨਹੀਂ ਸਕਦਾ ਪਰ ਮੌਜੂਦਾ ਦੌਰ ਵਿਚ ਕਥਿਤ ਆਪਣਿਆਂ ਦੀਆਂ ਗਦਾਰੀਆਂ ਤੋਂ ਆਹਤ ਹੋਈ ਸਿੱਖ ਕੌਮ ਵਾਸਤੇ ਜੇ ਕਾਂਗਰਸ ਸਰਕਾਰ ਕੋਲ ਦੇਣ ਨੂੰ ਕੁਝ ਹੈ, ਤਾਂ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਕੇ ਸਜਾਵਾਂ ਦਿਵਾਉਣ ਦਾ ਹੈ। ਇਸ ਸਾਜਿਸ਼ ਦਾ ਮੁਕੰਮਲ ਪਰਦਾਫਾਸ਼ ਕਰ ਕੇ ਹੀ ਲੋਕਾਂ ਦੇ ਰੋਹ ਨੂੰ ਸ਼ਾਂਤ ਕੀਤਾ ਜਾ ਸਕੇਗਾ। ਜਿਹੜੀਆਂ ਤਾਕਤਾਂ ਨੇ ਇਹ ਕੁਕਰਮ ਪਿੱਛੇ ਰਹਿ ਕੇ ਕਰਵਾਇਆ ਹੈ, ਉਹਨਾਂ ਦੀ ਨਿਸ਼ਾਨਦੇਹੀ ਵੀ ਅਤਿ ਜ਼ਰੂਰੀ ਹੈ। ਅਸੀਂ ਸਾਰੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ "ਪ੍ਰਗਟ ਗੁਰਾਂ ਕੀ ਦੇਹ" ਮੰਨਦੇ ਅਤੇ ਪ੍ਰਵਾਨ ਕਰਦੇ ਹਾਂ। ਹੁਣ ਜਦੋਂ ਗੱਲ ਗੁਰੂ ਦੀ ਆ ਗਈ ਹੈ ਤਾਂਸਮਾਂ ਦੋ ਟੁੱਕ ਫੈਸਲਾ ਲੈਣ ਦਾ ਆ ਗਿਆ ਹੈ।

# 16 ਸਤੰਬਰ ਨੂੰ ਯੂਨੀਅਨ ਸਿਟੀ ਕੈਲੀਫੋਰਨੀਆ 'ਚ ਚੜ੍ਹੇਗਾ ਕਬੱਡੀ ਦਾ ਨਵਾਂ ਸੂਰਜ


ਤਰਲੋਚਨ ਸਿੰਘ ਲੱਛਰ (ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ)


ਬਲਜੀਤ ਸਿੰਘ ਸੰਧੂ (ਬੇਏਰੀਆ ਸਪੋਰਟਸ ਕਲੱਬ)


ਸ਼ੱਬਾ ਥਿਆੜਾ (ਰਾਇਲ ਕਿੰਗਜ਼ ਯੂ.ਐੱਸ.ਏ)


ਪੰਮਾ ਦਿਓਲ


ਸੇਵਾ ਸਿੰਘ ਰੰਧਾਵਾ

(ਕੈਨੇਡਾ ਕਬੱਡੀ ਕਲੱਬ)

**ਐੱਸ ਅਸ਼ੋਕ ਭੌਰਾ**

ਪਿਛਲੇ ਕਰੀਬ ਡੇਢ ਦਹਾਕੇ ਤੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਵਿਸ਼ਵ ਪੱਧਰ 'ਤੇ ਮੁੜ ਉਤਸ਼ਾਹਿਤ ਕਰਨ ਅਤੇ ਨਵੀਆਂ ਲੀਹਾਂ ਪਾਉਣ ਲਈ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਲਗਾਤਾਰ ਕਬੱਡੀ ਦੇ ਮਹਾਂਕੁੰਭ ਕਰਵਾਉਂਦਾ ਆ ਰਿਹਾ ਹੈ। ਇਸ ਵਾਰ 14ਵਾਂ ਵਿਸ਼ਵ ਕਬੱਡੀ ਕੱਪ 16 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਪਹਿਲਾਂ ਨਾਲੋਂ ਵੀ ਦੂਣੇ-ਚੌਗੁਣੇ ਚਾਅ ਨਾਲ ਆਯੋਜਤ ਕਰਨ ਲਈ ਸਰਗਰਮੀਆਂ ਲਗਾਤਾਰ ਜਾਰੀ ਹਨ। ਕਲੱਬ ਦੇ ਮੁੱਖ ਸਰਪ੍ਰਸਤ ਅਮੋਲਕ ਸਿੰਘ ਗਾਖਲ ਅਨੁਸਾਰ ਕਲੱਬ ਵਲੋਂ ਆਪਣੀਆਂ ਵੱਖਰੀਆਂ ਟੀਮਾਂ ਤਿਆਰ ਕਰਕੇ ਵੀ ਵੱਡੀਆਂ ਪ੍ਰਾਪਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਨ੍ਹਾਂ ਵਿਸ਼ਵ ਕਬੱਡੀ ਕੱਪਾਂ ਵਿਚ ਕੌਮਾਂਤਰੀ ਪੰਜਾਬੀ ਕਬੱਡੀ ਖਿਡਾਰੀਆਂ ਨੂੰ ਇਕ ਮੰਚ ਦੇ ਕੇ ਲੱਖਾਂ ਦਰਸ਼ਕਾਂ ਦਾ ਕਬੱਡੀ ਨਾਲ ਜੁੜਿਆ ਹੋਇਆ ਚਾਅ ਵੀ ਪੂਰਾ ਕੀਤਾ ਜਾਂਦਾ ਰਿਹਾ ਹੈ। ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ, ਵਿੱਤ ਸਕੱਤਰ ਜੁਗਰਾਜ ਸਹੋਤਾ ਅਤੇ ਨਰਿੰਦਰ ਸਹੋਤਾ ਅਨੁਸਾਰ ਇਸ ਸਾਰੇ ਕਲੱਬ ਦੀ ਛੇਆਂ ਮਹੀਨਿਆਂ ਦੀ ਨੱਠ ਭੱਜ ਅਤੇ ਲਗਨ ਦਾ ਸਿੱਟਾ ਹੈ ਕਿ ਇਹ ਮੇਲਾ ਵੀ ਨਵੀਆਂ ਪ੍ਰਾਪਤੀਆਂ ਅਤੇ ਨਵੇਂ ਅੰਕੜੇ ਕਬੱਡੀ ਇਤਿਹਾਸ ਦੀ ਝੋਲੀ ਪਾਏਗਾ। ਪਹਿਲੀ ਵਾਰ ਹੈ ਜਦੋਂ ਕਲੱਬ ਵਲੋਂ ਆਪਣੀ ਟੀਮ ਖਿਡਾਉਣ ਦੀ ਬਜਾਏ ਬਾਕੀ ਕਲੱਬਾਂ ਨੂੰ ਆਪਣੇ ਖਿਡਾਰੀਆਂ ਜਰੀਏ ਕਬੱਡੀ ਦੀਆਂ ਨਵੀਂਆਂ ਪੈੜਾਂ ਪਾਉਣ ਦਾ ਖੁੱਲ੍ਹਾ ਮੈਦਾਨ ਦਿੱਤਾ ਜਾ ਰਿਹਾ ਹੈ। ਇਸ ਵਾਰ ਇਸ ਖੇਡ ਮੇਲੇ ਦਾ ਮਹੱਤਵਪੂਰਨ ਹਿੱਸਾ ਬਣਨ ਵਾਲੀਆਂ ਕਲੱਬਾਂ ਬਾਰੇ ਸੰਖੇਪ 'ਚ ਚਰਚਾ ਕਰਦੇ ਹਾਂ।



ਤਾਰੀ ਤੇ ਵਿੱਕੀ ਸੰਮੀਪੁਰੀਆ (ਮਿੱਡ ਵੈਸਟ ਕਬੱਡੀ ਕਲੱਬ)

**14ਵੇਂ ਵਿਸ਼ਵ ਕਬੱਡੀ ਕੱਪ 'ਚ ਭਾਗ ਲੈਣ ਵਾਲੀਆਂ ਕਬੱਡੀ ਕਲੱਬਾਂ**

ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ: ਇਸ ਗੱਲ ਨੂੰ ਕਬੱਡੀ ਇਤਿਹਾਸ ਦੁਹਰਾਉਂਦਾ ਰਹੇਗਾ ਕਿ ਕਿਸੇ ਵੇਲੇ ਲੱਛਰ ਭਰਾਵਾਂ ਤਰਲੋਚਨ ਲੱਛਰ, ਕੁਲਵੰਤ ਸਿੰਘ ਲੱਛਰ ਅਤੇ ਜਸਵਿੰਦਰ ਸਿੰਘ ਲੱਛਰ ਦੀ ਕਬੱਡੀ ਦੇ ਖੇਤਰ ਵਿਚ ਤੂਤੀ ਬੋਲਦੀ ਸੀ। ਇਕ ਤਰ੍ਹਾਂ ਨਾਲ ਲੱਛਰ ਭਰਾ ਕਬੱਡੀ ਦਾ ਟਰੇਡ ਮਾਰਕ ਵੀ ਸਨ। ਇਹ ਉਹੀ ਲੱਛਰ ਭਰਾ ਹਨ, ਜਿਹਨਾਂ ਨੇ ਕਨੇਡਾ 'ਚ ਸ਼ੁਰੂ ਹੋਇਆ ਟੋਰਾਂਟੋ ਵਿਸ਼ਵ ਕੱਪ ਸੰਨ 1991, 92 ਅਤੇ 93 ਲਗਾਤਾਰ ਤਿੰਨ ਵਾਰ ਜਿੱਤ ਕੇ ਕਬੱਡੀ ਦੇ ਇਤਿਹਾਸ ਵਿਚ ਗੂੜ੍ਹੀਆਂ ਪੈੜਾਂ ਪਾਈਆਂ ਸਨ। ਜ਼ਿਕਰਯੋਗ ਹੈ ਕਿ ਬਲਵਿੰਦਰ ਫਿੱਡੂ, ਮੰਗੀ ਸੁਰਖਪੁਰੀਆ, ਮੇਜਰ ਸਿੰਘ ਗਾਖਲ, ਨੇਕੀ ਸਿੱਧੂ, ਛੱਬਾ ਆਦਿ ਕਬੱਡੀ ਦੇ ਧਰੂ ਤਾਰੇ ਲੱਛਰ ਭਰਾਵਾਂ ਦੀ ਹੀ ਦੇਣ ਹਨ। ਡੀਏਵੀ ਕਾਲਜ ਜਲੰਧਰ 'ਚ ਕਬੱਡੀ ਦੀ ਅਕੈਡਮੀ ਚਲਾਉਣ ਵਾਲੇ ਇਹ ਲੱਛਰ ਭਰਾ ਕੁਝ ਵਰ੍ਹਿਆਂ ਪਿੱਛੋਂ ਫਿਰ ਤੋਂ ਕਬੱਡੀ ਦੇ ਖੇਤਰ ਵਿਚ ਪਹਿਲਾਂ ਨਾਲੋਂ ਵੀ ਵੱਧ ਉਤਸ਼ਾਹ ਨਾਲ ਪ੍ਰਵੇਸ਼ ਕਰ ਰਹੇ ਹਨ ਤੇ ਤਰਲੋਚਨ ਸਿੰਘ ਲੱਛਰ ਦਾ ਦਾਅਵਾ ਹੈ ਕਿ ਉਹ ਜੇਤੂ ਟੀਮ ਲੈ ਕੇ ਆ ਰਹੇ ਹਨ। ਉਨ੍ਹਾਂ ਇਸ ਵਾਰ 14ਵਾਂ ਵਿਸ਼ਵ ਕੱਪ ਜਿੱਤ ਕੇ ਲੈ ਜਾਣ ਦਾ ਵੀ ਦਾਅਵਾ ਕੀਤਾ ਹੈ।

**ਬੇ-ਏਰੀਆ ਸਪੋਰਟਸ ਕਲੱਬ :** ਸੰਨ 2007 ਵਿਚ ਰੁੜਕਾ ਕਲਾਂ (ਜਲੰਧਰ) ਵਾਲੇ ਸੰਧੂ ਭਰਾਵਾਂ ਸੁਰਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ ਅਤੇ ਬਲਜੀਤ ਸਿੰਘ ਸੰਧੂ ਨੇ ਬੇ-ਏਰੀਆ ਸਪੋਰਟਸ ਕਲੱਬ ਦਾ ਗਠਨ ਕੀਤਾ ਸੀ ਜਿਸ ਨੂੰ ਦਿਲਬਾਗ ਸਿੰਘ ਸੰਧੂ ਦੀ ਸਰਪ੍ਰਸਤੀ ਹੁਣ ਤੱਕ ਹਾਸਲ ਹੈ। ਇਸ ਕਲੱਬ ਨੇ ਹੁਣ ਤੱਕ 13 ਵਿਸ਼ਵ ਕਬੱਡੀ ਕੱਪ ਹੀ ਜਿੱਤ ਕੇ ਨਹੀਂ ਲਿਆਂਦੇ ਬਲਕਿ ਅੱਜ ਦੇ ਕਈ ਕਬੱਡੀ ਸੁਪਰ ਸਟਾਰ ਖਿਡਾਰੀ ਜਾਂ ਤਾਂ ਇਸ ਕਲੱਬ ਨੇ ਪੁੱਤਾਂ ਵਾਂਗ ਪਾਲੇ ਹਨ ਜਾਂ ਉਹਨਾਂ ਨੂੰ ਵਿਸ਼ਵ ਪੱਧਰ 'ਤੇ ਮੈਚ ਖੇਡਣ ਲਈ ਇਕ ਜੇਤੂ ਮੰਚ ਲੈ ਕੇ ਦਿੱਤਾ ਹੈ। ਇਸ ਵੇਲੇ ਸੰਦੀਪ ਸੰਧੂ ਇਸ ਕਲੱਬ ਦੀ ਟੀਮ ਦਾ ਕਪਤਾਨ ਹੈ ਅਤੇ ਗਾਖਲਾਂ ਦਾ ਭਾਣਜਾ ਤੀਰਥ ਸਿੰਘ ਗਾਖਲ ਬੇ-ਏਰੀਆ ਸਪੋਰਟਸ ਕਲੱਬ ਨੂੰ ਵੀ ਗਾਹੇ ਬਗਾਹੇ ਕਬੱਡੀ ਖੇਡ ਬਾਰੇ ਤਕਨੀਕੀ ਸਲਾਹਾਂ ਦੇਂਦਾ ਰਿਹਾ ਹੈ। ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਯੁਨਾਈਟਡ ਸਪੋਰਟਸ ਕਲੱਬ ਦਾ ਵਿਸ਼ਵ ਕੱਪ ਜਿੱਤਣ ਦਾ ਮਾਣ ਹਾਸਲ ਕਰਦੀ ਆ ਰਹੀ ਹੈ। ਇਸ ਵਾਰ ਵੀ ਸੰਧੂ ਭਰਾਵਾਂ ਨੇ ਵਿਸ਼ਵ ਕੱਪ ਨੂੰ ਜਿੱਤਣ ਦਾ ਦਾਅਵਾ ਕੀਤਾ ਹੈ।

**ਰਾਇਲ ਕਿੰਗ ਯੂਐੱਸਏ. ਯੂਬਾਸਿਟੀ :** ਪੰਜਾਬ ਕਬੱਡੀ ਲੀਗ 'ਚ ਵੱਡੀ ਹਿੱਸੇਦਾਰੀ ਕਰਨ ਵਾਲੇ ਸਰਬਜੀਤ ਸਿੰਘ ਥਿਆੜਾ ਜਿਸ ਨੂੰ ਪੰਜਾਬੀ ਭਾਈਚਾਰੇ ਵਿਚ ਛੱਬਾ ਥਿਆੜਾ ਕਰਕੇ ਜਾਣਿਆ ਜਾਂਦਾ ਹੈ, ਦੀ ਰਾਇਲ ਕਿੰਗ ਯੂਐੱਸਏ ਟੀਮ ਯੂਨਾਈਟਡ ਸਪੋਰਟਸ ਕਲੱਬ ਦੇ ਵਿਸ਼ਵ ਕੱਪ ਵਿਚ ਪੂਰੇ ਧੜੱਲੇ ਨਾਲ ਭਾਗ ਲੈਣ ਜਾ ਰਹੀ ਹੈ। ਇਕ ਸਫਲ ਫਾਰਮਰ ਮੰਨੇ ਜਾਂਦੇ ਸਰਬਜੀਤ ਥਿਆੜਾ ਦੀ ਮਾਂ ਖੇਡ ਕਬੱਡੀ ਨਾਲ ਗੂੜ੍ਹੀ ਸਾਂਝ ਹੈ ਅਤੇ ਉਹ ਪਿਛਲੇ ਕਈ ਵਰ੍ਹਿਆਂ ਤੋਂ ਯੂਬਾ ਸਿਟੀ ਵਿਚ ਕਬੱਡੀ ਦਾ ਵੱਡਾ ਕੱਪ ਵੀ ਕਰਵਾਉਂਦੇ ਆ ਰਹੇ ਹਨ। ਪੰਜਾਬ ਵਿਚ ਨੌਰਥ ਇੰਡੀਆ ਫੈਡਰੇਸ਼ਨ ਵਲੋਂ ਕਰਵਾਏ ਜਾਂਦੇ ਟੂਰਨਾਮੈਂਟਾਂ ਵਿਚ ਸਭ ਤੋਂ ਵੱਧ ਮੈਚ ਜਿੱਤ ਕੇ ਰਾਇਲ ਕਿੰਗਜ਼ ਯੂਐੱਸਏ ਸਾਲ 2018 ਦੀ ਨੰਬਰ ਟੀਮ ਬਣ ਚੁੱਕੀ ਹੈ। ਸੁਰਜੀਤ ਸਿੰਘ ਟੁੱਟ, ਕਮਲਜੀਤ ਹੇਅਰ ਅਤੇ ਛੱਬਾ ਥਿਆੜਾ ਦੀ ਟੀਮ ਪੰਜਾਬ ਵਿਚ ਹੋਈ ਕਬੱਡੀ ਲੀਗ 'ਚ ਦੋ ਵਾਰ ਮਹੱਤਵਪੂਰਨ ਯੋਗਦਾਨ ਪਾ ਚੁੱਕੀ ਹੈ। ਛੱਬਾ ਥਿਆੜਾ ਮੂਲ ਰੂਪ ਵਿਚ ਖੇਡਾਂ ਨੂੰ ਸਮਰਪਿਤ ਹੈ ਤੇ 14ਵੇਂ ਵਿਸ਼ਵ ਕੱਪ ਨੂੰ ਜਿੱਤਣ ਦਾ ਦਾਅਵਾ ਰਾਇਲ ਟੀਮ ਕਿੰਗ ਯੂਐੱਸਏ ਦੀ ਟੀਮ ਵੀ ਕਰ ਰਹੀ ਹੈ।

**ਮਿੱਡ ਵੈਸਟ ਕਬੱਡੀ ਕਲੱਬ :** ਕਬੱਡੀ ਨਾਲ ਹੇਜ ਰੱਖਣ ਵਾਲੇ ਤਾਰੀ ਅਤੇ ਵਿੱਕੀ ਸੰਮੀਪੁਰੀਆ ਕੈਲੇਫੋਰਨੀਆ ਲੰਬਾ ਸਮਾਂ ਵਸ ਕੇ ਸ਼ਿਕਾਗੋ ਚਲੇ ਗਏ ਹਨ ਪਰ ਕੈਲੇਫੋਰਨੀਆ 'ਚ ਰਹਿੰਦਿਆਂ ਉਨ੍ਹਾਂ ਕਬੱਡੀ ਨੂੰ ਵੱਖ-ਵੱਖ ਤਰੀਕਿਆਂ ਨਾਲ ਹਮੇਸ਼ਾ ਪ੍ਰੋਮੋਟ ਕਰਨ ਦਾ ਯਤਨ ਕੀਤਾ ਹੈ। ਉਹ ਲਗਾਤਾਰ ਕਬੱਡੀ ਟੀਮਾਂ ਬਣਾਉਣ ਹੀ ਨਹੀਂ ਆਏ ਸਗੋਂ ਚੰਗੇ ਖਿਡਾਰੀਆਂ ਨੂੰ ਇਕ ਬਿਹਤਰੀਨ ਮਾਹੌਲ ਪੈਦਾ ਕਰਕੇ ਦੇਣ ਦੇ ਯਤਨਾਂ 'ਚ ਵੀ ਲੱਗੇ ਰਹੇ ਹਨ ਤੇ ਕਬੱਡੀ 'ਚ ਖਿਡਾਰੀਆਂ ਦਾ ਜਿਹੜਾ ਲੱਖਾਂ ਰੁਪਏ ਮੁੱਲ ਪਿਆ ਹੈ, ਇਸ ਮਾਣ 'ਚ ਤਾਰੀ ਤੇ ਵਿੱਕੀ ਦਾ ਵੀ ਵੱਡਾ ਯੋਗਦਾਨ ਹੈ। ਫ਼ਖ਼ਰ ਵਾਲੀ ਗੱਲ ਇਹ ਹੈ ਕਿ ਮਿਡ ਵੈਸਟ ਤੋਂ ਕੈਲੇਫੋਰਨੀਆ 16 ਸਤੰਬਰ ਦੇ ਵਿਸ਼ਵ ਕਬੱਡ ਕੱਪ 'ਚ ਤਾਰੀ ਅਤੇ ਵਿੱਕੀ ਦੀ ਟੀਮ ਜਿੱਤ ਪ੍ਰਾਪਤ ਲਈ ਉਤਰੇਗੀ ਤੇ ਦੋਹਾਂ ਨੇ ਵਾਅਦਾ ਕੀਤਾ ਹੈ ਕਿ ਉਹ ਦਰਸ਼ਕਾਂ ਨੂੰ ਬਿਹਤਰੀਨ ਕਬੱਡੀ ਦੇ ਰੰਗ ਦਿਖਾਉਣ ਲਈ ਵਚਨਬੱਧ ਹੋਣਗੇ।

**ਕੈਨੇਡਾ ਕਬੱਡੀ ਕਲੱਬ :** ਸੇਵਾ ਸਿੰਘ ਰੰਧਾਵਾ ਅਤੇ ਪੰਮਾ ਦਿਓਲ ਨੂੰ ਕਬੱਡੀ ਦੇ ਸ਼ੁਦਾਈ ਤੇ ਪਹਿਰੇਦਾਰ ਮੰਨਿਆ ਜਾਂਦਾ ਰਿਹਾ ਹੈ। ਇਹ ਦੋਵੇਂ ਸੰਨ 1991 ਤੋਂ ਕੈਨੇਡਾ 'ਚ ਹੋਣ ਵਾਲੇ ਕਬੱਡੀ ਕੱਪਾਂ ਨਾਲ ਜੁੜੇ ਰਹੇ ਹਨ। ਦੋਹਾਂ ਨੇ ਬਿਹਤਰੀਨ ਖਿਡਾਰੀਆਂ ਨੂੰ ਆਪਣੇ ਯਤਨਾਂ ਨਾਲ ਇੰਡੀਆ ਤੋਂ ਲਿਆ ਕੇ ਵੱਡੇ ਖੇਡ ਮੇਲਿਆਂ ਦਾ ਹਿੱਸਾ ਹੀ ਨਹੀਂ ਬਣਾਇਆ ਸਗੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਨਵਾਂ ਅਧਿਆਇ ਵੀ ਜੋੜਿਆ ਹੈ। ਜ਼ਿਕਰਯੋਗ ਹੈ ਕਿ ਸੇਵਾ ਸਿੰਘ ਰੰਧਾਵਾ ਗਾਖਲ ਭਰਾਵਾਂ ਦੇ ਨਜ਼ਦੀਕੀ ਰਿਸ਼ਤੇਦਾਰ ਹਨ ਅਤੇ ਉਹ ਉਂਝ ਵੀ ਯੂਨਾਈਟਡ ਸਪੋਰਟਸ ਕਲੱਬ ਦੇ ਸਾਰੇ ਖੇਡ ਮੇਲਿਆਂ ਨਾਲ ਨੇੜੇ ਤੋਂ ਜੁੜੇ ਰਹੇ ਹਨ। ਕਬੱਡੀ ਦੀਆਂ ਪੁਰਾਣੀਆਂ ਬਰੀਕੀਆਂ ਅਤੇ ਨਵੀਆਂ ਤਕਨੀਕਾਂ ਰੰਧਾਵਾ ਅਤੇ ਪੰਮਾ ਦਿਓਲ ਨੇ ਆਪਣੀ ਟੀਮ ਨੂੰ ਤਾਂ ਸਿਖਾਈਆਂ ਹੀ, ਸਗੋਂ ਬਹੁਤ ਸਾਰੇ ਖੇਡ ਮੇਲਿਆਂ ਵਿਚ ਜਿੱਤ ਦੇ ਝੰਡੇ ਵੀ ਬੁਲੰਦ ਕੀਤੇ ਹਨ। ਕੈਨੇਡਾ ਦੀ ਟੀਮ ਇਸ ਚੌਧਵੇਂ ਵਿਸ਼ਵ ਕਬੱਡੀ ਕੱਪ ਵਿਚ ਵਿਸ਼ੇਸ਼ ਆਕਰਸ਼ਣ ਬਣੀ ਰਹੇਗੀ ਤੇ ਰੰਧਾਵਾ ਤੇ ਦਿਓਲ ਜਿੱਤ ਦੀ ਆਸ ਨਾਲ ਕੈਨੇਡਾ ਤੋਂ ਇਸ ਵਾਰ ਦਾਅਵੇਦਾਰ ਬਣਨਗੇ।

ਸਾਰੀਆਂ ਹੀ ਕਲੱਬਾਂ ਨੇ 14ਵੇਂ ਵਿਸ਼ਵ ਕਬੱਡੀ ਕੱਪ ਦੇ ਹਰ ਪਲ ਨੂੰ ਮਾਨਣ ਵਾਸਤੇ 16 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

## ਸਿੱਖ ਸਮਾਜ ਵਿੱਚ ਭਰਾਮਾਰੂ ਜੰਗ ਛੇੜਨ ਲਈ ਮਨਜੀਤ ਜੀਕੇ. ਜ਼ਿੰਮੇਵਾਰ

**ਨਿਊਯਾਰਕ/ਟੋਰਾਂਟੋ/ਬਿਊਰੋ ਨਿਊਜ਼ :** ਵਿਦੇਸ਼ਾਂ ਵਿਚ ਘੁੱਗ ਵਸਦੇ ਸਿੱਖ ਭਾਈਚਾਰੇ ਦੇ ਮਾਹੌਲ ਵਿਚ ਕੁੜੱਤਣ ਪੈਦਾ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਮਨਜੀਤ ਜੀਕੇ. ਜ਼ਿੰਮੇਵਾਰ ਹੈ। ਨਿਊਯਾਰਕ ਅਤੇ ਯੂਬਾ ਸਿਟੀ ਵਿਚ ਵਾਪਰੀਆਂ ਘਟਨਾਵਾਂ ਜੀਕੇ. ਦੀ ਗੈਰ ਜ਼ਿੰਮੇਵਾਰਾਨਾ ਬਿਆਨਬਾਜ਼ੀ ਦਾ ਸਿੱਟਾ ਹਨ। ਇਹ ਵਿਚਾਰ ਸਾਂਝੇ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਐਸਏ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਵਲੋਂ ਬਿਆਨ ਦਿੱਤਾ ਗਿਆ ਹੈ। ਬਿਆਨ ਮੁਤਾਬਕ ਨਿਊਯਾਰਕ ਅਤੇ ਯੂਬਾ ਸਿਟੀ ਵਿੱਚ ਜੀਕੇ. ਨੂੰ ਸ਼ੀਸ਼ਾ ਵਿਖਾਉਣ ਵਾਲੀ ਸੰਗਤ ਦਾ ਇਸ ਗੱਲੋਂ ਧੰਨਵਾਦ ਹੈ ਕਿ ਉਨ੍ਹਾਂ ਕਿਸੇ ਪੱਖੋਂ ਵੀ ਪਹਿਲਕਦਮੀ ਨਹੀਂ ਕੀਤੀ ਸਗੋਂ ਸੁਆਲ-ਜੁਆਬ ਕਰਨ ਦੇ ਮਨੋਰਥ ਨਾਲ ਪੁੱਜੇ ਵੀਰਾਂ ਨੂੰ ਗਲਤ ਬਿਆਨਬਾਜ਼ੀ ਕਰਕੇ ਜੀਕੇ. ਅਤੇ ਉਸ ਦੇ ਸਾਥੀਆਂ ਨੇ ਲੜਨ ਲਈ ਮਜਬੂਰ ਕੀਤਾ। ਇਹ ਵਿਚਾਰ ਪ੍ਰਗਟ ਕਰਦਿਆਂ ਸ. ਬੂਟਾ ਸਿੰਘ ਖੜੌਦ, ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਐਸਏ ਨੇ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਹੋਰ ਵੀ ਅਕਾਲੀ ਆਗੂ ਆਉਂਦੇ ਹਨ ਅਤੇ ਆਪਣਾ ਦੌਰਾ ਕਰਕੇ ਵਾਪਿਸ ਚਲੇ ਜਾਂਦੇ ਹਨ, ਕਿਸੇ ਨਾਲ ਕੋਈ ਤਕਰਾਰ ਨਹੀਂ ਹੋਇਆ ਪਰ ਜੀਕੇ. ਸਿੱਖਾਂ ਵਿੱਚ ਭਰਾ ਮਾਰੂ ਜੰਗ ਨੂੰ ਅੰਜ਼ਾਮ ਦੇਣ ਦੇ ਮਕਸਦ ਨਾਲ ਆਉਂਦਾ ਹੈ। ਸੁਖਮਿੰਦਰ ਸਿੰਘ ਹੰਸਰਾ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਨੇ ਕਿਹਾ ਕਿ ਨਿਊਯਾਰਕ ਅਤੇ ਯੂਬਾ ਸਿਟੀ ਵਿੱਚ ਵਾਪਰੀਆਂ ਘਟਨਾਵਾਂ ਦਾ ਜ਼ਿੰਮੇਵਾਰ ਖੁਦ ਜੀਕੇ. ਹੈ ਜਿਸ ਨੇ ਆਪਣੀ ਬਿਆਨਬਾਜ਼ੀ ਵਿੱਚ ਖਾਲਿਸਤਾਨ ਦੀ ਮੁਹਿੰਮ ਖਿਲਾਫ ਘਟੀਆ ਬਿਆਨਬਾਜ਼ੀ ਕੀਤੀ ਹੈ। ਜੀਕੇ. ਵਲੋਂ ਵਰਤੇ ਗਏ ਲਿਖੇ ਨਾ ਜਾ ਸਕਣ ਵਾਲੇ ਅਨੈਤਿਕ ਲਫਜ਼ ਉਸ ਦੀ ਦੁਰਦਸ਼ਾ ਦਾ ਕਾਰਨ ਬਣੇ ਹਨ। ਉਕਤ ਆਗੂਆਂ ਨੇ ਕਿਹਾ ਕਿ ਇਸ ਤੋਂ ਬਾਅਦ ਸੇਨ ਹੋਜ਼ੇ ਗੁਰਦੁਆਰਾ ਆਉਣ ਲਈ ਬਜ਼ਿੱਦ ਜੀਕੇ. ਨੂੰ ਸੰਗਤ ਦੇ ਰੋਹ ਅੱਗੇ ਝੁਕਣਾ ਪਿਆ ਅਤੇ ਸੇਨ ਹੋਜ਼ੇ ਦੇ ਨਾਲ-ਨਾਲ ਫਰਿਜ਼ਨੋ ਗੁਰਦੁਆਰਾ ਸਾਹਿਬ ਜਾਣ ਦੇ ਪ੍ਰੋਗਰਾਮ ਵੀ ਕੈਂਸਲ ਕਰਨੇ ਪਏ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਲੈ ਕੇ ਬਾਦਲ ਦਲ ਦੇ ਸਮੂਹ ਮੈਂਬਰਾਂ ਪ੍ਰਤੀ ਸੰਗਤ ਦੇ ਮਨ੍ਹਾਂ ਅੰਦਰ ਭਾਰੀ ਰੋਹ ਹੈ। ਆਉਣ ਵਾਲੇ ਦਿਨ੍ਹਾਂ ਅੰਦਰ ਅਜਿਹੀਆਂ ਘਟਨਾਵਾਂ ਦੇ ਵਾਪਰਨ ਤੋਂ ਰੋਕਣ ਲਈ ਬਾਦਲ ਦਲ ਦਾ ਮੁਕੰਮਲ ਬਾਈਕਾਟ ਕਰਨ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਹੁਣ ਖਾਲਿਸਤਾਨੀ ਸਫਾਂ ਵਿੱਚ ਵਿਚਰਨ ਵਾਲੇ ਸਮੂਹ ਪੰਥਕ ਲੋਕਾਂ ਨੂੰ ਬਾਦਲ ਦਲੀਆਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ।

## ਬੇਅਦਬੀ ਕਾਂਡ: ਪੰਜਾਬ ਸਰਕਾਰ ਵਲੋਂ 'ਵਿਸ਼ੇਸ਼ ਜਾਂਚ ਟੀਮ' ਬਣਾਉਣ ਦਾ ਐਲਾਨ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਮ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਪੂਰਕ ਰਿਪੋਰਟ ਵਿਚ ਸ਼ਾਮਲ ਕਰਦਿਆਂ ਕੋਟਕਪੂਰਾ ਵਿਚ ਪੁਲੀਸ ਗੋਲੀ ਦੇ ਮਾਮਲੇ 'ਤੇ ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਹੈ। ਇਹ ਰਿਪੋਰਟਾਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਵਿਧਾਨ ਸਭਾ ਵਿਚ ਪੇਸ਼ ਕੀਤੀਆਂ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਚ ਇਹ ਖ਼ੁਲਾਸਾ ਹੋਇਆ ਹੈ ਕਿ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੂਬੇ ਦੇ ਪੁਲਿਸ ਮੁਖੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਲਗਾਤਾਰ ਸੰਪਰਕ 'ਚ ਸਨ। ਉਨ੍ਹਾਂ ਨੂੰ ਇਸ ਦੀ ਜਾਣਕਾਰੀ ਸੀ ਕਿ ਕੋਟਕਪੂਰੇ 'ਚ ਉਸ ਸਮੇਂ ਕੀ ਸਥਿਤੀ ਉਤਪੰਨ ਹੋ ਰਹੀ ਸੀ ਅਤੇ ਇਸ ਸੰਬੰਧੀ ਪੁਲਿਸ ਦੀ ਸੰਭਾਵਿਤ ਕਾਰਵਾਈ ਕੀ ਹੋ ਸਕਦੀ ਸੀ।

ਐਕਸ਼ਨ ਟੇਕਨ ਰਿਪੋਰਟ ਵਿਚ 32 ਸਿਵਲ ਤੇ ਪੁਲੀਸ ਅਫ਼ਸਰਾਂ ਖਿਲਾਫ਼ ਵਿਭਾਗੀ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਵੱਲੋਂ 4 ਪੁਲੀਸ ਅਫ਼ਸਰਾਂ ਵਿਰੁੱਧ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ, ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਵਿਸ਼ੇਸ਼ ਪ੍ਰਮੁੱਖ ਸਕੱਤਰ ਗਗਨਦੀਪ ਸਿੰਘ ਬਰਾੜ ਤੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦਾ ਵੀ ਅਜਿਹੇ ਅਫ਼ਸਰਾਂ ਵਾਲੀ ਸੂਚੀ ਵਿਚ ਨਾਮ ਆਉਂਦਾ ਹੈ ਜਿਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਣੀ ਹੈ।

ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਵੱਲੋਂ ਪੇਸ਼ ਕੀਤੀ ਪਹਿਲੀ ਰਿਪੋਰਟ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨਾਲ ਮੁੰਬਈ ਵਿਚ ਫਿਲਮ ਅਦਾਕਾਰ ਅਕਸ਼ੇ ਕੁਮਾਰ ਨਾਲ ਮੀਟਿੰਗ ਦਾ ਹਵਾਲਾ ਦਿੱਤਾ ਗਿਆ ਹੈ। ਮੀਟਿੰਗ ਵਿੱਚ ਡੇਰਾ ਮੁਖੀ ਦੀ ਫਿਲਮ ਚਲਾਉਣ ਬਾਰੇ ਸਮਝੌਤਾ ਹੋਣ ਦੀ ਗੱਲ ਕਹੀ ਗਈ ਹੈ। ਸਰਕਾਰ ਅਤੇ ਅਕਾਲੀ ਦਲ ਦੀ ਡੇਰਾ ਸਿਰਸਾ ਨਾਲ ਪੂਰੀ ਤਰ੍ਹਾਂ ਗੰਢ-ਤੁੱਪ ਹੋਣ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਡੇਰਾ ਮੁਖੀ ਤੋਂ ਕੇਸ ਵੀ ਵਾਪਸ ਲਏ ਜਾਣੇ ਸਨ ਤੇ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਵੀ ਦਿਵਾ ਦਿੱਤੀ ਗਈ ਸੀ। ਸਰਕਾਰ ਵੱਲੋਂ ਡੇਰਾ ਪ੍ਰੇਮੀਆਂ ਖਿਲਾਫ਼ ਸਬੂਤ ਹੋਣ ਦੇ ਬਾਵਜੂਦ ਨਰਮੀ ਵਰਤੀ ਜਾਂਦੀ ਸੀ ਅਤੇ ਸਿੱਖਾਂ ਖਿਲਾਫ਼ ਪਰਚੇ ਦਰਜ ਕਰ ਦਿੱਤੇ ਜਾਂਦੇ ਸਨ। ਪੜਤਾਲੀਆ ਕਮਿਸ਼ਨ ਨੇ ਬਾਦਲਾਂ ਦੇ ਰਾਜ ਵਿੱਚ ਸਰਕਾਰੀ ਤੰਤਰ ਇੱਕ ਤਰ੍ਹਾਂ ਨਾਲ ਫੇਲ੍ਹ ਹੋਣ ਦਾ ਹੀ ਜ਼ਿਕਰ ਕੀਤਾ ਹੈ। ਵੱਡੇ ਬਾਦਲ ਤਾਂ ਸਦਨ ਵਿੱਚੋਂ ਗੈਰਹਾਜ਼ਰ ਸਨ। ਸਦਨ ਵਿੱਚ ਰਿਪੋਰਟਾਂ ਪੇਸ਼ ਹੋਣ ਸਮੇਂ ਅਕਾਲੀਆਂ ਨੇ ਭਾਵੇਂ ਇਸ ਦਾ ਵਿਰੋਧ ਨਹੀਂ ਕੀਤਾ ਪਰ ਬਾਦਲਾਂ ਵੱਲੋਂ ਰਿਪੋਰਟ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ।

ਫ਼ਰੀਦਕੋਟ ਦੇ ਤਤਕਾਲੀ ਡਿਪਟੀ ਕਮਿਸ਼ਨਰ ਵੱਲੋਂ ਉਸ ਸਮੇਂ ਦੇ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਕੀਤੇ 23 ਐਸਐਮਐਸ ਦਾ ਜ਼ਿਕਰ ਕਰਦਿਆਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਸੀਨੀਅਰ ਅਧਿਕਾਰੀ ਨੇ ਡਿਪਟੀ ਕਮਿਸ਼ਨਰ ਨੂੰ ਕੋਈ ਤਸੱਲੀਬਖ਼ਸ਼ ਜਵਾਬ ਹੀ ਨਹੀਂ ਦਿੱਤਾ। ਥਾਣਾ ਮੁਖੀ ਤੋਂ ਲੈ ਕੇ ਡੀਜੀਪੀ ਤੱਕ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕੀਤੇ ਗਏ ਹਨ ਕਿ ਕਿਵੇਂ ਇਨ੍ਹਾਂ ਸੰਵੇਦਨਸ਼ੀਲ ਘਟਨਾਵਾਂ ਨੂੰ ਅਣਗਹਿਲੀ ਨਾਲ ਨਜਿੱਠਿਆ ਗਿਆ।

ਇਸ ਸਬੰਧੀ ਪੁਲੀਸ ਅਫ਼ਸਰਾਂ ਨੂੰ ਨੋਟਿਸ ਦਿੱਤੇ ਗਏ ਹਨ, ਜਿਨ੍ਹਾਂ ਵਿਚ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ, ਵਧੀਕ ਡੀਜੀਪੀ ਰੋਹਿਤ ਚੌਧਰੀ, ਵਧੀਕ ਡੀਜੀਪੀ ਇਕਬਾਲ ਪ੍ਰੀਤ ਸਿੰਘ ਸਹੋਤਾ, ਵਧੀਕ ਡੀਜੀਪੀ ਜਤਿੰਦਰ ਜੈਨ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਆਈਜੀ ਅਮਰ ਸਿੰਘ, ਐਮ ਐਸ ਛੀਨਾ, ਸਾਬਕਾ ਐਸਐਸਪੀ ਚਰਨਜੀਤ ਸ਼ਰਮਾ, ਰਘਬੀਰ ਸਿੰਘ ਸਾਬਕਾ ਐਸਐਸਪੀ ਮਾਨਸਾ, ਹਰਦਿਆਲ ਸਿੰਘ ਮਾਨ ਸਾਬਕਾ ਐਸਐਸਪੀ ਫਿਰੋਜ਼ਪੁਰ, ਐਸ ਐਸ ਮਾਨ ਸਾਬਕਾ ਐਸਐਸਪੀ ਫ਼ਰੀਦਕੋਟ, ਬਲਜੀਤ ਸਿੰਘ ਸਿੱਧੂ ਸਾਬਕਾ ਡੀਐਸਪੀ ਕੋਟਕਪੂਰਾ, ਜਗਦੀਸ਼ ਬਿਸ਼ਨੋਟੀ ਤਤਕਾਲੀ ਡੀਐਸਪੀ ਅਤੇ ਬਿਕਰਮਜੀਤ ਸਿੰਘ ਤਤਕਾਲੀ ਐਸਪੀ ਦਾ ਨਾਮ ਸ਼ਾਮਲ ਹਨ।

ਪੁਲਿਸ ਕੇਸ ਦਰਜ ਹੋਣ ਵਾਲਿਆਂ ਵਿਚ ਚਰਨਜੀਤ ਸ਼ਰਮਾ ਸਾਬਕਾ ਐਸਐਸਪੀ, ਬਿਕਰਮਜੀਤ ਸਿੰਘ ਸਾਬਕਾ ਐਸਪੀ, ਪ੍ਰਦੀਪ ਕੁਮਾਰ ਇੰਸਪੈਕਟਰ, ਅਮਰਜੀਤ ਸਿੰਘ ਸਬ ਇੰਸਪੈਕਟਰ ਦਾ ਨਾਮ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਉੱਤੇ ਨਿੱਜੀ ਹਮਲੇ ਕੀਤੇ। ਉਨ੍ਹਾਂ ਕਾਂਗਰਸ ਅਤੇ 'ਆਪ' ਵਿਧਾਇਕਾਂ ਵੱਲੋਂ ਬਾਦਲਾਂ ਖਾਲਾਫ਼ ਕਾਰਵਾਈ ਦੀ ਕੀਤੀ ਜਾ ਰਹੀ ਮੰਗ ਦੇ ਜਵਾਬ ਵਿਚ ਕਿਹਾ ਕਿ, "ਬਾਦਲ ਦਾ ਕਿਰਦਾਰ ਹੀ ਅਜਿਹਾ ਹੈ ਜੋ ਕਿਸੇ ਪ੍ਰਕਾਰ ਦੀ ਰਾਹਤ ਦਾ ਹੱਕਦਾਰ ਨਹੀਂ ਹੈ। ਇਤਿਹਾਸ ਇਸ ਵਿਅਕਤੀ ਨੂੰ ਮੁਆਫ਼ ਨਹੀਂ ਕਰੇਗਾ।" ਮੁੱਖ ਮੰਤਰੀ ਨੇ ਬਿਕਰਮ ਸਿੰਘ ਮਜੀਠੀਆ 'ਤੇ ਨਿੱਜੀ ਹਮਲਾ ਕਰਦਿਆਂ ਕਿਹਾ, 'ਮੈਂ ਇਸ ਦੇ ਪੜਦਾਦੇ ਤੋਂ ਲੈ ਕੇ ਪਿਤਾ ਤਕ ਸਾਰੇ ਖਾਨਦਾਨ ਨੂੰ ਜਾਣਦਾ ਹਾਂ। ਇਹ ਇੱਕੋ ਇਹੋ ਜਿਹਾ ਵਿਅਕਤੀ ਹੈ, ਜੋ ਖਾਨਦਾਨ ਵਿਚ ਸਭ ਨਾਲੋਂ ਵੱਖਰਾ ਹੈ। ਉਨ੍ਹਾਂ ਇੱਥੋਂ ਤੱਕ ਕਿਹਾ, 'ਪਤਾ ਨਹੀਂ ਇਹ ਕਿੱਥੋਂ ਆਇਐ'।

ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੀ ਸੂਬਾ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਕਾਰਵਾਈ ਰਿਪੋਰਟ (ਏਟੀਆਰ.) ਦੇ ਨਾਲ ਕਮਿਸ਼ਨ ਦੀ ਰਿਪੋਰਟ ਨੂੰ ਪ੍ਰਵਾਨ ਕਰ ਲਿਆ ਗਿਆ ਸੀ। ਮੰਤਰੀ ਮੰਡਲ ਨੇ ਇਹ ਰਿਪੋਰਟ ਸਦਨ ਵਿੱਚ ਰੱਖੇ ਜਾਣ ਦੀ ਰਸਮੀ ਸਹਿਮਤੀ ਦੇ ਦਿੱਤੀ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਪਿਛਲੇ 10 ਸਾਲਾਂ ਦੇ ਆਪਣੇ ਕੁਕਰਮਾਂ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਇਹ ਢਕਵੰਜ ਕਰ ਰਹੇ ਹਨ। ਉਨ੍ਹਾਂ ਨੇ ਅਕਾਲੀ ਆਗੂਆਂ ਨੂੰ ਰਿਪੋਰਟ ਬਾਰੇ ਬਹਿਸ 'ਚ ਸ਼ਾਮਲ ਹੋਣ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀਆਂ ਨੂੰ ਇਸ ਬਹਿਸ ਤੋਂ ਭੱਜਣਾ ਨਹੀਂ ਚਾਹੀਦਾ ਅਤੇ ਉਹ ਪਿਛਲੇ ਸਮੇਂ ਤੋਂ ਮਹੱਤਵਪੂਰਨ ਮੁੱਦਿਆਂ 'ਤੇ ਅਜਿਹਾ ਕਰਦੇ ਆ ਰਹੇ ਹਨ।

ਉਧਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਵਿਰੋਧੀਆਂ ਨੂੰ ਚਿੱਤ ਕਰਨ ਦੀ ਬਹੁ-ਪਰਚਾਰਿਤ ਰਣਨੀਤੀ ਵਿਧਾਨ ਸਭਾ ਵਿਚ ਬੁਰੀ ਤਰ੍ਹਾਂ ਹਾਰ ਕੇ ਰਹਿ ਗਈ। ਅਕਾਲੀ ਵਿਧਾਨ ਸਭਾ ਵਿਚ ਖੁਦ ਹੀ ਚਿੱਤ ਹੋ ਗਏ ਜਦੋਂ ਉਨ੍ਹਾਂ ਬੇਅਦਬੀ ਮਾਮਲੇ ਬਾਰੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ 'ਤੇ ਬਹਿਸ ਦਾ ਬਾਈਕਾਟ ਕਰ ਦਿੱਤਾ। ਇਸ ਲਈ ਕਾਂਗਰਸ ਤੇ ਵਿਰੋਧੀ ਧਿਰ ਆਮ ਆਦਮੀ ਪਾਰਟੀ ਨੂੰ ਖੁੱਲ੍ਹਾ ਮੈਦਾਨ ਮਿਲ ਗਿਆ ਤੇ ਉਨ੍ਹਾਂ ਨੇ ਪੰਜਾਬ ਦੀ ਜਨਤਾ ਸਾਹਮਣੇ ਅਕਾਲੀ ਦਲ ਦੇ ਪੋਤੜੇ ਫਰੋਲ ਦਿੱਤੇ।

ਦਰਅਸਲ ਕਾਂਗਰਸ ਨੇ ਜਸਟਿਸ ਰਣਜੀਤ ਸਿੰਘ ਰਿਪੋਰਟ 'ਤੇ ਬਹਿਸ ਦਾ ਟੀਵੀ ਚੈਨਲਾਂ 'ਤੇ ਸਿੱਧਾ ਪ੍ਰਸਾਰਣ ਕੀਤਾ ਹੋਇਆ ਸੀ। ਅਕਾਲੀ ਦਲ ਦੀ ਗੈਰ ਹਾਜ਼ਰੀ ਦਾ ਲਾਹਾ ਲੈਂਦੇ ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਦਿਲ ਖੋਲ੍ਹ ਕੇ ਰਗੜੇ ਲਾਏ। ਵਿਧਾਨ ਸਭਾ ਵਿਚ ਅਕਾਲੀ ਦਲ ਨੂੰ ਪੰਥ ਦੇ ਗਦਾਰ ਹੋਣ ਦੇ ਮਿਹਣੇ ਦਿੱਤ ਗਏ। ਸਾਰੇ ਹੀ ਮੈਂਬਰਾਂ ਨੇ ਖਾਸਕਰ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਇਆ।

ਹੈਰਾਨੀ ਉਸ ਵੇਲੇ ਹੋਈ ਜਦੋਂ ਸਦਨ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਅਕਾਲੀ ਵਿਧਾਇਕ ਵਾਕਆਊਟ ਕਰ ਗਏ ਤੇ ਮੁੜ ਕੇ ਵਾਪਸ ਹੀ ਨਾ ਆਏ।ਵਿਧਾਨ ਸਭਾ ਦੀ ਕਾਰਵਾਈ ਵੇਖ ਕੇ ਲੱਗ ਰਿਹਾ ਸੀ ਕਿ ਅਕਾਲੀ ਦਲ ਦਾ ਪੈਂਤੜਾ ਪੁੱਠਾ ਪੈ ਗਿਆ ਹੈ। ਅਕਾਲੀ ਦਲ ਜਸਟਿਸ ਰਣਜੀਤ ਸਿੰਘ ਰਿਪੋਰਟ ਨੂੰ ਬੋਗਸ ਦੱਸ ਰਿਹਾ ਹੈ ਪਰ ਸਦਨ ਵਿੱਚ ਇਹ ਗੱਲ ਰੱਖਣ ਲਈ ਉਨ੍ਹਾਂ ਦਾ ਕੋਈ ਮੈਂਬਰ ਹੀ ਨਹੀਂ ਸੀ। ਬਹਿਸ ਦਾ ਟੀਵੀ ਚੈਨਲਾਂ 'ਤੇ ਸਿੱਧਾ ਪ੍ਰਸਾਰਣ ਹੋਣ ਕਰਕੇ ਜਿੱਥੇ ਇਸ ਦਾ ਸਾਰਾ ਲਾਹਾ ਕਾਂਗਰਸ ਨੂੰ ਮਿਲਿਆ, ਉੱਥੇ ਹੀ ਅਕਾਲੀ ਦਲ ਆਪਣੀ ਗੱਲ ਕਹਿਣ ਵਿਚ ਨਾਕਾਮ ਰਿਹਾ ਹੈ।ਵਿਧਾਨ ਸਭਾ ਵਿਚ ਕੇਬਲ ਨੈੱਟਵਰਕ ਫਾਸਟਵੇਅ ਤੇ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਪੀਟੀਸੀ ਚੈਨਲ ਦਾ ਮਾਮਲਾ ਗੂੰਜਿਆ।

ਪੰਜਾਬ ਵਿਧਾਨ ਸਭਾ ਵਿਚ ਕਾਂਗਰਸ 'ਪੰਥਕ' ਰੰਗ ਵਿਚ ਰੰਗੀ ਨਜ਼ਰ ਆਈ ਤੇ ਸ਼੍ਰੋਮਣੀ ਅਕਾਲੀ ਦਲ 'ਤੇ ਤਾਬੜ-ਤੋੜ ਹਮਲੇ ਕੀਤੇ। ਦਿਲਚਸਪ ਗੱਲ ਇਹ ਰਹੀ ਕਿ ਆਮ ਆਦਮੀ ਪਾਰਟੀ ਤੇ ਲੋਕ ਇਨਸਾਫ ਪਾਰਟੀ ਨੇ ਵੀ ਇਨ੍ਹਾਂ ਹਮਲਿਆਂ ਵਿਚ ਕਾਂਗਰਸ ਦਾ ਡਟ ਕੇ ਸਾਥ ਦਿੱਤਾ। ਅਕਾਲੀ ਦਲ ਦੇ ਵਿਧਾਇਕ ਸ਼ੁਰੂ ਵਿਚ ਹੀ ਮੈਦਾਨ ਛੱਡ ਕੇ ਬਾਹਰ ਚਲੇ ਗਏ। ਇਸ ਲਈ ਸਾਰੀਆਂ ਧਿਰਾਂ ਨੇ ਅਕਾਲੀ ਦਲ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕੈਪਟਨ ਅਮਰਿੰਦਰ ਸਿੰਘ ਦੇ ਨਿਵਾਸ ਸਥਾਨ 'ਤੇ ਉਨ੍ਹਾਂ ਅਤੇ ਸਿੱਖ ਪ੍ਰਚਾਰਕ ਬਲਜੀਤ ਸਿੰਘ ਦਾਦੂਵਾਲ ਵਿਚਕਾਰ ਮੀਟਿੰਗ ਹੋਣ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਲਾਏ ਗਏ ਦੋਸ਼ਾਂ ਦੀ ਜਾਂਚ ਵਾਸਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਸਦਨ ਦੀ ਕਮੇਟੀ ਵੀ ਬਣਾਈ ਗਈ ਹੈ।

ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਸੁਖਬੀਰ ਦੀ ਤਿੱਖੀ ਆਲੋਚਨਾ ਕਰਦੇ ਹੋਏ ਕਿਹਾ ਕਿ ਜੇ ਕਿਸੇ ਮਾਮਲੇ ਵਿੱਚ ਦਾਦੂਵਾਲ ਮੁੱਖ ਮੰਤਰੀ ਨਾਲ ਮਿਲਣੀ ਕਰਦੇ ਹਨ ਤਾਂ ਇਸ ਵਿੱਚ ਕੁਝ ਵੀ ਗਲਤ ਨਹੀਂ ਹੈ। ਉਨ੍ਹਾਂ ਕਿਹਾ ਕਿ ਦਾਦੂਵਾਲ ਧਮਕੀਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਇਸ ਮੁੱਦੇ 'ਤੇ ਮੁੱਖ ਮੰਤਰੀ ਤੱਕ ਪਹੁੰਚ ਕਰਨ ਦਾ ਹਰ ਅਧਿਕਾਰ ਹੈ। ਫੂਲਕਾ ਨੇ ਕਿਹਾ ਕਿ ਅਕਾਲੀ ਦਾਦੂਵਾਲ ਦਾ ਵਿਰੋਧ ਕਰਕੇ ਸਿਰਸੇ ਵਾਲੇ ਦੀ ਮਦਦ ਕਰ ਰਹੇ ਹਨ।

ਇਸ ਮੌਕੇ ਕਾਂਗਰਸੀ ਵਿਧਾਇਕਾਂ ਨੇ ਮੰਗ ਕੀਤੀ ਕਿ ਫਾਸਟਵੇਅ ਦਾ ਲਾਇਸੰਸ ਰੱਦ ਕਰ ਦੇਣਾ ਚਾਹੀਦਾ ਹੈ। ਕਾਂਗਰਸੀ ਮੰਤਰੀ ਨਵੋਤ ਸਿੱਧੂ ਨੇ ਕਿਹਾ ਕਿ ਫਾਸਟਵੇਅ ਤੇ ਪੀਟੀਸੀ ਦੀ ਕਾਰਵਾਈ ਤੋਂ ਲਗਦਾ ਹੈ ਕਿ ਸਰਕਾਰ ਕਾਂਗਰਸ ਦੀ ਨਹੀਂ ਬਲਕਿ ਅਕਾਲੀ ਦਲ ਦੀ ਹੈ। ਉਨ੍ਹਾਂ ਕਿਹਾ ਕਿ ਫਾਸਟਵੇਅ ਪਹਿਲਾਂ ਵੀ ਮੀਡੀਆ 'ਤੇ ਐਮਰਜੈਂਸੀ ਲਾਈ ਰੱਖਦਾ ਹੈ। ਇਸ ਲਈ ਉਸ ਖਿਲਾਫ ਕਾਰਵਾਈ ਹੋਈ ਚਾਹੀਦੀ ਹੈ।

ਦਰਅਸਲ ਪੰਜਾਬੀ ਨਿਊਜ਼ ਚੈਨਲਾਂ ਨੇ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ 'ਤੇ ਬਹਿਸ ਦੀ ਕਾਰਵਾਈ ਲਾਈਵ ਪੇਸ਼ ਕੀਤੀ। ਇਸ ਦੌਰਾਨ ਅਕਾਲੀ ਦਲ ਨੇ ਵਾਕਆਊਟ ਕਰਕੇ ਆਪਣੀ ਕਾਰਵਾਈ ਸਦਨ ਦੇ ਬਾਹਰ ਚਲਾਈ। ਇਹ ਕਾਰਵਾਈ ਪੀਟੀਸੀ ਚੈਨਲ 'ਤੇ ਲਾਈਵ ਵਿਖਾਈ ਗਈ। ਇਸ ਤੋਂ ਕਾਂਗਰਸੀ ਕਾਫੀ ਔਖੇ ਨਜ਼ਰ ਆਏ। ਸਦਨ ਵਿਚ ਬਹਿਸ ਦਾ ਬਾਈਕਾਟ ਕਰਕੇ ਬਾਹਰ ਆਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀ ਵਿਧਾਇਕਾਂ ਨੇ ਸਮੁੱਚੀ ਰਿਪੋਰਟ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਸਿਰਫ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਚਾਲ ਹੈ।

ਕਾਂਗਰਸੀ ਮੰਤਰੀ ਸੁਖਜਿੰਦਰ ਰੰਧਾਵਾ ਨੇ ਇਤਿਹਾਸਕ ਘਟਨਾਵਾਂ ਦਾ ਵੇਰਵਾ ਦਿੰਦੇ ਹੋਏ ਅਕਾਲੀ ਦਲ ਨੂੰ ਪੰਥ ਤੇ ਪੰਜਾਬ ਦਾ ਗਦਾਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦਾ ਸਭ ਤੋਂ ਵੱਡਾ ਨੁਕਸਾਨ ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਬਹਿਬਲ ਕਲਾਂ ਤੇ ਬਰਗਾੜੀ ਗੋਲੀ ਕਾਂਡ ਬਾਦਲ ਦੇ ਇਸ਼ਾਰੇ 'ਤੇ ਵਾਪਰਿਆ ਸੀ। ਇਸ ਲਈ ਬਾਦਲ ਤੇ ਸਾਬਕਾ ਪੁਲਿਸ ਮੁਖੀ ਸਮੇਧ ਸੈਣੀ ਖਿਲਾਫ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਸੀਬੀਆਈ ਦੀ ਬਜਾਏ ਪੰਜਾਬ ਪੁਲਿਸ ਤੋਂ ਕਰਵਾਈ ਜਾਵੇ।

ਆਮ ਆਦਮੀ ਪਾਰਟੀ ਦੇ ਵਿਧਾਇਕ ਐਚਐਸ ਫੂਲਕਾ ਨੇ ਰੰਧਾਵਾ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ 'ਤੇ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲਿਆਂ ਵਿਚ ਡੇਰਾ ਸਿਰਸਾ ਦੀ ਸ਼ਮੂਲੀਅਤ ਸਾਹਮਣੇ ਆ ਗਈ ਹੈ। ਇਸ ਲਈ ਡੇਰਾ ਮੁਖੀ ਖਿਲਾਫ ਵੀ ਕੇਸ ਦਰਜ ਕੀਤਾ ਜਾਏ। ਫੂਲਕਾ ਨੇ ਇਲਜ਼ਾਮ ਲਾਇਆ ਕਿ ਕਾਂਗਰਸ ਅਜੇ ਵੀ ਡੇਰਾ ਸਿਰਸਾ ਖਿਲਾਫ ਨਰਮ ਹੈ। ਇਸ 'ਤੇ ਰੰਧਾਵਾ ਨੇ ਮੰਗ ਕੀਤੀ ਵਿਧਾਨ ਸਭਾ ਵਿਚ ਪ੍ਰਣ ਕੀਤਾ ਜਾਏ ਕਿ ਪੰਜਾਬ ਵਿਚ ਫਿਰ ਅਜਿਹਾ ਕੋਈ ਸਾਧ ਪੈਦਾ ਹੀ ਨਾ ਹੋਏ।

ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਬਹਿਸ ਦੌਰਾਨ ਪੰਜਾਬ ਦੀ ਉਸ ਧਿਰ, ਜਿਸ ਧਿਰ ਦੀ ਪਿਛਲੇ 10 ਵਰ੍ਹੇ ਤੂਤੀ ਬੋਲਦੀ ਰਹੀ ਹੈ ਅਤੇ ਜਿਹੜਾ ਹੁਣ ਵਿਧਾਨ ਸਭਾ ਵਿਚ ਤੀਜੇ ਨੰਬਰ ਦੀ ਪਾਰਟੀ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਸੱਤਾ ਧਿਰ ਹੀ ਸਮਝ/ਮੰਨ ਕੇ ਚਲਦਾ ਸੀ, ਦਾ ਮੈਦਾਨ ਖਾਲੀ ਛੱਡ ਕੇ ਭੱਜ ਨਿਕਲਣਾ ਬਹੁਤ ਸਾਰੇ ਇਸ਼ਾਰੇ ਕਰਦਾ ਹੈ। ਨਵਜੋਤ ਸਿੰਘ ਸਿੱਧੂ ਵਲੋਂ ਪੰਜਾਬ ਦੀਆਂ ਬੇਅਦਬੀਆਂ ਨੂੰ ਸੈਕਸ਼ਪੀਅਰ ਦੇ ਦੁਖਾਂਤ ਨਾਲ ਮੇਲ ਕੇ ਪੇਸ਼ ਕਰਨਾ ਅਤੇ ਬਾਦਲ ਹੋਰਾਂ ਨੂੰ ਬਰੂਟਸ ਨਾਲ ਤੁਲਨਾ ਦੇਣੀ ਕਮਾਲ ਦੀ ਗੱਲ ਸੀ।

ਆਰਨੋਲਡ ਟਾਇਨਬੀ ਅਤੇ ਟੈਗੋਰ ਦੇ ਹਵਾਲਿਆਂ ਨਾਲ ਸ਼ੁਰੂ ਹੋਇਆ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਭਾਸ਼ਣ ਇਤਿਹਾਸ ਅਤੇ ਰਾਜਨੀਤੀ ਦੇ ਸੁੱਚੇ ਜਜ਼ਬਿਆਂ ਦਾ ਸੁਮੇਲ ਸੀ। ਮਨੁੱਖੀ ਅਧਿਕਾਰਾਂ ਦੀ ਗੱਲ ਅਹਿਮੀਅਤ ਨਾਲ ਉਭਾਰੀ ਗਈ ਅਤੇ ਬੇਇਨਸਾਫੀਆਂ ਕਰਨ ਵਾਲਿਆਂ ਦੇ "ਕੀੜੇ ਪੈ ਕੇ ਤੜਫਣ" ਦੀ ਉਦਾਹਰਨ ਵੀ ਉਹਨਾਂ ਪੇਸ਼ ਕੀਤੀ। ਪੁਲਿਸ ਜਿਆਦਤੀਆਂ ਦੇ ਦੌਰ ਦੀ ਗੱਲ ਕਰਦਿਆਂ ਉਹਨਾਂ ਜੁਝਾਰੂ ਸਿੰਘ ਸ਼ਹੀਦ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਨੂੰ ਜਿਉਂਦਾ ਸਾੜਨ, ਐਡਵੋਕੇਟ ਕੁਲਵੰਤ ਸਿੰਘ ਨੂੰ ਪਰਿਵਾਰ ਸਮੇਤ ਗਾਇਬ ਕਰਨ, ਲੁਧਿਆਣੇ ਦੇ ਕਾਰੋਬਾਰੀ ਹਿੰਦੂ ਪਰਿਵਾਰ ਨੂੰ ਹਾਈਕੋਰਟ ਦੇ ਬੂਹੇ ਅੱਗਿਓਂ ਚੁੱਕ ਕੇ ਗਾਇਬ ਕਰਨ ਅਤੇ ਉਹਨਾਂ ਦੀਆਂ ਧੀਆਂ ਭੈਣਾਂ ਨਾਲ ਧੱਕੇਸ਼ਾਹੀ ਕਰਨ ਅਤੇ ਬੀਬੀ ਅਮਰ ਕੌਰ ਦੀ ਇਨਸਾਫ ਲਈ ਲੰਮੀ ਲੜਾਈ ਦਾ ਜ਼ਿਕਰ ਭਾਵੁਕ ਦਲੇਰੀ ਨਾਲ ਕੀਤਾ। ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਦੇ ਨਾਬਾਲਗ ਭਰਾਵਾਂ ਨੂੰ ਘਰੋਂ ਚੁੱਕ ਮਾਰਨ ਵਾਲੇ ਥਾਣੇਦਾਰ ਦੇ ਕੀੜੇ ਪੈ ਕੇ ਮਰਨ ਬਾਰੇ ਗੱਲ ਸਾਂਝੀ ਕਰਦਿਆਂ ਸ਼ਾਇਦ ਉਹਨਾਂ ਸਿੱਖ ਮਨ ਦੀ ਉਸ ਖਾਹਿਸ਼ ਦਾ ਹੀ ਸੁਚੇਤ ਪ੍ਰਗਟਾਵਾ ਕੀਤਾ ਹੈ ਜਿਸ ਤਹਿਤ ਉਹ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀਆਂ ਦੇ ਪ੍ਰਤੱਖ/ਅਪ੍ਰਤੱਖ ਦੋਸ਼ੀਆਂ ਦੇ ਕੀੜੇ ਪੈ ਕੇ ਲੰਮੀ ਉਮਰ ਤਕ ਤੜਫਦੇ ਰਹਿਣ ਦੀ ਅਰਦਾਸ ਕਰਦੇ ਹਨ।

ਆਮ ਆਦਮੀ ਪਾਰਟੀ ਦੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਤਾਜ਼ਾ ਕਾਰਵਾਈ ਨਾ-ਕਾਫੀ ਹੈ। ਉਨ੍ਹਾਂ ਮੁਤਾਬਕ ਕਮਿਸ਼ਨ ਦੀ ਰਿਪੋਰਟ ਉਤੇ ਤੁਰੰਤ ਕਾਰਵਾਈ ਕਰਦਿਆਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਤੇ ਜ਼ਿੰਮੇਵਾਰ ਪੁਲਿਸ ਅਫਸਰਾਂ ਖਿਲਾਫ ਕੇਸ ਦਰਜ ਕੀਤੇ ਜਾਣ ਤੇ ਇਨ੍ਹਾਂ ਦੇ ਪਾਸਪੋਰਟ ਜ਼ਬਤ ਕਰ ਲਏ ਜਾਣੇ ਚਾਹੀਦੇ ਹਨ, ਤਾਂ ਕਿ ਇਹ ਦੇਸ਼ ਛੱਡ ਕੇ ਦੌੜ ਨਾ ਸਕਣ।

ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਨੇ ਵੀ "ਦਾਲ ਵਿਚ ਕੁਝ ਕਾਲਾ" ਹੋਣ ਦਾ ਖਦਸ਼ਾ ਪ੍ਰਗਟ ਕਰਦਿਆਂ ਤਾਜ਼ਾ ਫੈਸਲਿਆਂ ਉਤੇ ਨਾਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਬਹਿਸ ਦੌਰਾਨ ਬੋਲਦਿਆਂ ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੱਧੂ, ਸੁਖਪਾਲ ਸਿੰਘ ਖਹਿਰਾ, ਪ੍ਰੋ. ਬਲਜਿੰਦਰ ਕੌਰ, ਅਤੇ ਕੰਵਰ ਸੰਧੂ ਨੇ ਵੀ ਅਕਾਲੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ।

## ਅਕਾਲੀ ਆਗੂ ਮਨਜੀਤ ਸਿੰਘ ਜੀਕੇ 'ਤੇ ਹਮਲੇ ਦਾ ਸੱਚ

ਇਹਨਾਂ ਵੱਲੋਂ ਬੀਬੀਆਂ ਦੀ ਕੁੱਟ-ਮਾਰ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ। ਬਾਦਲ ਦਲ ਨੇ ਅਕਤੂਬਰ 2006 ਵਿਚ ਇਸ ਤੋਂ ਵੱਧ ਵਿਓਂਤਬੰਦੀ ਨਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ) ਨਾਲ ਸਬੰਧਤ ਸਿੱਖਾਂ ਨੂੰ ਬਾਬਾ ਬੁੱਢਾ ਜੀ ਦੀ ਸ਼ਤਾਬਦੀ ਸਬੰਧੀ ਹੋ ਰਹੇ ਸਮਾਗਮ ਦੇ ਪੰਡਾਲ ਵਿਚ ਜਾਣ ਤੋਂ ਰੋਕਣ ਲਈ ਮਾਰੂ ਹਮਲਾ ਕੀਤਾ ਸੀ ਜਿਸ ਵਿਚ ਸ. ਸਿਮਰਨਜੀਤ ਸਿੰਘ ਮਾਨ ਸਮੇਤ ਕਈ ਸਿੱਖ ਆਗੂਆਂ ਉੱਤੇ ਰੋੜਿਆਂ, ਕਿਰਪਾਨਾਂ, ਡਾਂਗਾਂ ਤੇ ਗੋਲੀਆਂ ਨਾਲ ਹਮਲਾ ਕੀਤਾ ਸੀ। ਸਿੱਖ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਕੱਥੂਨੰਗਲ ਘਟਨਾ ਵੀ ਮੰਦਭਾਗੀ ਸੀ ਤੇ ਕੈਲੀਫੋਰਨੀਆ ਵਿਚ ਵਾਪਰੀ ਘਟਨਾ ਵੀ ਮੰਦਭਾਗੀ ਹੈ ਕਿਉਂਕਿ ਅਖੀਰ ਇਹ ਹੈ ਤਾਂ ਸਿੱਖਾਂ ਵਿਚਲੀ ਅੰਦਰੂਨੀ ਖਾਨਾਜੰਗੀ ਦਾ ਹੀ ਪ੍ਰਗਟਾਵਾ। ਇਸ ਦੇ ਨਾਲ ਹੀ ਇਹ ਘਟਨਾ ਸੱਤਾ ਦੇ ਨਸ਼ੇ ਵਿਚ ਸਿੱਖਾਂ ਨਾਲ ਹੀ ਵਧੀਕੀਆਂ ਕਰਨ ਵਾਲੇ ਸਿੱਖਾਂ ਵਿਚਲੇ ਹੀ ਹਿੰਦ ਹਕੂਮਤ ਪੱਖੀ ਲੋਕਾਂ ਲਈ ਸਬਕ ਵੀ ਹੈ ਤੇ ਇਸ ਗੱਲ ਦੀ ਤਸਦੀਕ ਵੀ ਕਰਦੀ ਹੈ ਕਿ ਆਪਣਾ ਬੀਜਿਆ ਵੱਢਣਾ ਵੀ ਪੈਂਦਾ ਹੈ।

ਐੱਸਐੱਫਜੇ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਬਿਆਨ 'ਚ ਕਿਹਾ ਕਿ ਮਨਜੀਤ ਸਿੰਘ ਜੀਕੇ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਗੁਰਦੁਆਰੇ ਦੇ ਬਾਹਰ ਸ਼੍ਰੋਮਣੀ ਅਕਾਲੀ ਦੇ ਆਗੂਆਂ ਖ਼ਿਲਾਫ਼ ਸ਼ਾਂਤੀਪੂਰਨ ਮੁਜ਼ਾਹਰਾ ਕਰ ਰਹੇ ਕਾਰਕੁਨਾਂ ਨੂੰ ਹਮਲੇ ਲਈ ਉਕਸਾਇਆ ਸੀ ਤੇ ਐੱਸਐੱਫਜੇ ਨੇ ਅਮਰੀਕਾ ਦੇ ਕਾਨੂੰਨ ਵਿਭਾਗ 'ਚ ਜੀਕੇ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਅਮਰੀਕੀ ਇਮੀਗਰੇਸ਼ਨ ਵਿਭਾਗ ਤੋਂ ਮੰਗ ਕੀਤੀ ਕਿ ਅਮਰੀਕਾ ਵਿਚ ਜੀਕੇ ਦੀਆਂ ਗ਼ੈਰਕਾਨੂੰਨੀ ਕਾਰਵਾਈਆਂ ਦਾ ਨੋਟਿਸ ਲਿਆ ਜਾਵੇ।

ਨਿਊਯਾਰਕ, ਕੈਲੀਫੋਰਨੀਆ ਤੇ ਯੂਬਾ ਸਿਟੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ. ਖਿਲਾਫ਼ ਹੋਏ ਮੁਜ਼ਾਹਰਿਆਂ ਤੇ ਧੱਕਾਮੁੱਕੀ ਕਰਕੇ ਉਹ ਸੈਨਹੋਜੇ ਗੁਰਦੁਆਰਾ ਸਾਹਿਬ ਵਿਚ ਵੀ ਨਹੀਂ ਜਾ ਸਕੇ। ਪਹਿਲਾਂ ਉਨ੍ਹਾਂ ਦਾ ਉਥੇ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ, ਜੋ ਸੁਰੱਖਿਆ ਕਾਰਨਾਂ ਕਰਕੇ ਮੁਲਤਵੀ ਕਰ ਦਿੱਤਾ ਗਿਆ। ਗੁਰੂਘਰ ਸੈਨਹੋਜੇ ਵਿਚ ਯੂਥ ਦਲ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਮਨਜੀਤ ਸਿੰਘ ਜੀਕੇ. ਦੀ ਇੰਤਜ਼ਾਰ ਕਰਦੇ ਰਹੇ ਪਰ ਉਹ ਉਥੇ ਨਾ ਪੁੱਜੇ। ਅਕਾਲੀ ਆਗੂਆਂ ਵਿਚ ਰੌਣਕ ਸਿੰਘ, ਨੈਕਸਨ ਔਜਲਾ, ਪ੍ਰੀਤਮ ਸਿੰਘ ਗਰੇਵਾਲ, ਗੁਰਨਾਮ ਸਿੰਘ ਪੰਮਾ, ਸੁਖਵਿੰਦਰ ਸਿੰਘ ਆਦਿ ਨੇ ਕਿਹਾ ਕਿ ਜੀਕੇ. ਦਾ ਪ੍ਰੋਗਰਾਮ ਰੱਦ ਹੋਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਥੇ ਸਕਿਊਰਿਟੀ ਦਾ ਪੂਰਾ ਪ੍ਰਬੰਧ ਸੀ। ਉਨ੍ਹਾਂ ਯੂਬਾ ਸਿਟੀ ਵਿਖੇ ਜੀਕੇ. ਨਾਲ ਵਾਪਰੀ ਘਟਨਾ ਦੀ ਵੀ ਨਿਖੇਧੀ ਕੀਤੀ। ਦੂਸਰੇ ਪਾਸੇ ਖਾਲਿਸਤਾਨੀ ਪੱਖੀ ਸਿੱਖਾਂ ਵੱਲੋਂ ਸੈਨਹੋਜੇ ਗੁਰਦੁਆਰਾ ਸਾਹਿਬ ਅੱਗੇ ਮੁਜ਼ਾਹਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੋ ਵੀ ਖਾਲਿਸਤਾਨ ਵਿਰੋਧੀ ਅਤੇ ਪੰਥਕ ਦੋਖੀ ਅਮਰੀਕਾ ਵਿਚ ਆਏਗਾ, ਉਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

ਨਿਊਯਾਰਕ, ਯੂਬਾ ਸਿਟੀ ਅਤੇ ਕੈਲੀਫੋਰਨੀਆ ਵਿਚ ਦਿੱਲੀ ਗੁਰਦੁਆਰਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੂੰ ਬਰਗਾੜੀ ਕਾਂਡ ਵਿਚ ਪਿਛਲੀ ਅਕਾਲੀ ਸਰਕਾਰ ਤੇ ਬਾਦਲਾਂ ਦਾ ਹੱਥ ਹੋਣ ਦੇ ਤੱਥ ਆਉਣ ਕਰਕੇ ਸਿੱਖਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਸੀ। ਜਦੋਂ ਯੂਬਾ ਸਿਟੀ ਗੁਰਦੁਆਰਾ ਵਿਚ ਮਨਜੀਤ ਸਿੰਘ ਜੀਕੇ ਆਏ ਤਾਂ ਪ੍ਰਬੰਧਕਾਂ ਵਲੋਂ ਉਨ੍ਹਾਂ ਲਈ ਕੋਈ ਵੀ ਸਕਿਊਰਿਟੀ ਪ੍ਰਬੰਧ ਨਹੀਂ ਕੀਤਾ ਗਿਆ। ਘਟਨਾ ਉਦੋਂ ਸ਼ੁਰੂ ਹੋਈ ਜਦੋਂ ਰੈਫਰੈਂਡਮ 2020 ਦੇ ਇਕ ਵਰਕਰ ਸੁਖਵਿੰਦਰ ਸਿੰਘ ਨੇ ਮਨਜੀਤ ਸਿੰਘ ਜੀਕੇ ਨੂੰ ਸੰਮਨ ਦੇਣ ਦੀ ਕੋਸ਼ਿਸ਼ ਕੀਤੀ, ਤਾਂ ਜੋ ਉਸ ਉਪਰ ਇੱਥੇ ਯੂਐਸਏ. ਵਿਚ ਕੇਸ ਚਲਾਇਆ ਜਾ ਸਕੇ ਪਰ ਉਸ ਨੇ ਇਹ ਲੈਣ ਤੋਂ ਨਾਂਹ ਕਰ ਦਿੱਤਾ।

ਸੁਖਵਿੰਦਰ ਸਿੰਘ ਥਾਣਾ ਦੇ ਕਹਿਣ ਮੁਤਾਬਕ ਇਸੇ ਦੌਰਾਨ ਕਿਸੇ ਅਕਾਲੀ ਦਲ ਦੇ ਵਰਕਰ ਨੇ ਉਨ੍ਹਾਂ ਨੂੰ ਧੱਕਾ ਮਾਰ ਦਿੱਤਾ, ਜਿਸ ਤੋਂ ਇਹ ਧੱਕਾਮੁੱਕੀ ਸ਼ੁਰੂ ਹੋ ਗਈ। ਇਹ ਸਭ ਗੁਰਦੁਆਰਾ ਸਾਹਿਬ ਤੋਂ ਬਾਹਰ ਹੀ ਹੋਇਆ। ਇਸ ਮੌਕੇ ਕੈਲੀਫੋਰਨੀਆ ਤੇ ਅਮਰੀਕਾ ਅਕਾਲੀ ਦਲ ਬਾਦਲ ਦੇ ਅਹੁਦੇਦਾਰ ਕੁਲਵੰਤ ਸਿੰਘ ਖਹਿਰਾ, ਬਲਜੀਤ ਸਿੰਘ ਮਾਨ, ਅਰਵਿੰਦਰ ਸਿੰਘ ਲਾਖਨ, ਰਵਿੰਦਰ ਸਿੰਘ ਬੋਇਲ, ਦਿਲਬਾਗ ਸਿੰਘ ਬੈਂਸ ਅਤੇ ਕਰਮਦੀਪ ਸਿੰਘ ਬੈਂਸ ਵੀ ਹਾਜ਼ਰ ਸਨ। ਉਕਤ ਸਾਰੇ ਲੀਡਰਾਂ ਨੇ ਇਸ ਘਟਨਾ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਪ੍ਰਬੰਧਕਾਂ ਵਲੋਂ ਪੁਲਿਸ ਨੂੰ ਬਾਅਦ ਵਿਚ ਬੁਲਾਇਆ ਗਿਆ ਪਰ ਉਦੋਂ ਤਕ ਰੋਸ ਪ੍ਰਗਟ ਕਰ ਰਹੇ ਸਿੱਖ ਉਥੋਂ ਜਾ ਚੁੱਕੇ ਸਨ। ਪੁਲਿਸ ਨੇ ਸੁਖਵਿੰਦਰ ਸਿੰਘ ਥਾਣਾ, ਗੁਰਦੀਪ ਸਿੰਘ ਅਤੇ ਕੁਲਦੀਪ ਸਿੰਘ ਔਜਲਾ ਸਮੇਤ ਕਈ ਹੋਰਨਾਂ ਨੂੰ ਫੜ ਲਿਆ ਸੀ ਪਰ ਬਾਅਦ ਵਿਚ ਉਨ੍ਹਾਂ ਨੂੰ ਛੱਡ ਦਿੱਤਾ। ਮੌਕੇ ਉਤੇ ਹਾਜ਼ਰ ਬਹੁਤੇ ਸਿੱਖਾਂ ਦਾ ਕਹਿਣਾ ਹੈ ਕਿ ਬਰਗਾੜੀ ਕਾਂਡ ਵਿਚ ਬਾਦਲਾਂ ਦਾ ਨਾਂ ਆਉਣ ਅਤੇ ਮਨਜੀਤ ਸਿੰਘ ਜੀਕੇ ਦੇ ਬੇਅੰਤ ਸਿੰਘ ਵੱਲੋਂ ਸਿੱਖਾਂ ਨੂੰ ਬਾਹਰ ਭਜਾਉਣ ਦੇ ਬਿਆਨ ਕਾਰਨ ਹੀ ਇਹ ਕਾਂਡ ਵਾਪਰਿਆ ਹੈ।

## ਰਸੋਈ 'ਚ ਇਨ੍ਹਾਂ ਨੂੰ ਵੀ ਅਜ਼ਮਾਓ



- ਮੂਲੀ ਦੀ ਸਬਜ਼ੀ ਬਣਾਉਣ ਵੇਲੇ ਉਸ 'ਚ ਥੋੜ੍ਹੇ ਜਿਹੇ ਪਾਲਕ ਦੇ ਪੱਤੇ ਪਾਓ, ਸਬਜ਼ੀ ਛੇਤੀ ਬਣ ਜਾਏਗੀ ਅਤੇ ਮੂਲੀ ਦੀ ਮਹਿਕ ਵੀ ਘੱਟ ਆਏਗੀ।
- ਚਾਹ ਨੂੰ ਮਹਿਕਦਾਰ ਬਣਾਉਣ ਲਈ ਉਬਲਦੇ ਪਾਣੀ 'ਚ ਦੋ-ਤਿੰਨ ਪੱਤੇ ਪੁਦੀਨੇ ਦੇ ਜਾਂ ਸੰਤਰੇ ਦਾ ਛਿਲਕਾ ਪਾਓ, ਚਾਹ ਸੁਆਦੀ ਅਤੇ ਮਹਿਕਦਾਰ ਬਣੇਗੀ।
- ਅਖਰੋਟ ਅਤੇ ਬਦਾਮ ਨੂੰ ਤੋੜਨ ਵੇਲੇ ਜ਼ਿਆਦਾਤਰ ਬਦਾਮ ਅਤੇ ਅਖਰੋਟ ਦੀ ਗਿਰੀ ਵੀ ਟੁੱਟ ਜਾਂਦੀ ਹੈ। ਇਸ ਦੇ ਲਈ ਰਾਤ ਨੂੰ ਛਿਲਕੇ ਸਮੇਤ ਬਦਾਮ ਅਤੇ ਅਖਰੋਟ ਨੂੰ ਭਿਓਂ ਦਿਓ, ਫਿਰ ਇਸ ਨੂੰ ਤੋੜੋਗੇ ਤਾਂ ਗਿਰੀ ਟੁੱਟੇਗੀ ਨਹੀਂ, ਸਾਬਤ ਨਿਕਲੇਗੀ।
- ਟਮਾਟਰ ਸੂਪ ਨੂੰ ਸੁਆਦੀ ਬਣਾਉਣ ਲਈ ਟਮਾਟਰ ਸੂਪ 'ਚ ਇਕ ਟੇਬਲ ਸਪੂਨ ਕ੍ਰੀਮ ਮਿਲਾ ਦਿਓ ਅਤੇ ਗਰਮਾਗਰਮ ਪਰੋਸੋ। ਖੁਸ਼ਬੂ ਬਹੁਤ ਵਧੀਆ ਆਏਗੀ।
- ਕਾਬੁਲੀ ਛੋਲੇ ਭਿਓਣ ਵੇਲੇ ਥੋੜ੍ਹੀ ਜਿਹੀ ਛੋਲਿਆਂ ਦੀ ਦਾਲ ਵੀ ਭਿਓਂ ਦਿਓ। ਛੋਲੇ ਛੇਤੀ ਮੁਲਾਇਮ ਹੋ ਜਾਣਗੇ।
- ਸਰਦੀਆਂ 'ਚ ਆਲੂ ਦੇ ਪਰੌਂਠੇ ਬਣਾਉਣ ਵੇਲੇ ਆਲੂ ਦੇ ਮਿਸ਼ਰਣ 'ਚ ਥੋੜ੍ਹੀ ਜਿਹੀ ਕਸੂਰੀ ਮੇਥੀ ਪਾਓ। ਪਰੌਂਠਿਆਂ ਦਾ ਸੁਆਦ ਬਹੁਤ ਵਧੀਆ ਹੋਵੇਗਾ।
- ਸਬਜ਼ੀ ਸੜ ਜਾਣ ਦੀ ਸਥਿਤੀ 'ਚ ਬਚੀ ਸਬਜ਼ੀ 'ਚ ਟਮਾਟਰ ਦੇ ਛੋਟੇ-ਛੋਟੇ ਟੁਕੜੇ ਪਾਓ ਅਤੇ ਜੀਰੇ ਦਾ ਤੜਕਾ ਲਗਾਓ। ਸੜਣ ਦੀ ਬਦਬੂ ਦੂਰ ਹੋ ਜਾਏਗੀ।
- ਫਰਿੱਜ ਨੂੰ ਹਮੇਸ਼ਾ ਸਟੈਂਡ 'ਤੇ ਰੱਖੋ। ਇਸ ਨਾਲ ਹੇਠੋਂ ਹਵਾ ਲੱਗਣ 'ਤੇ ਫਰਿੱਜ ਵਧੇਰੇ ਚੰਗੀ ਤਰ੍ਹਾਂ ਕੰਮ ਕਰੇਗਾ।
- ਸਬਜ਼ੀਆਂ 'ਚ ਨਵੇਂ ਸੁਆਦ ਲਈ ਕਦੇ ਸਰ੍ਹੋਂ ਦੇ ਤੇਲ ਜਾਂ ਨਾਰੀਅਲ ਦੇ ਤੇਲ 'ਚ ਸਬਜ਼ੀ ਬਣਾਓ। ਨਵਾਂ ਸੁਆਦ ਆਏਗਾ। ਤੜਕਾ ਲਗਾਉਣ ਵੇਲੇ ਸਰ੍ਹੋਂ, ਰਾਈ, ਜੀਰਾ, ਸੁੱਕਾ ਧਨੀਆ ਪਾਓ।
- ਗਾਜਰ, ਬੀਨਸ ਅਤੇ ਮਟਰ ਉਬਾਲਣ ਵੇਲੇ ਜ਼ਰਾ ਜਿਹਾ ਨਮਕ ਪਾ ਕੇ ਖੁੱਲ੍ਹੇ ਬਰਤਨ 'ਚ ਉਬਾਲੋ, ਰੰਗ ਉਸੇ ਤਰ੍ਹਾਂ ਰਹੇਗਾ।
- ਦਾਲ ਬਣਾਉਣ ਤੋਂ ਅੱਧਾ ਘੰਟਾ ਪਹਿਲਾਂ ਇਸ ਨੂੰ ਭਿਓਂ ਦਿਓ। ਦਾਲ ਛੇਤੀ ਗਲੇਗੀ ਅਤੇ ਗੈਸ ਵੀ ਬਚੇਗੀ।
- ਨੂਡਲਸ ਉਬਾਲਣ ਤੋਂ ਤੁਰੰਤ ਪਿੱਛੋਂ ਛਾਣਨੀ 'ਚ ਪਾ ਦਿਓ। ਛਾਣਨੀ 'ਤੇ ਦੋ-ਤਿੰਨ ਗਲਾਸ ਠੰਡੇ ਪਾਣੀ ਦੇ ਪਾ ਦਿਓ। ਇਸ ਤਰ੍ਹਾਂ ਨੂਡਲਸ ਚਿਪਕਣਗੇ ਨਹੀਂ
- ਭੜਥਾ ਬਣਾਉਣ ਲਈ ਬੈਂਗਨ ਨੂੰ ਭੁੰਨਣ ਤੋਂ ਪਹਿਲਾਂ ਉਸ 'ਤੇ ਤੇਲ ਚੋਪੜ ਲਓ ਅਤੇ ਭੁੰਨਣ ਪਿੱਛੋਂ ਪਾਣੀ 'ਚ ਪਾ ਦਿਓ। ਛਿਲਕਾ ਅਸਾਨੀ ਨਾਲ ਉਤਰ ਜਾਏਗਾ।

# ਅਸਲੀ ਜਾਇਦਾਦ ਹੈ ਪਰਿਵਾਰ

**ਇੱਟਾਂ, ਪੱਥਰਾਂ ਨਾਲ ਬਣੇ ਮਕਾਨ ਜਾਂ ਬੰਗਲੇ ਨੂੰ ਘਰ ਨਹੀਂ ਕਿਹਾ ਜਾ ਸਕਦਾ। ਘਰ ਬਣਦਾ ਹੈ, ਘਰ 'ਚ ਰਹਿਣ ਵਾਲੇ ਮੈਂਬਰਾਂ ਦੇ ਪਿਆਰ ਨਾਲ ਜਿਸ ਨਾਲ ਬਣਦਾ ਹੈ ਭਗਵਾਨ ਵਲੋਂ ਦਿੱਤਾ ਗਿਆ ਬੇਸ਼ਕੀਮਤੀ ਤੋਹਫਾ ਪਰਿਵਾਰ। ਪਰਿਵਾਰ ਸਾਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਘਰ ਦੇ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਅਗਿਆਨ ਦੀਆਂ ਸਾਰੀਆਂ ਗੰਢਾਂ ਖੁੱਲ੍ਹ ਜਾਂਦੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਦਾ ਖਦਸ਼ਾ ਖਤਮ ਹੋ ਜਾਂਦਾ ਹੈ। ਪਰਿਵਾਰ ਦਾ ਸਹਾਰਾ ਹੋਣ 'ਤੇ ਜ਼ਿੰਦਗੀ 'ਚ ਪਿਆਰ ਅਤੇ ਆਨੰਦ ਦੀ ਭਾਵਨਾ ਬਣੀ ਰਹਿੰਦੀ ਹੈ। ਜ਼ਿੰਦਗੀ 'ਚ ਨਵੀਂ ਚੇਤਨਾ ਦਾ ਸੰਚਾਰ ਹੋ ਜਾਂਦਾ ਹੈ।**



ਵਰਲਡ ਫੈਮਿਲੀ ਡੇ 15 ਮਈ ਨੂੰ ਪੂਰੀ ਦੁਨੀਆ 'ਚ ਮਨਾਇਆ ਜਾਂਦਾ ਹੈ। ਆਖਿਰ ਇਹ ਦਿਨ ਕਿਉਂ ਮਨਾਇਆ ਜਾਂਦਾ ਹੈ ? ਅੱਜ ਦੀ ਪੀੜ੍ਹੀ ਸਫਲਤਾ ਅਤੇ ਸੁਖ-ਸਹੂਲਤਾਂ ਪਾਉਣ ਲਈ ਜ਼ਿੰਦਗੀ ਪ੍ਰਤੀ ਊਰਜਾ, ਉਤਸ਼ਾਹ, ਰਚਨਾਤਮਕ ਸੁਤੰਤਰਤਾ, ਆਧੁਨਿਕ ਜੀਵਨ ਸ਼ੈਲੀ ਸਾਂਝੇ ਪਰਿਵਾਰਾਂ ਦੇ ਟੁੱਟਣ ਦੇ ਨਤੀਜੇ ਵਜੋਂ ਇਕੱਲੇ ਪਰਿਵਾਰ ਪ੍ਰਵਿਰਤੀ ਨੂੰ ਅਪਨਾ ਰਹੀ ਹੈ। ਇੱਟਾਂ, ਪੱਥਰਾਂ ਨਾਲ ਬਣੇ ਮਕਾਨ ਜਾਂ ਬੰਗਲੇ ਨੂੰ ਘਰ ਨਹੀਂ ਕਿਹਾ ਜਾ ਸਕਦਾ। ਘਰ ਬਣਦਾ ਹੈ, ਘਰ 'ਚ ਰਹਿਣ ਵਾਲੇ ਮੈਂਬਰਾਂ ਦੇ ਪਿਆਰ ਨਾਲ ਜਿਸ ਨਾਲ ਬਣਦਾ ਹੈ ਭਗਵਾਨ ਵਲੋਂ ਦਿੱਤਾ ਗਿਆ ਬੇਸ਼ਕੀਮਤੀ ਤੋਹਫਾ ਪਰਿਵਾਰ। ਪਰਿਵਾਰ ਸਾਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਘਰ ਦੇ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਅਗਿਆਨ ਦੀਆਂ ਸਾਰੀਆਂ ਗੰਢਾਂ ਖੁੱਲ੍ਹ ਜਾਂਦੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਦਾ ਖਦਸ਼ਾ ਖਤਮ ਹੋ ਜਾਂਦਾ ਹੈ। ਪਰਿਵਾਰ ਦਾ ਸਹਾਰਾ ਹੋਣ 'ਤੇ ਜ਼ਿੰਦਗੀ 'ਚ ਪਿਆਰ ਅਤੇ ਆਨੰਦ ਦੀ ਭਾਵਨਾ ਬਣੀ ਰਹਿੰਦੀ ਹੈ। ਜ਼ਿੰਦਗੀ 'ਚ ਨਵੀਂ ਚੇਤਨਾ ਦਾ ਸੰਚਾਰ ਹੋ ਜਾਂਦਾ ਹੈ। ਸਵੇਰ ਤੋਂ ਸ਼ਾਮ ਤਕ ਇਨਸਾਨ ਦੌੜ-ਭੱਜ, ਦੁੱਖ, ਮੁਸੀਬਤਾਂ ਅਤੇ ਹੋਰ ਪ੍ਰੇਸ਼ਾਨੀਆਂ ਝੱਲਦਾ ਹੈ। ਅਜਿਹੇ ਸਮੇਂ ਪਰਿਵਾਰ ਹੀ ਇਨ੍ਹਾਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਦਿਵਾ ਕੇ ਨਿਰਾਸ਼ ਜ਼ਿੰਦਗੀ 'ਚ ਪਿਆਰ ਦਾ ਰਸ ਵਹਾ ਕੇ ਇਕ ਅਮੁੱਲ ਖਜ਼ਾਨਾ ਪ੍ਰਦਾਨ ਕਰਦਾ ਹੈ ਜਿਸ ਨੂੰ ਪਾ ਕੇ ਮਨੁੱਖ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ ਅਤੇ ਇਕ ਨਵੀਂ ਊਰਜਾ ਦਾ ਸੰਚਾਰ ਹੁੰਦਾ ਹੈ। ਵਿਅਕਤੀ ਪੱਛਮੀ ਧਾਰਨਾ ਦਾ ਅਨੁਸਰਨ ਕਰਦੇ ਹੋਏ ਖੁਦ ਨੂੰ ਆਪਣੇ ਆਪ 'ਚ ਪੂਰਾ ਸਮਝਣ ਦੀ ਭੁੱਲ ਕਰਨ ਲੱਗਦਾ ਹੈ ਜਿਸ ਦੇ ਲਈ ਕਾਫੀ ਹੱਦ ਤਕ ਸਮਾਜਿਕ ਬਣਤਰ ਅਤੇ ਪਰਿਵਾਰਕ ਮਜਬੂਰੀਆਂ ਵੀ ਜ਼ਿੰਮੇਦਾਰ ਹੁੰਦੀਆਂ ਹਨ। ਵਿਅਕਤੀ ਆਪਣੇ ਆਪ 'ਚ ਅਧਿਆਤਮਕ ਰੂਪ 'ਚ ਪੂਰਾ ਹੋਣ ਦੀ ਕੋਸ਼ਿਸ਼ ਕਰ ਸਕਦਾ ਹੈ ਪਰ ਸਮਾਜਿਕ ਰੂਪ 'ਚ ਉਸ ਨੂੰ ਆਪਣੇ ਸਮੇਂ ਅਤੇ ਉਸ ਦੇ ਹਾਲਾਤ 'ਚ ਹੀ ਸਾਹ ਲੈਣਾ ਪੈਂਦਾ ਹੈ। ਇਕੱਲਾਪਨ ਤਣਾਅ ਦਿੰਦਾ ਹੈ ਜਦਕਿ ਪਰਿਵਾਰ ਮਨੁੱਖੀ ਸੰਬੰਧਾਂ ਦਾ ਮਜ਼ਬੂਤ ਰੂਪ ਹੈ ਜੋ ਤੇਜ਼ ਤੂਫਾਨ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣਾ ਵਜੂਦ ਬਣਾਈ ਰਖਦਾ ਹੈ। ਔਰਤ-ਮਰਦ ਸੰਬੰਧਾਂ 'ਚ ਇਕ ਨਵਾਂ ਮੋੜ ਲਿਵ-ਇਨ-ਰਿਲੇਸ਼ਨਸ਼ਿਪ ਦਾ ਆਇਆ ਹੈ ਜੋਕਿ ਉਨ੍ਹਾਂ ਦੀ ਆਪਸੀ ਸਮਝ ਦਾ ਵਿਅਕਤੀਗਤ ਮਾਮਲਾ ਹੈ। ਚਾਹੇ ਸੁਪਰੀਮ ਕੋਰਟ ਨੇ ਅਜਿਹੇ ਰਿਸ਼ਤਿਆਂ ਪ੍ਰਤੀ ਸਹਿਮਤੀ ਦੇ ਦਿੱਤੀ ਹੈ ਪਰ ਭਾਰਤੀ ਪਰਿਵਾਰ ਦੀ ਧਾਰਨਾ 'ਚ ਲਿਵ-ਇਨ-ਰਿਲੇਸ਼ਨਸ਼ਿਪ ਲਈ ਕੋਈ ਜਗ੍ਹਾ ਨਹੀਂ ਹੈ। ਇਹ ਸਿਰਫ ਇਕ ਸਰੀਰਕ ਆਕਰਸ਼ਣ ਜਾਂ ਦੋਵੇਂ ਪੱਖਾਂ ਦੀ ਇੱਛਾਪੂਰਤੀ ਹੋ ਸਕਦੀ ਹੈ ਜਿਸ ਵਿਚ ਉਹ ਆਪਣੇ ਸੁਖ-ਦੁੱਖ ਜਾਂ ਜ਼ਰੂਰਤਾਂ ਆਪਸੀ ਸਹਿਯੋਗ ਨਾਲ ਵੰਡ ਸਕਣ ਪਰ ਅਜਿਹੇ ਸੰਬੰਧ ਪਰਿਵਾਰ ਦਾ ਸੁਖ ਨਹੀਂ ਦੇ ਸਕਦੇ, ਜਿਨ੍ਹਾਂ ਵਿਚ ਜ਼ਿੰਮੇਦਾਰੀ ਹੀ ਨਾ ਹੋਵੇ। ਪਰਿਵਾਰਕ ਵੱਖਰੇਪਣ ਦੀ ਸਥਿਤੀ 'ਚ ਅਜਿਹੇ ਸੰਬੰਧਾਂ ਨੂੰ ਉਤਸ਼ਾਹ ਮਿਲਦਾ ਹੈ। ਪਰਿਵਾਰ ਦੇ ਹਰੇਕ ਮੈਂਬਰ ਨੂੰ ਆਪਣਾ ਫਰਜ਼ ਸਮਝਣਾ ਚਾਹੀਦਾ ਹੈ। ਕਿਸੇ ਵੀ ਸਥਿਤੀ ਲਈ ਕਿਸੇ ਇਕ ਵਿਅਕਤੀ ਨੂੰ ਜ਼ਿੰਮੇਦਾਰ ਨਾ ਮੰਨੋ। ਆਪਣੇ ਅੰਦਰ ਹਰੇਕ ਸਥਿਤੀ ਲਈ ਇਕ ਰਚਨਾਤਮਕ ਜਵਾਬ ਪਾਉਣ ਦੀ ਸਮਰੱਥਾ ਜਗਾਓ। ਹਰੇਕ ਸਮੱਸਿਆ ਦੇ ਅੰਦਰ ਮੌਕੇ ਦੇ ਬੀਜ ਲੁਕੇ ਹੁੰਦੇ ਹਨ ਅਤੇ ਇਹ ਜਾਗਰੂਕਤਾ ਸਾਨੂੰ ਕਿਸੇ ਵੀ ਪਲ ਨੂੰ ਲੈ ਕੇ ਇਕ ਬਿਹਤਰ ਸਥਿਤੀ ਬਣਾਉਣ ਦੀ ਇਜਾਜ਼ਤ ਦਿੰਦੀ ਹੈ। ਪਰਿਵਾਰਾਂ ਦੇ ਟੁੱਟਣ ਦਾ ਪ੍ਰਤੱਖ ਪ੍ਰਮਾਣ ਹੈ ਕਈ ਜਗ੍ਹਾ ਸਥਾਪਤ ਹੋ ਰਹੇ ਬਿਰਧ ਆਸ਼ਰਮ ਅਤੇ ਉਨ੍ਹਾਂ ਵਿਚ ਲਗਾਤਾਰ ਵਧ ਰਹੀ ਬਜ਼ੁਰਗਾਂ ਦੀ ਗਿਣਤੀ। ਕਿੰਨੇ ਅਫਸੋਸ ਦੀ ਗੱਲ ਹੈ ਕਿ ਮਾਤਾ-ਪਿਤਾ ਆਪਣੇ ਦੋ-ਤਿੰਨ ਬੱਚਿਆਂ ਨੂੰ ਆਰਥਿਕ ਪੱਧਰ 'ਤੇ ਮਜ਼ਬੂਤ ਬਣਾਉਣ ਲਈ ਆਪਣੀ ਜ਼ਿੰਦਗੀ ਦੀ ਪੂੰਜੀ ਖੁਸ਼ੀ-ਖੁਸ਼ੀ ਵਾਰ ਦਿੰਦੇ ਹਨ ਪਰ ਉਹੀ ਦੋ-ਤਿੰਨ ਬੱਚੇ ਮਿਲ ਕੇ ਵੀ ਇਕ ਮਾਤਾ-ਪਿਤਾ ਨੂੰ ਸਹਾਰਾ ਨਹੀਂ ਦੇ ਸਕਦੇ। ਸਮੇਂ ਦਾ ਚੱਕਰ ਜਿਸ ਜਗ੍ਹਾ ਤੋਂ ਸ਼ੁਰੂ ਹੁੰਦਾ ਹੈ ਉਸੇ ਜਗ੍ਹਾ 'ਤੇ ਆ ਕੇ ਰੁਕਦਾ ਹੈ। ਅੱਜ ਜਿਹੜੇ ਬੱਚੇ ਆਪਣੇ ਮਾਤਾ-ਪਿਤਾ ਨਾਲ ਗਲਤ ਵਿਵਹਾਰ ਕਰਨਗੇ ਕੱਲ ਨੂੰ ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਨਾਲ ਉਸੇ ਤਰ੍ਹਾਂ ਕਰਨਗੇ। ਚੰਗੇ ਸੰਸਕਾਰਾਂ ਵਾਲੀ ਅਤੇ ਪ੍ਰਤਿਭਾਸ਼ਾਲੀ ਪੀੜ੍ਹੀ ਤਿਆਰ ਕਰਕੇ ਹੀ ਟੁੱਟਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਮਹੱਤਵ ਨੂੰ ਦਿਸ਼ਾਹੀਣ ਹੋਣ ਤੋਂ ਰੋਕਿਆ ਜਾ ਸਕਦਾ ਹੈ। ਜ਼ਿੰਦਗੀ ਵਿਚ ਇਨਸਾਨ ਜਿੰਨੀ ਮਰਜ਼ੀ ਤਰੱਕੀ ਕਰ ਲਵੇ, ਮਨਚਾਹਿਆ ਸੁਖ, ਧਨ, ਜਾਇਦਾਦ ਅਤੇ ਸਫਲਤਾ ਪ੍ਰਾਪਤ ਕਰ ਲਵੇ ਜ਼ਿੰਦਗੀ ਦਾ ਪੱਧਰ ਜਿੰਨਾ ਮਰਜ਼ੀ ਆਨੰਦ ਭਰਿਆ ਹੋਵੇ, ਹਰੇਕ ਖੇਤਰ 'ਚ ਖੁਸ਼ਹਾਲੀ, ਕੋਈ ਘਾਟ ਨਾ ਹੋਵੇ ਪਰ ਅਸਲੀ ਜਾਇਦਾਦ ਤਾਂ ਪਰਿਵਾਰ ਹੀ ਹੈ ਜਿਸ ਨਾਲ ਜ਼ਿੰਦਗੀ ਸਾਰਥਕ ਹੁੰਦੀ ਹੈ। —ਨਿਯਤੀ ਭੰਡਾਰੀ

# ਘਰੇਲੂ ਨੁਸਖਿਆਂ ਨਾਲ ਕੁਦਰਤੀ ਨਿਖਾਰ



ਆਮ ਤੌਰ 'ਤੇ ਦੇਖਣ ਨੂੰ ਮਿਲਦਾ ਹੈ ਕਿ ਜਵਾਨੀ 'ਚ ਮੁੰਡਾ ਹੋਵੇ ਜਾਂ ਕੁੜੀ, ਉਨ੍ਹਾਂ ਦੇ ਚਿਹਰੇ 'ਤੇ ਕਿੱਲ-ਮੁਹਾਸੇ ਨਿਕਲ ਆਉਂਦੇ ਹਨ, ਜਿਸ ਨਾਲ ਚਿਹਰੇ ਦੀ ਸਾਰੀ ਸੁੰਦਰਤਾ ਖਰਾਬ ਹੋ ਜਾਂਦੀ ਹੈ। ਜੇਕਰ ਕਿੱਲ-ਮੁਹਾਸਿਆਂ ਨੂੰ ਛੇੜਛਾੜ ਕਰਕੇ ਕੱਢਿਆ ਜਾਵੇ ਤਾਂ ਚਿਹਰੇ 'ਤੇ ਹੋਰ ਵੀ ਕਾਲੇ ਦਾਗ ਪੈ ਜਾਂਦੇ ਹਨ ਅਤੇ ਚਿਹਰੇ ਨੂੰ ਗ੍ਰਹਿਣ ਜਿਹਾ ਲੱਗ ਜਾਂਦਾ ਹੈ। ਚਿਹਰੇ ਸੰਬੰਧੀ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਤੋਂ ਬਚਣ ਲਈ ਕੁਝ ਘਰੇਲੂ ਨੁਸਖੇ ਵੀ ਅਜਿਹੇ ਹਨ ਕਿ ਇਨ੍ਹਾਂ ਦੀ ਵਰਤੋਂ ਕਰਨ ਨਾਲ ਜਿਥੇ ਚਿਹਰੇ 'ਤੇ ਚਮਕ ਅਤੇ ਨਿਖਾਰ ਤਾਂ ਬਣਿਆ ਰਹੇਗਾ, ਉਥੇ ਹੀ ਤੁਹਾਨੂੰ ਲੱਗੇਗਾ ਕਿ ਤੁਸੀਂ ਅਸਲ 'ਚ ਖੂਬਸੂਰਤ ਹੋ। * ਚਿਹਰੇ ਨੂੰ ਸੁੰਦਰ ਅਤੇ ਕੋਮਲ ਬਣਾਈ ਰੱਖਣ ਲਈ ਤੁਲਸੀ ਦੀਆਂ ਪੱਤੀਆਂ ਨੂੰ ਥੋੜ੍ਹੀ ਜਿਹੀ ਹਲਦੀ ਮਿਲਾ ਕੇ ਪੀਸ ਲਓ। ਇਸ ਮਿਸ਼ਰਣ ਨੂੰ ਸਵੇਰੇ-ਸ਼ਾਮ ਇਕ ਘੰਟੇ ਤਕ ਚਿਹਰੇ 'ਤੇ ਲੱਗਾ ਰਹਿਣ ਪਿੱਛੋਂ ਠੰਡੇ ਪਾਣੀ ਨਾਲ ਧੋ ਲਵੋ। * ਚਿਹਰੇ ਤੋਂ ਛਾਈਆਂ ਅਤੇ ਮੁਹਾਸੇ ਦੂਰ ਕਰਨ ਲਈ ਜੈਤੂਨ ਦੇ ਤੇਲ 'ਚ ਨਿੰਬੂ ਦਾ ਰਸ ਮਿਲਾ ਕੇ ਚਿਹਰੇ 'ਤੇ ਲਗਾਓ ਅਤੇ ਫਿਰ ਪਾਣੀ ਨਾਲ ਧੋ ਲਵੋ। * ਰੋਜ਼ਾਨਾ ਨਹਾਉਣ ਤੋਂ ਪਹਿਲਾਂ ਨਿੰਬੂ ਦੇ ਤਾਜ਼ੇ ਛਿਲਕਿਆਂ ਨੂੰ ਮੂੰਹ 'ਤੇ ਰਗੜੋ ਅਤੇ 10-15 ਦਿਨਾਂ ਤਕ ਤੁਸੀਂ ਭਾਫ ਲਓ। ਇਸ ਨਾਲ ਕਿੱਲ ਅਤੇ ਲਾਲ-ਪੀਲੇ ਦਾਣੇ ਠੀਕ ਹੋ ਜਾਣਗੇ। * ਜੇਕਰ ਤੁਸੀਂ ਸਾਰਾ ਦਿਨ ਧੁੱਪ 'ਚ ਰਹੇ ਹੋ ਤਾਂ ਚਿਹਰਾ ਧੋ ਕੇ ਉਸ 'ਤੇ ਠੰਡਾ ਦੁੱਧ ਲਗਾਓ ਅਤੇ ਫਿਰ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਲ ਲਓ। ਪੰਜ-ਸੱਤ ਮਿੰਟਾਂ ਪਿੱਛੋਂ ਚਿਹਰਾ ਧੋ ਲਓ, ਚਿਹਰੇ ਦੀ ਸੁੰਦਰਤਾ ਬਣੀ ਰਹੇਗੀ। * ਪੱਕੇ ਕੇਲੇ ਨੂੰ ਫੈਂਟ ਕੇ ਉਸ 'ਚ ਤਿੰਨ-ਚਾਰ ਚੱਮਚ ਗੁਲਾਬ ਜਲ ਮਿਲਾ ਕੇ ਪੇਸਟ ਬਣਾ ਲਓ ਅਤੇ ਇਸ ਨੂੰ ਚਿਹਰੇ 'ਤੇ ਲਗਾ ਲਓ, ਸੁੱਕਣ 'ਤੇ ਤਾਜ਼ੇ ਪਾਣੀ ਨਾਲ ਧੋ ਲਓ। ਤੁਹਾਡਾ ਚਿਹਰਾ ਮੱਖਣ ਵਾਂਗ ਮੁਲਾਇਮ ਹੋ ਜਾਵੇਗਾ। * ਅੱਖਾਂ ਦੇ ਹੇਠਾਂ ਕਾਲੇ ਘੇਰਿਆਂ ਨੂੰ ਦੂਰ ਕਰਨ ਲਈ ਆਲੂ ਨੂੰ ਕੱਟ ਕੇ ਚਿਹਰੇ 'ਤੇ ਰਗੜੋ। * ਦੁੱਧ 'ਤੇ ਜੰਮੀ ਮਲਾਈ ਦੀ ਪਰਤ ਲੈ ਕੇ ਉਸ 'ਚ ਥੋੜ੍ਹਾ ਜਿਹਾ ਵੇਸਣ ਮਿਲਾ ਕੇ ਗਰਦਨ ਅਤੇ ਪਿੱਠ ਦੇ ਉਪਰਲੇ ਹਿੱਸੇ 'ਤੇ ਮਲੋ, ਸਾਰੀ ਮੈਲ ਸਾਫ ਹੋ ਜਾਵੇਗੀ। * ਕੱਚਾ ਆਲੂ ਪੀਸ ਕੇ ਗਲਿਸਰੀਨ, ਸਿਰਕਾ ਅਤੇ ਗੁਲਾਬ ਦਾ ਅਰਕ ਮਿਲਾ ਕੇ ਪੇਸਟ ਬਣਾ ਲਓ ਅਤੇ ਚਿਹਰੇ 'ਤੇ ਲਗਾ ਕੇ ਸੁੱਕਣ ਦਿਓ। ਘੰਟੇ ਪਿੱਛੋਂ ਪਾਣੀ ਨਾਲ ਧੋ ਲਓ। ਚਿਹਰੇ 'ਤੇ ਪਏ ਦਾਗ, ਮੁਹਾਸੇ ਅਤੇ ਝੁਰੜੀਆਂ ਦੂਰ ਹੋ ਜਾਣਗੀਆਂ। * ਚਿਹਰੇ 'ਤੇ ਘਟੀਆ ਸਾਬਣ ਅਤੇ ਵਧੇਰੇ ਚਿਕਨਾਈ ਨਾ ਲਗਾਓ। * ਕਿੱਲ-ਮੁਹਾਸੇ ਜ਼ਿਆਦਾ ਹੋਣ ਤਾਂ ਤੇਲ ਅਤੇ ਖਟਿਆਈ ਦੀ ਵਰਤੋਂ ਬੰਦ ਕਰ ਦਿਓ, ਕੱਚੀਆਂ ਅਤੇ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਨੂੰ ਪਹਿਲ ਦਿਓ, ਪਾਣੀ ਖੂਬ ਪੀਓ ਅਤੇ ਕਬਜ਼ ਨਾ ਹੋਣ ਦਿਓ। * ਕੁੜੀਆਂ ਕਿੱਲ-ਮੁਹਾਸਿਆਂ ਤੋਂ ਬਚਣ ਲਈ ਆਪਣੀ ਮਾਹਵਾਰੀ ਨੂੰ ਅਨਿਯਮਿਤ ਹੋਣ ਤੋਂ ਬਚਾਉਣ ਅਤੇ ਇਸ ਦੌਰਾਨ ਖੱਟੀਆਂ ਚੀਜ਼ਾਂ ਨਾ ਖਾਓ। * ਜੇਕਰ ਫਿਰ ਵੀ ਚਿਹਰੇ ਦੀ ਸੁੰਦਰਤਾ ਕਾਇਮ ਨਾ ਰਹਿ ਸਕੇ ਜਾਂ ਇਨਫੈਕਸ਼ਨ ਹੋ ਜਾਵੇ ਤਾਂ ਚਮੜੀ ਦੇ ਡਾਕਟਰ ਤੋਂ ਚਿਹਰੇ ਦੀ ਜਾਂਚ ਕਰਵਾ ਕੇ ਸਹੀ ਦਵਾਈ ਲਓ।

## ਸਵਾਮੀ ਅਗਨੀਵੇਸ਼ ਨੂੰ ਮੋਦੀ ਸਰਕਾਰ ਤੋਂ ਖਤਰਾ !

**ਲੁਧਿਆਣਾ/ਬਿਊਰੋ ਨਿਊਜ਼ :** ਸਾਬਕਾ ਭਾਜਪਾ ਆਗੂ ਸਵਾਮੀ ਅਗਨੀਵੇਸ਼ ਨੇ ਦੋਸ਼ ਲਾਇਆ ਹੈ ਕਿ ਮੋਦੀ ਸਰਕਾਰ ਦੇਸ਼, ਗਰੀਬ ਤੇ ਦਲਿਤ ਹਿਤੈਸ਼ੀ ਆਵਾਜ਼ ਨੂੰ ਦਬਾਉਣ ਲਈ ਮੇਰਾ ਕਤਲ ਕਰਵਾਉਣ ਦੀ ਸਾਜ਼ਿਸ਼ ਰਚ ਰਹੀ ਹੈ। ਭਾਜਪਾ ਅਤੇ ਆਰਐੱਸਐੱਸ. 'ਤੇ ਫਿਰਕੂਵਾਦ ਦਾ ਜ਼ਹਿਰ ਫੈਲਾਉਣ ਦੇ ਦੋਸ਼ ਲਾਉਂਦੇ ਹੋਏ ਅਗਨੀਵੇਸ਼ ਨੇ ਕਿਹਾ ਕਿ ਮੋਦੀ ਸਰਕਾਰ ਦੇ ਰਾਜ ਵਿਚ ਘੱਟ ਗਿਣਤੀ ਵਰਗ ਸੁਰੱਖਿਅਤ ਨਹੀਂ ਹੈ। ਉਨ੍ਹਾਂ 'ਤੇ ਦੇਸ਼ ਭਰ ਵਿਚ ਥਾਂ-ਥਾਂ ਹਮਲੇ ਹੋ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਝਾਰਖੰਡ ਦੇ ਪਾਕੁੜ ਵਿਚ ਉਨ੍ਹਾਂ ਨਾਲ ਕੁੱਟ-ਮਾਰ ਕਰਨ ਵਾਲੇ ਭਾਜਪਾ ਅਤੇ ਉਸ ਨਾਲ ਜੁੜੀਆਂ ਜਥੇਬੰਦੀਆਂ ਦੇ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਛੱਡ ਦਿੱਤਾ ਗਿਆ, ਜਦੋਂਕਿ ਵਾਜਪਾਈ ਨੂੰ ਸ਼ਰਧਾਂਜਲੀ ਦੇਣ ਜਾਂਦੇ ਸਮੇਂ ਉਨ੍ਹਾਂ 'ਤੇ ਜਦੋਂ ਹਮਲਾ ਹੋਇਆ ਤਾਂ ਕੋਈ ਪੁਲਸ ਅਧਿਕਾਰੀ ਉਨ੍ਹਾਂ ਦੇ ਬਚਾਅ ਲਈ ਨਹੀਂ ਆਇਆ। ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਕੰਮ ਭਾਜਪਾ ਸਰਕਾਰ ਨੇ ਪਹਿਲਾਂ ਤੋਂ ਯੋਜਨਾਬੱਧ ਤਰੀਕੇ ਨਾਲ ਕਰਵਾਇਆ। ਇਸ ਲਈ ਹੁਣ ਉਹ ਇਨਸਾਫ ਦੇ ਲਈ ਮਾਣਯੋਗ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

## ਔਰਤਾਂ ਦਾ ਇਲਾਜ ਕਰਨ ਵਾਲਾ ਕਿਸਿੰਗ ਬਾਬਾ ਫੜਿਆ ਗਿਆ

**ਮੋਰੀ/ਬਿਊਰੋ ਨਿਊਜ਼ :** ਅਸਾਮ ਦੇ ਮੋਰੀ ਪਿੰਡ ਵਿਚ ਰਾਮ ਪ੍ਰਕਾਸ਼ ਚੌਹਾਨ ਉਰਫ ਕਿਸਿੰਗ ਬਾਬਾ ਨੂੰ ਭੋਰਤਾਲੁਪ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਇਲਾਜ ਦੇ ਬਹਾਨੇ ਔਰਤਾਂ ਨੂੰ ਛੂੰਹਦਾ ਤੇ ਗਲਤ ਹਰਕਤਾਂ ਸੀ। ਇਹ ਫਰਜ਼ੀ ਬਾਬਾ ਕਥਿਤ ਚਮਤਕਾਰੀ ਚੁੰਮੀਆਂ ਨਾਲ ਔਰਤਾਂ ਦੀ ਸਰੀਰਕ, ਮਾਨਸਿਕ ਸਮਸਿਆਵਾਂ ਨੂੰ ਖਤਮ ਕਰਨ ਦਾ ਦਾਅਵਾ ਕਰਦਾ ਸੀ। ਉਸ ਦਾ ਦਾਅਵਾ ਸੀ ਕਿ ਉਸ ਨੂੰ "ਅਲੌਕਿਕ ਸ਼ਕਤੀ ਭਗਵਾਨ ਵਿਸ਼ਨੂੰ ਤੋਂ ਪ੍ਰਾਪਤ ਹੁੰਦੀ ਹੈ ਅਤੇ ਉਹ ਕਿਸੇ ਵੀ ਤਰੀਕੇ ਦੀ ਸਮੱਸਿਆ ਨੂੰ ਆਪਣੀ ਚੁੰਮੀ ਨਾਲ ਠੀਕ ਕਰ ਸਕਦਾ ਹੈ।" ਇਲਾਜ ਦੇ ਬਹਾਨੇ ਉਸ ਨੇ ਪਿੰਡ ਦੀਆਂ ਅਜਿਹੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ



ਕੀਤਾ ਜੋ ਅੰਧ ਵਿਸ਼ਵਾਸ ਵਿਚ ਗ੍ਰਸੀਆਂ ਸਨ। ਮੋਰੀ ਪਿੰਡ ਇੱਕ ਅਜਿਹੀ ਜਗ੍ਹਾ ਹੈ, ਜਿੱਥੇ ਲੋਕ ਸਦੀਆਂ ਤੋਂ ਕਾਲੇ ਜਾਦੂ ਤੇ ਯਕੀਨ ਕਰਦੇ ਹਨ। ਅਜਿਹੇ ਵਿਚ ਇਸ ਬਾਬਾ ਦੀਆਂ ਗੱਲਾਂ ਉਤੇ ਲੋਕ ਵਿਸ਼ਵਾਸ ਕਰਨ ਲੱਗ ਗਏ ਸਨ। ਇਸ ਤੋਂ ਇਲਾਵਾ ਢੌਂਗੀ ਬਾਬੇ ਰਾਮ ਪ੍ਰਕਾਸ਼ ਚੌਹਾਨ ਦੀ ਮਾਂ ਨੇ ਵੀ ਆਪਣੇ ਪੁੱਤ ਦੇ ਬਾਰੇ ਲੋਕਾਂ ਨੂੰ ਇਹ ਦੱਸਿਆ ਸੀ ਕਿ ਉਸ ਦੇ ਪੁੱਤ ਵਿਚ ਸ਼ਕਤੀਆਂ ਆ ਗਈਆਂ ਹਨ। ਫਿਲਹਾਲ ਚੌਹਾਨ ਦੀ ਮਾਂ ਤੋਂ ਪੁੱਛਗਿੱਛ ਚੱਲ ਰਹੀ ਹੈ।

## ਮੰਤਰੀ ਰੰਧਾਵਾ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖਿਆ ਪੱਤਰ

ਦੋਸ਼ ਲਾਏ ਗਏ ਸਨ। ਉਨ੍ਹਾਂ ਆਖਿਆ ਕਿ ਗਿਆਨੀ ਗੁਰਬਚਨ ਸਿੰਘ ਨੂੰ ਸਿੱਖ ਸੰਗਤ ਨੂੰ ਇਨ੍ਹਾਂ ਬਿਆਨਾਂ ਬਾਰੇ ਸਪੱਸ਼ਟ ਕਰਨਾ ਚਾਹੀਦਾ ਹੈ। ਉਹ ਇਸ ਗੰਭੀਰ ਮੁੱਦੇ ਉਤੇ ਆਪਣਾ ਫੈਸਲਾ ਦੇਣ। ਉਨ੍ਹਾਂ ਆਖਿਆ ਕਿ ਜੇਕਰ ਜਥੇਦਾਰ ਗਿਆਨੀ ਗੁਰਬਚਨ ਸਿੰਘ ਇਸ ਵੇਲੇ ਚੁਪ ਰਹੇ ਤਾਂ ਮਹਾਨ ਤਖ਼ਤ ਦੇ ਸਿਆਸੀਕਰਨ ਵਾਲੇ ਇਲਜ਼ਾਮ ਹੋਰ ਪੁਖ਼ਤਾ ਹੋਣਗੇ।

ਉਨ੍ਹਾਂ ਆਖਿਆ ਕਿ ਮੌਜੂਦਾ ਮੁੱਦੇ ਨੂੰ ਲੈ ਕੇ ਵਾਇਰਲ ਹੋਈਆਂ ਵੀਡੀਓਜ਼, ਚੱਲ ਰਹੀਆਂ ਬਹਿਸਾਂ ਅਤੇ ਆਲੋਚਨਾ ਦਾ ਢੁਕਵਾਂ ਜਵਾਬ ਹੁਣ ਸਿਰਫ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹੀ ਦੇ ਸਕਦੇ ਹਨ। ਉਨ੍ਹਾਂ ਆਖਿਆ ਕਿ ਉਹ ਸਿੱਖ ਜਗਤ ਦੇ ਸਰਵਉਚ ਅਸਥਾਨ 'ਤੇ ਬਿਰਾਜਮਾਨ ਹਨ, ਜਿਥੋਂ ਇਤਿਹਾਸ ਬਦਲੇ ਵੀ ਗਏ ਹਨ ਅਤੇ ਇਥੇ ਵਾਪਰੇ ਘਟਨਾਕ੍ਰਮ ਇਤਿਹਾਸ ਦਾ ਹਿੱਸਾ ਵੀ ਬਣੇ ਹਨ। ਇਸ ਲਈ ਜ਼ਰੂਰੀ ਹੈ ਕਿ ਸੱਚ ਨੂੰ ਸਾਹਮਣੇ ਲਿਆਂਦਾ ਜਾਵੇ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਗਿਆਨੀ ਗੁਰਮੁਖ ਸਿੰਘ ਦਾ ਭਰਾ ਹਿੰਮਤ ਸਿੰਘ, ਜਸਟਿਸ ਰਣਜੀਤ ਸਿੰਘ ਕਮਿਸ਼ਨ ਕੋਲ ਦਿੱਤੇ ਬਿਆਨਾਂ ਤੋਂ ਮੁੱਕਰ ਗਿਆ ਸੀ। ਉਸ ਨੇ ਮੀਡੀਆ ਕੋਲ ਪੇਸ਼ ਕੇ ਦੋਸ਼ ਲਾਏ ਸਨ ਕਿ ਉਸ ਦੇ ਬਿਆਨ ਨੂੰ ਗਲਤ ਪੇਸ਼ ਕੀਤਾ ਗਿਆ ਹੈ ਅਤੇ ਉਸ ਵਲੋਂ ਦਿੱਤੇ ਗਏ ਬਿਆਨ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਜਸਟਿਸ ਰਣਜੀਤ ਸਿੰਘ ਦੇ ਦਬਾਅ ਹੇਠ ਦਿੱਤੇ ਗਏ ਸਨ। ਉਸ ਨੇ ਆਪਣੇ ਬਿਆਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚੋਂ ਮਨਫੀ ਕਰਨ ਦੀ ਵੀ ਅਪੀਲ ਕੀਤੀ ਹੈ। ਕਮਿਸ਼ਨ ਦੀ ਇਹ ਰਿਪੋਰਟ ਭਲਕੇ ਵਿਧਾਨ ਸਭਾ ਵਿਚ ਰੱਖੇ ਜਾਣ ਦੀ ਉਮੀਦ ਹੈ।

## ਮੋਦੀ ਮਾਰਕਾ ਯੋਗਾ-ਸ਼ਿਵਰ ਦਾ ਕੱਚ-ਸੱਚ

ਮੋਦੀ ਸਾਹਿਬ ਤਾਂ ਇੱਕ ਦਿਨ ਦੇ ਯੋਗ ਨੂੰ ਦੁਨੀਆ ਸਾਹਮਣੇ ਇਸ ਤਰ੍ਹਾਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਵੇਂ ਜਮਰੌਦ ਦਾ ਕਿਲ੍ਹਾ ਸਰ ਕਰਨ ਜਾਣਾ ਹੋਵੇ। ਸੋ ਤੂੰ ਜਿਸ ਯੋਗ ਦੀ ਗੱਲ ਕਰ ਰਿਹਾ ਹੈ, ਇਹ ਸਭ ਪਾਖੰਡ ਹੈ, ਢਕੌਂਸਲ੍ਹਾ ਹੈ, ਹੋਰ ਕੁਝ ਨਹੀਂ।

ਮੋਦੀ ਸਾਹਿਬ ਸਸਤੀ ਸ਼ੋਹਰਤ ਹਾਸਿਲ ਕਰਨ ਲਈ ਇਹ ਸਭ ਕਰਵਾ ਰਹੇ ਹਨ ਅਤੇ ਇਸੇ ਕਰਕੇ ਇਸ ਦਾ ਵੱਧ ਢਿੰਡੋਰਾ ਪਿੱਟਿਆ ਜਾ ਰਿਹਾ ਹੈ। ਆਪਾਂ ਨੂੰ ਪਤਾ ਹੈ ਕਿ ਉੱਥੇ ਯੋਗ ਸ਼ਿਵਰਾਂ ਵਿੱਚ ਕਿਸੇ ਵੀ ਮਜ਼ਦੂਰ, ਕਿਸਾਨ ਜਾਂ ਕਿਰਤੀ ਨੇ ਨਹੀਂ ਜਾਣਾ ਤੇ ਨਾ ਹੀ ਉਨ੍ਹਾਂ ਕੋਲ ਉੱਥੇ ਜਾਣ ਦਾ ਸਮਾਂ ਹੈ ਤੇ ਨਾ ਹੀ ਲੋੜ। ਇਹ ਤਾਂ ਬਿਨਾ ਨਾਗਾ ਹਰ ਰੋਜ਼ ਦੇ ਯੋਗੀ ਹਨ।

ਉੱਥੇ ਤਾਂ ਬੀਜੇਪੀ ਅਤੇ ਆਰਐਸਐਸ. ਦੇ ਕਥਿੱਤ ਪਿਆਦੇ ਹੀ ਆਪਣੇ ਮਾਲਕਾਂ ਦਾ ਹੁਕਮ ਬਜਾਉਣ ਲਈ ਜਾਣਗੇ ਜਾਂ ਸਾਰੇ ਭਾਰਤ ਵਿੱਚੋਂ ਕੋਚਿੰਗ ਕਰਨ ਕੋਟਾ ਸ਼ਹਿਰ ਗਏ ਲੱਖਾਂ ਨੌਜਵਾਨ ਸਰਕਾਰਾਂ ਦੇ ਚੌਧਰੀਆਂ ਦੇ ਕਥਿੱਤ ਹੁਕਮਾਂ ਨਾਲ ਮਜਬੂਰੀ ਵਸ ਉਸ ਵਿੱਚ ਹਿੱਸਾ ਲੈਣਗੇ।"

ਮੈਨੂੰ ਪਤਾ ਲੱਗਾ ਕਿ ਸਾਰੇ ਕੋਚਿੰਗ ਸੈਂਟਰਾਂ ਦੇ ਮਾਲਕਾਂ ਤੇ ਨਿੱਜੀ ਸਕੂਲ ਤੇ ਮਾਲਕਾਂ ਨੂੰ ਕੇਂਦਰ ਤੇ ਸੂਬਾ ਸਰਕਾਰਾਂ ਦੇ ਚੌਧਰੀਆਂ ਵੱਲੋਂ ਕਥਿੱਤ ਸਖ਼ਤ ਹੁਕਮ ਕੀਤੇ ਗਏ ਸਨ ਕਿ ਸਾਰੇ ਆਪਣੇ-ਆਪਣੇ ਅਦਾਰਿਆਂ ਵਿੱਚ ਸਿੱਖਿਆ ਹਾਸਲ ਕਰ ਰਹੇ ਨੌਜਵਾਨਾਂ ਨੂੰ ਯੋਗਾ ਸ਼ਿਵਰਾਂ ਵਿੱਚ ਹਰ ਹਾਲਤ ਵਿੱਚ ਪੁੱਜਦਾ ਕਰਨ ਅਤੇ ਆਪਣੇ-ਆਪਣੇ ਵਿਦਿਆਰਥੀਆਂ ਦੀ ਕਥਿੱਤ ਤੌਰ ਤੇ ਉੱਥੇ ਹਾਜ਼ਰੀ ਜ਼ਰੂਰ ਲਗਵਾਉਣ ਵਰਨਾ..........ਕਿ ? ਪਾਠਕ ਆਪੇ ਸਮਝ ਜਾਣਗੇ। ਇਸ ਹੁਕਮ ਤਹਿਤ ਹੀ ਇੱਕ ਲੱਖ ਤੋਂ ਉੱਪਰ ਉਨ੍ਹਾਂ ਨੌਜਵਾਨਾਂ ਦਾ ਇਕੱਠ ਹੋ ਰਿਹਾ ਸੀ। ਇਸ ਕਾਰਨ ਹੀ ਮੋਦੀ ਸਾਹਿਬ ਇੰਨੇ ਯਕੀਨ ਨਾਲ ਗਿੰਨੀਜ਼ ਬੁੱਕ ਦੇ ਰਿਕਾਰਡ ਵਿੱਚ ਆ ਜਾਣ ਦੀ ਗੱਲ ਕਰ ਰਹੇ ਸਨ। ਆਮ ਲੋਕਾਂ ਅਤੇ ਆਪਣੀ ਪਾਰਟੀ ਬੀਜੇਪੀ ਉਤੇ ਪੱਕਾ ਯਕੀਨ ਨਹੀਂ ਸੀ ਹੋ ਸਕਦਾ ਕਿਉਂਕਿ ਮੋਦੀ ਸਾਹਿਬ ਦੀ ਅੱਜ ਤੱਕ ਦੀ ਕਿਸੇ ਵੀ ਰੈਲੀ ਵਿੱਚ ਇੰਨਾ ਇਕੱਠ ਨਹੀਂ ਸੀ ਹੋਇਆ, ਜਦਕਿ ਰੈਲੀ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਪੂਰੇ ਜ਼ੋਰ ਨਾਲ ਖਿੱਚਣ ਦੀ ਕੋਸ਼ਿਸ਼ ਕੀਤੀ ਗਈ ਹੁੰਦੀ ਹੈ। ਇਹ ਜ਼ਬਰਦਸਤੀ ਭਾਵੇਂ ਯੋਗਾ ਸ਼ਿਵਰਾਂ ਵਿੱਚ ਭੇਜੇ ਜਾਣ ਵਾਲੇ ਨੌਜਵਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਸੀ ਪਰ ਫਿਰ ਵੀ ਇਸ ਨੂੰ ਅਮਲ ਵਿੱਚ ਲਿਆਂਦਾ ਗਿਆ। ਇਸ ਤਰ੍ਹਾਂ ਮੋਦੀ ਸਾਹਿਬ ਦੀ ਨਾ "ਹਿੰਗ ਲੱਗੀ ਨਾ ਫਟਕੜੀ ਰੰਗ ਚੋਖਾ" ਆ ਰਿਹਾ ਹੈ। ਇਹ ਸਾਰੀ ਕਾਰਗੁਜ਼ਾਰੀ ਮੁਫ਼ਤ ਵਿੱਚ ਮੋਦੀ ਜੀ ਦੇ ਖਾਤੇ ਵਿੱਚ ਗਈ। ਇਸ ਤਰ੍ਹਾਂ ਮੋਦੀ ਜੀ ਨੇ ਗਿੰਨੀਜ਼ ਬੁੱਕ ਆਫ ਰਿਕਾਰਡ ਵਿੱਚ ਆਪਣੀ ਥਾਂ ਬਣਾਈ ਹੈ। ਪਰ ਯੋਗ ਵਿੱਚ ਸ਼ਾਮਲ ਵਿਅਕਤੀ ਅਸਲ ਯੋਗੀ ਨਹੀਂ ਸਨ। ਕਥਿੱਤ ਤੌਰ 'ਤੇ ਸਰਕਾਰੀ ਚੌਧਰੀਆਂ ਦੇ ਹੁਕਮਾਂ ਨਾਲ ਜ਼ਬਰਦਸਤੀ ਸ਼ਾਮਿਲ ਕੀਤੇ ਗਏ ਕੋਚਿੰਗ ਸੈਂਟਰਾਂ ਅਤੇ ਨਿੱਜੀ ਸਕੂਲਾਂ ਦੇ ਵਿਦਿਆਰਥੀ ਹੀ ਸਨ। ਜੇਕਰ ਗਿੰਨੀਜ਼ ਬੁੱਕ ਰਿਕਾਰਡ ਦੇ ਪ੍ਰਬੰਧਕਾਂ ਨੂੰ ਇਸ ਦਾ ਪੂਰਾ ਸਬੂਤ ਮਿਲ ਜਾਵੇ ਤਾਂ ਮੋਦੀ ਜੀ ਦੀ ਕਿਰਕਿਰੀ ਹੋਣੀ ਤਹਿ ਹੈ। ਭਾਰਤ ਦੇ ਆਮ ਲੋਕਾਂ 'ਚ ਤਾਂ ਪਹਿਲਾਂ ਹੀ ਹੋ ਗਈ ਹੈ।

## ਈਡਨਬਰਗ ਦੇ ਗੁਰਦੁਆਰਾ ਸਾਹਿਬ ਵਿਚ ਪੈਟਰੋਲ ਬੰਬ ਸੁੱਟਿਆ

ਦਾ ਦਾਅਵਾ ਕੀਤਾ ਗਿਆ ਹੈ। ਅੱਗ ਲੱਗਣ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਅੰਦਰ ਧੂੰਆਂ ਫੈਲਣ ਨਾਲ ਹਾਲਤ ਖਰਾਬ ਹੋ ਗਈ ਹੈ ਤੇ ਪੁਲੀਸ ਨੇ ਗੁਰਦੁਆਰੇ ਨੂੰ ਸਫਾਈ ਤੋਂ ਪਹਿਲਾਂ ਖੋਲ੍ਹਣ ਤੋਂ ਮਨ੍ਹਾਂ ਕਰ ਦਿੱਤਾ ਹੈ। ਇਸ ਘਟਨਾ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੁਰੱਖਿਅਤ ਹਨ ਪਰ ਦੀਵਾਨ ਹਾਲ ਵਿਚ ਕਾਲਖ਼ ਫੈਲ ਗਈ ਹੈ। ਪੁਲੀਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਫੌਰੈਂਸਿਕ ਮਾਹਿਰ ਵੀ ਪੁੱਜ ਗਏ ਹਨ। ਪ੍ਰਬੰਧਕਾਂ ਨੇ ਕਿਹਾ ਹੈ ਕਿ ਜਦੋਂ ਹੀ ਸਥਿਤੀ ਆਮ ਵਰਗੀ ਹੋ ਜਾਵੇਗੀ ਤਾਂ ਸੰਗਤ ਨੂੰ ਤੁਰੰਤ ਸੂਚਿਤ ਕੀਤਾ ਜਾਵੇਗਾ ਅਤੇ ਗੁਰੂਘਰ ਨੂੰ ਸੰਗਤ ਲਈ ਖੋਲ੍ਹ ਦਿੱਤਾ ਜਾਵੇਗਾ।

## ਟਰੰਪ 'ਤੇ ਮਹਾਂਦੋਸ਼ ਦੀ ਤਲਵਾਰ ਲਟਕੀ

ਯਾਦ ਰਹੇ ਕਿ ਅਸ਼ਲੀਲ ਫਿਲਮਾਂ ਦੀ ਸਟਾਰ ਸਟੈਫਨੀ ਕਲਿਫਰਡ, ਜਿਸ ਨੂੰ ਆਮ ਕਰ ਸਟੋਰਮੀ ਡੈਨੀਅਲਜ਼ ਵਜੋਂ ਜਾਣਿਆ ਜਾਂਦਾ ਹੈ ਤੇ ਸਾਬਕਾ ਪਲੇਅਬੁਏ ਮਾਡਲ ਕੈਰੇਨ ਮੈਕਡਗਲ ਨੇ ਡੋਨਲਡ ਟਰੰਪ ਨਾਲ ਸਬੰਧ ਹੋਣ ਦੀ ਗੱਲ ਕਹੀ ਸੀ। ਕਲਿਫਰਡ ਤੇ ਮੈਕਡਗਲ ਨੇ ਦਾਅਵਾ ਕੀਤਾ ਸੀ ਕਿ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਸਬੰਧਾਂ ਬਾਰੇ ਚੁੱਪ ਵੱਟਣ ਲਈ ਉਨ੍ਹਾਂ ਨੂੰ ਕੋਹੇਨ ਰਾਹੀਂ 1.30 ਲੱਖ ਤੇ ਡੇਢ ਲੱਖ ਡਾਲਰ ਦੀ ਅਦਾਇਗੀ ਕੀਤੀ ਸੀ।

ਰਾਸ਼ਟਰਪਤੀ ਡੋਨਲਡ ਟਰੰਪ ਦੇ ਵਕੀਲ ਰੁਡੋਲਫ ਗਿਲਿਆਨੀ ਨੇ ਕਿਹਾ ਕਿ ਸਰਕਾਰ ਨੇ ਕੋਹੇਨ ਖ਼ਿਲਾਫ ਜਿਹੜੇ ਦੋਸ਼ ਆਇਦ ਕੀਤੇ ਹਨ, ਉਨ੍ਹਾਂ ਤੋਂ ਇਹ ਕਿਤੇ ਸਾਬਤ ਨਹੀਂ ਹੁੰਦਾ ਕਿ ਰਾਸ਼ਟਰਪਤੀ ਨੇ ਕੁਝ ਗ਼ਲਤ ਕੀਤਾ ਹੈ।

## ਸਿੱਖ ਬੁੱਧੀਜੀਵੀਆਂ ਨੇ ਦਿੱਲੀ ਕਮੇਟੀ ਦੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਛਾਪਣ ਦੇ ਫੈਸਲੇ 'ਤੇ ਉਂਗਲ ਚੁੱਕੀ

ਸਿੱਖ ਸੰਗਤ ਨੂੰ ਅਗਾਉਂ ਪਤਾ ਹੋਣਾ ਚਾਹੀਦਾ ਹੈ ਕਿ ਦਿੱਲੀ ਕਮੇਟੀ ਗੁਰਬਾਣੀ ਦੀ ਕਿਹੜੀ ਟੈਕਸਟ ਛਾਪ ਰਹੀ ਹੈ। ਗੁਰਬਾਣੀ ਵਿਚ ਕੋਈ ਰਲਾ ਤਾਂ ਨਹੀਂ ਹੋਵੇਗਾ ਅਤੇ ਗੁਰਬਾਣੀ ਦੀ 415 ਸਾਲ ਤੋਂ ਚਲਦੀ ਆ ਰਹੀ ਵਿਲੱਖਣ ਰਚਨਾ ਅਤੇ ਤਰਤੀਬ ਕਾਇਮ ਰਹੇਗੀ ? ਕਿਉਂਕਿ ਥੋੜ੍ਹੀ ਜਿਹੀ ਹਿੱਲਜੁਲ ਵੀ ਰੱਬੀ ਬਾਣੀ ਦੀ ਰੂਹ ਨੂੰ ਜ਼ਰਬ ਪਹੁੰਚਾ ਸਕਦੀ ਹੈ।

ਪਹਿਲਾਂ ਹੀ ਹੱਥ ਲਿਖਤ ਬੀੜਾਂ ਤੋਂ ਅੱਗੇ ਛਪਾਈ ਕਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਬਾਣੀ ਦੇ ਟੈਕਸਟ ਨਾਲ ਹੋਈ ਮਹੀਨ ਛੇੜ-ਛਾੜ ਦੀ ਚਰਚਾ ਸਿੱਖਾਂ ਅੰਦਰ ਚੱਲ ਰਹੀ ਹੈ। ਇਸ ਤੋਂ ਇਲਾਵਾ ਪੁਰਾਣੀ ਮਰਿਆਦਾ ਨੂੰ ਮਨ ਮਰਜ਼ੀ ਨਾਲ ਤੋੜਦਿਆਂ ਸ਼੍ਰੋਮਣੀ ਕਮੇਟੀ ਨੇ ਨਿਸ਼ਾਨ ਸਾਹਿਬ ਅਤੇ ਸਿਰੋਪਿਆਂ ਦੇ ਰੰਗ ਵੀ ਬਦਲ ਦਿੱਤੇ ਹਨ ਅਤੇ ਮੰਜੀ ਸਾਹਿਬ ਉਤੇ ਸੰਗਤ ਦੇ ਇਕੱਠੇ ਹੋ ਕੇ ਮਸਲੇ ਵਿਚਾਰਨ ਦੀ ਪ੍ਰੰਪਰਾ ਵੀ ਖਤਮ ਕਰ ਦਿੱਤੀ ਹੈ।

ਉਨ੍ਹਾ ਕਿਹਾ ਕਿ ਅੱਜ ਦੇ ਹਾਲਾਤ ਵਿਚ ਜਦੋਂ ਸਿੱਖ ਪ੍ਰੰਪਰਾ "ਪੰਥ ਤੇ ਗ੍ਰੰਥ" ਉਤੇ ਹਿੰਦੂਤਵ ਦੇ ਗਹਿਰੇ ਬੱਦਲ ਮੰਡਰਾ ਰਹੇ ਹਨ ਤਾਂ ਦਿੱਲੀ ਕਮੇਟੀ ਨੂੰ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੱਡੇ ਪੱਧਰ 'ਤੇ ਛਾਪਣ ਤੋਂ ਪਹਿਲਾਂ ਉਹ ਸਿੱਖਾਂ ਨੂੰ ਘੱਟੋ-ਘੱਟ ਦਸ ਜਿਲਦਾਂ ਦਿਖਾਵੇ ਕਿ ਧੁਰ ਕੀ ਬਾਣੀ ਨਾਲ ਛੇੜ-ਛਾੜ ਤਾਂ ਨਹੀਂ ਹੋਈ ?

ਸਿੱਖ ਬੁੱਧੀਜੀਵੀਆਂ ਨੇ ਦਿੱਲੀ ਕਮੇਟੀ ਨੂੰ ਸੁਚੇਤ ਕੀਤਾ ਕਿ ਜੇ ਕਿਤੇ ਕੋਈ ਅਜਿਹੀ ਛੋਟੀ-ਮੋਟੀ ਗਲਤੀ ਵੀ ਸੰਗਤ ਦੀ ਨਜ਼ਰ ਪਈ ਤਾਂ ਸੰਨ 2015 ਵਾਲੀ ਬਰਗਾੜੀ ਬੇਅਦਬੀ ਘਟਨਾ ਤੋਂ ਵੱਡੇ ਸਿੱਖ ਵਿਰੋਧ ਖੜ੍ਹੇ ਹੋਣਗੇ ਜਿਸ ਦੀ ਜਿੰਮੇਵਾਰੀ ਕਮੇਟੀ ਦੀ ਹੀ ਹੋਵੇਗੀ। ਉਨ੍ਹਾਂ ਨੇ ਦੁਨੀਆ ਦੇ ਕੋਨੇ-ਕੋਨੇ ਵਿਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਚੁਕੰਨੇ ਰਹਿਣ ਤਾਂ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਾਰ ਸਦੀਆਂ ਪੁਰਾਣੀ ਸ਼ੁੱਧਤਾ ਤੇ ਮੌਲਿਕਤਾ ਨੂੰ ਸਿਆਸੀ ਕਲਾਬਾਜ਼ੀਆਂ ਤੋਂ ਮਹਿਫੂਜ਼ ਰੱਖਿਆ ਜਾ ਸਕੇ।

## ਸਿੱਖ ਸੰਸਥਾਵਾਂ ਵੱਲੋਂ ਕਾਂਗਰਸਮੈਨ ਜੈਰੀ ਮੈਕਨਰਨੀ ਨਾਲ ਵਿਸ਼ੇਸ਼ ਮੁਲਾਕਾਤ

ਇਸ ਤੋਂ ਇਲਾਵਾ ਆਏ ਪਤਵੰਤੇ ਸਿੱਖ ਆਗੂਆਂ ਨੇ ਸਕੂਲਾਂ ਵਿਚ ਹੋ ਰਹੀ ਸਿੱਖ ਵਿਦਿਆਰਥੀਆਂ ਨਾਲ ਧੱਕੇਸ਼ਾਹੀ (ਬੁਲਿੰਗ) ਦੀਆਂ ਆ ਰਹੀਆਂ ਸ਼ਿਕਾਇਤਾਂ ਬਾਰੇ ਵੀ ਕਾਂਗਰਸਮੈਨ ਨੂੰ ਜਾਣੂ ਕਰਵਾਇਆ। ਉਤਰੀ ਕੈਲੀਫੋਰਨੀਆ ਵਿਚ ਚੱਲ ਰਹੇ ਪਾਣੀ ਦੇ ਮਸਲੇ 'ਤੇ ਵੀ ਇਸ ਮੀਟਿੰਗ ਵਿਚ ਵਿਸਥਾਰ ਨਾਲ ਚਰਚਾ ਹੋਈ। ਸਿੱਖ ਆਗੂਆਂ ਨੇ ਦੱਸਿਆ ਕਿ ਸਿੱਖ ਭਾਈਚਾਰਾ ਇਕ ਅਮਨ-ਪਸੰਦ ਕੌਮ ਹੈ ਅਤੇ ਅਮਰੀਕਾ ਦੀ ਤਰੱਕੀ ਵਿਚ ਆਪਣਾ ਅਹਿਮ ਯੋਗਦਾਨ ਪਾ ਰਿਹਾ ਹੈ।

ਇਸ ਮੀਟਿੰਗ ਵਿਚ ਆਉਣ ਵਾਲੇ ਦਿਨਾਂ ਵਿਚ ਰਾਸ਼ਟਰਵਾਦੀ ਕੱਟੜ ਹਿੰਦੂ ਜਥੇਬੰਦੀਆਂ ਵਲੋਂ ਸ਼ਿਕਾਗੋ ਵਿਚ ਕਰਵਾਏ ਜਾ ਰਹੇ ਹਿੰਦੂ ਫਿਰਕਾਪ੍ਰਸਤੀ ਦੇ ਪਾਸਾਰ ਵਾਲੇ ਪ੍ਰੋਗਰਾਮ ਬਾਰੇ ਵੀ ਕਾਂਗਰਸਮੈਨ ਨੂੰ ਜਾਣੂੰ ਕਰਵਾਇਆ ਅਤੇ ਬੇਨਤੀ ਕੀਤੀ ਕਿ ਆਰਐਸਐਸ ਦੇ ਮੁਖੀ ਮੋਹਨ ਭਾਗਵਤ ਤੇ ਯੂਪੀ. ਦੇ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ ਦੇ ਅਮਰੀਕਾ ਦਾਖਲੇ ਉਤੇ ਪਾਬੰਦੀ ਲਗਾਈ ਜਾਵੇ।

ਕਾਂਗਰਸਮੈਨ ਜੈਰੀ ਮੈਕਨਰਨੀ ਨੇ ਮੀਟ ਐਂਡ ਗ੍ਰੀਟ ਪ੍ਰੋਗਰਾਮ ਵਿਚ ਆਏ ਸਿੱਖ ਆਗੂਆਂ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਸਿੱਖ ਭਾਈਚਾਰੇ ਨਾਲ ਖੜ੍ਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਸਿੱਖ ਭਾਈਚਾਰੇ ਦੀ ਦਿਲੋਂ ਇੱਜ਼ਤ ਕਰਦੇ ਹਨ। ਮੈਕਨਰਨੀ ਨੇ ਕਿਹਾ ਕਿ ਉਹ ਸਿੱਖਾਂ ਦੀ ਪਹਿਚਾਣ ਨੂੰ ਅਮਰੀਕਾ ਭਰ 'ਚ ਯਕੀਨੀ ਬਣਾਉਣ ਦਾ ਯਤਨ ਕਰਦੇ ਰਹਿਣਗੇ ਅਤੇ ਸਿੱਖਾਂ ਖਿਲਾਫ ਹੋ ਰਹੇ ਨਸਲਵਾਦ ਨੂੰ ਠੱਲ੍ਹ ਪਾਉਣ ਲਈ ਢੁਕਵੇਂ ਕਦਮ ਚੁੱਕਣ ਲਈ ਸਰਕਾਰ ਨੂੰ ਕਹਿਣਗੇ।

ਇਸ ਮੌਕੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ, ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ, ਜਾਹਨ ਸਿੰਘ ਗਿੱਲ, ਕੁਲਜੀਤ ਸਿੰਘ ਨਿੱਝਰ, ਦਵਿੰਦਰ ਸਿੰਘ ਬੱਬਰ ਤੇ ਮਨਜੀਤ ਸਿੰਘ ਬਰਾੜ ਵੀ ਹਾਜ਼ਰ ਸਨ। ਸੁੱਖ ਧਾਲੀਵਾਲ ਦੇ ਪਰਵਾਰ ਵੱਲੋਂ ਆਏ ਮਹਿਮਾਨਾਂ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ।

## ਅਖੌਤੀ ਦੇਸ਼ ਭਗਤ ਭਗਵਿਆਂ ਦੇ ਨਿਸ਼ਾਨੇ 'ਤੇ ਆਇਆ ਨਵਜੋਤ ਸਿੱਧੂ

ਪੰਥਕ ਤੇ ਮਨੁੱਖਤਾ ਪੱਖੀ ਮੁਹਿੰਮ ਜਾਰੀ ਹੈ। ਲਾਂਘੇ ਲਈ ਦੋਵਾਂ ਦੇਸ਼ਾਂ ਦੀਆਂ ਹਕੂਮਤਾਂ ਨੂੰ ਉਦਮ ਕਰਨਾ ਚਾਹੀਦਾ ਹੈ ਅਤੇ ਇੱਕ ਵਿਸ਼ੇਸ਼ ਕੋਰੀਡੋਰ ਬਣਾਇਆ ਜਾਣਾ ਚਾਹੀਦਾ ਹੈ, ਜਿਸ ਨਾਲ ਸੰਗਤਾਂ ਵੀ ਆਪਣੇ ਮੁਕੱਦਸ ਸਥਾਨ ਦੇ ਦਰਸ਼ਨ ਕਰ ਸਕਣ ਤਾਂ ਜੋ ਗੁਰੂ ਨਾਨਕ ਦਾ ਕਰਤਾਰਪੁਰ ਦੋਵਾਂ ਦੇਸ਼ਾਂ ਵਿਚ ਆਪਸੀ ਭਾਈਚਾਰਕ ਸਾਂਝ ਦਾ ਮਾਡਲ ਬਣ ਸਕੇ, ਜਿਥੋਂ ਗੁਰੂ ਨਾਨਕ ਸਾਹਿਬ ਨੇ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਸੀ। ਇਹ ਜੋ ਕਰਤਾਰਪੁਰ ਦੇ ਖੁੱਲ੍ਹੇ ਲਾਂਘੇ ਬਾਰੇ ਆਵਾਜ਼ਾਂ ਉੱਠ ਰਹੀਆਂ ਹਨ, ਉਸ ਨੂੰ ਭਗਵੇਂ ਰਾਸ਼ਟਰਵਾਦੀ ਨਹੀਂ ਦਬਾ ਸਕਣਗੇ ਤੇ ਨਾ ਹੀ ਸਿਆਸੀ ਖੇਡਾਂ ਖੇਡਣ ਵਾਲੇ। ਇਹ ਪੰਥ ਦੀ ਆਵਾਜ਼ ਹੈ, ਮਨੁੱਖਤਾ ਦੀ ਆਵਾਜ਼ ਹੈ, ਗੁਰੂ ਨਾਨਕ ਦੀ ਆਵਾਜ਼ ਹੈ।

ਨਵੀਂ ਸਰਕਾਰ ਬਣਨ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਧਾਈ ਦਿੱਤੀ ਤੇ ਦੋਨਾਂ ਦੇਸ਼ਾਂ ਦੇ ਵਿਚਾਲੇ ਚੰਗੇ ਸੰਬੰਧਾਂ ਦੀ ਆਸ ਪ੍ਰਗਟਾਈ। ਇਸ ਦੀ ਸ਼ਲਾਘਾ ਕਰਨੀ ਬਣਦੀ ਹੈ, ਕਿਉਂਕਿ ਭਾਰਤ ਸਰਕਾਰ ਨੇ ਸਾਕਾਰਾਤਮਕ ਅਤੇ ਸ਼ਿਸ਼ਟਾਚਾਰ ਪੂਰਨ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕੀਤਾ ਹੈ। ਦੂਜੇ ਪਾਸੇ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਵੀ ਤਾਰੀਫ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਵੀ ਸਾਕਾਰਾਤਮਕ ਰੁਖ ਪ੍ਰਗਟਾਇਆ ਹੈ। ਇਮਰਾਨ ਖਾਨ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਨੂੰ ਕਸ਼ਮੀਰ ਸਮੇਤ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਗੱਲਬਾਤ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਜੋ ਇਸ ਉਪ ਮਹਾਂਦੀਪ ਵਿਚ ਗਰੀਬੀ, ਬੇਰੁਜ਼ਗਾਰੀ ਦਾ ਸੰਤਾਪ ਮੁੱਕ ਸਕੇ।

ਇਥੇ ਇਹ ਵੀ ਦੱਸਣਯੋਗ ਹੈ ਕਿ ਨਵੇਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਖਰਚਿਆਂ ਵਿਚ ਕਟੌਤੀ ਅਤੇ ਸਾਦਗੀ ਦੀ ਮਿਸਾਲ ਖੁਦ ਪੇਸ਼ ਕਰਨ ਮਗਰੋਂ ਆਪਣੇ ਮੰਤਰੀ ਮੰਡਲ ਵਿਚ ਸਾਥੀਆਂ ਨੂੰ ਵੀ ਇਸਨੂੰ ਅਮਲ ਵਿਚ ਲਿਆਉਣ ਲਈ ਉਤਸ਼ਾਹਿਤ ਕੀਤਾ ਹੈ। ਮੰਤਰੀ ਮੰਡਲ ਦੀ ਪਹਿਲੀ ਰਵਾਇਤੀ ਬੈਠਕ ਵਿਚ ਮੰਤਰੀਆਂ ਨੂੰ ਸਿਰਫ ਚਾਹ ਦਿੱਤੀ ਗਈ। ਨਾ ਕੋਈ ਬਿਸਕੁਟ ਤੇ ਨਾ ਕੋਈ ਹੋਰ ਕਿਸਮ ਦਾ ਨਾਸ਼ਤਾ। ਇਮਰਾਨ ਨੇ ਕਿਹਾ ਕਿ ਉਹ ਖੁਦ 16 ਘੰਟੇ ਕੰਮ ਕਰਨਗੇ ਅਤੇ ਮੰਤਰੀ ਮੰਡਲ ਦੇ ਮੈਂਬਰਾਨ ਵੀ 14 ਘੰਟੇ ਕੰਮ ਕਰਨ ਸਹੁੰ ਚੁੱਕਣ ਤੋਂ ਬਾਅਦ ਜੋ ਇਮਰਾਨ ਖਾਨ ਨੇ ਸਾਕਾਰਾਤਮ ਰੁਖ ਭਾਰਤ ਪ੍ਰਤੀ ਦਿਖਾਇਆ ਹੈ, ਉਹੀ ਭਾਵ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦਾ ਹੈ। ਚੰਗੀ ਗੱਲ ਹੈ ਕਿ ਦੋਵੇਂ ਦੇਸ ਏਕਤਾ ਦਾ ਪ੍ਰਦਰਸ਼ਨ ਕਰਨ, ਦੁਸ਼ਮਣੀਆਂ ਦਾ ਰਾਹ ਛੱਡਣ ਤੇ ਵਿਕਾਸ ਵਲ ਧਿਆਨ ਦੇਣ। ਜੰਗ ਲਗਾਉਣ ਤੇ ਨਫ਼ਰਤ ਦੀ ਸਿਆਸਤ ਕਦੇ ਵੀ ਗਰੀਬ ਦੇਸ਼ਾਂ ਲਈ ਫਿੱਟ ਨਹੀਂ ਬੈਠਦੀ। ਇਸ ਦਾ ਲਾਭ ਭਾਵੇਂ ਸਿਆਸਤਦਾਨਾਂ ਨੂੰ ਹੁੰਦਾ ਹੈ ਤੇ ਉਨ੍ਹਾਂ ਦੀ ਕੁਰਸੀ ਬਹਾਲ ਰਹਿੰਦੀ ਹੈ, ਪਰ ਇਸ ਦਾ ਨੁਕਸਾਨ ਲੋਕਾਂ ਨੂੰ ਹੁੰਦਾ ਹੈ, ਜੋ ਗਰੀਬੀ ਵਿਚ ਘੁਟਦੇ ਮਰਦੇ ਹਨ। ਸਮੁੱਚੇ ਵਿਸ਼ਵ ਵਿਚ ਵਸਦੇ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਦੇ ਲਈ ਭਾਰਤ-ਪਾਕਿ ਏਕਤਾ ਦੇ ਲਈ ਮੁਹਿੰਮ ਉਸਾਰਨੀ ਚਾਹੀਦੀ ਹੈ, ਕਿਉਂਕਿ ਪੰਜਾਬੀ ਰੱਬ ਦੇ ਦੂਤ ਹਨ, ਜੋ ਦੁਨੀਆਂ ਵਿਚ ਸਰਬੱਤ ਦੇ ਭਲੇ ਦਾ ਸੁਨੇਹਾ ਦੇਣ ਆਏ ਹਨ। ਇਸ ਲਈ ਸਾਨੂੰ ਅਖੌਤੀ ਰਾਸ਼ਟਰਵਾਦੀਆਂ, ਭਗਵੇਂ ਰਾਸ਼ਟਰਵਾਦੀਆਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਤੇ ਮਨੁੱਖਤਾ ਦਾ ਸੁਨੇਹਾ ਸਮੁੱਚੇ ਵਿਸ਼ਵ ਵਿਚ ਦੇਣਾ ਚਾਹੀਦਾ ਹੈ। ਜੇਕਰ ਭਾਰਤ ਦੇ ਪ੍ਰਧਾਨ ਮੰਤਰੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਏਕਤਾ ਵਲ ਵਧਦੇ ਹਨ ਤਾਂ ਪੰਜਾਬੀਆਂ ਨੂੰ ਦ੍ਰਿੜ੍ਹਤਾ ਦੇ ਨਾਲ ਇਸ ਦਾ ਸੁਆਗਤ ਕਰਨਾ ਚਾਹੀਦਾ ਹੈ। ਜੰਗਬਾਜ਼ ਨਫ਼ਰਤ ਦਾ ਪ੍ਰਗਟਾਵਾ ਕਰਨ ਵਾਲੇ ਔਰੰਗਜ਼ੇਬ, ਬਾਬਰ, ਹਿਟਲਰ, ਮੁਸੋਲਿਨੀ, ਚੰਗੇਜ਼ ਖਾਨ ਵਰਗੇ ਹੋ ਸਕਦੇ ਹਨ। ਪਰ ਮਨੁੱਖਤਾ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਭਾਈ ਘਨੱਈਆ ਵਰਗੇ ਮਨੁੱਖਾ ਦੀ ਲੋੜ ਹੈ, ਜੋ ਵਿਸ਼ਵ ਵਿਚ ਸ਼ਾਂਤੀ ਫੈਲਾ ਸਕਣ।

# Sir Speedy Tustin
Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar

# Frugal Logistics Inc.

FRUGAL Dedicated To Quality Service FL LOGISTICS



ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ

ਡਰਾਈਵਰ : 45 ਸੈਂਟ ਤੋਂ 52 ਸੈਂਟ ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ + ਪਰਫਾਰਮੈਂਸ ਬੋਨਸ ਲਵੋ

ਓਨਰ ਅਪਰੇਟਰ ਸੋਲੋ ਅਤੇ ਟੀਮ : 30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ ਦੇ ਹਿਸਾਬ ਨਾਲ ਲਵੋ

ਮਾਹਰ ਅਤੇ ਤਜਰਬੇਕਾਰ ਡਰਾਈਵਰ

**1000* ਡਾਲਰ ਬੋਨਸ**

ਲੈਣ ਲਈ Sign In ਕਰੋ

*ਵਧੇਰੇ ਜਾਣਕਾਰੀ ਲਈ ਕਾਲ ਕਰੋ

ਫੋਨ : 209-827-6700 ਫੈਕਸ : 209-826-6855

Email: dispatch@frugallogistics.com



Raja™ SWEETS & CATERING®
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING Presents

PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM